Under Print
Not for Legal/Official use

**PUNJAB VIDHAN SABHA**

Thursday, the 27nd February, 2020

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.

-------

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ**: ਸਪੀਕਰ ਸਾਹਿਬ.......

**ਮਾਨਯੋਗ ਸਪੀਕਰ:** ਢਿੱਲੋਂ ਜੀ, ਪ੍ਰਸ਼ਨ ਕਾਲ ਕਰ ਲਈਏ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇੱਕ ਮਿੰਟ ਬੇਨਤੀ ਹੈ ਜੀ। ਸਾਰਿਆਂ ਦਾ ਮਸਲਾ ਹੈ, ਬੜਾ ਜ਼ਰੂਰੀ ਮਸਲਾ ਹੈ। (ਵਿਘਨ..ਸ਼ੋਰ) ਸਰ, ਇੱਕੋ ਮਸਲਾ ਹੈ, ਸਭ ਦੇ ਹੱਕ ਦਾ ਮਸਲਾ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਰਾਬ ਨਾ ਕਰੀਏ, ਤੁਸੀਂ ਬਾਅਦ ਵਿੱਚ ਗੱਲ ਕਰ ਲੈਣਾ।(ਵਿਘਨ..ਸ਼ੋਰ) ਢਿੱਲੋਂ ਜੀ, ਤੁਸੀਂ ਕੀ ਕਹਿੰਦੇ ਹੋ, ਦੱਸੋ? ਇੱਕ ਸੈਕਿੰਡ, ਇੱਕ ਸੈਕਿੰਡ।(ਤਕਨੀਕੀ ਸਿੱਖਿਆ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਵਿਘਨ) ਜੇ ਸਮਾਂ ਖਰਾਬ ਕਰਦੇ ਹਨ ਤਾਂ ਆਪਣਾ ਟਾਈਮ ਖਰਾਬ ਕਰਦੇ ਹਨ। ਪ੍ਰਸ਼ਨ ਕਾਲ ਆਪੋਜ਼ੀਸ਼ਨ ਦਾ ਟਾਈਮ ਹੁੰਦਾ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਅਸੀਂ ਜਿਸ ਮੌਕੇ.....

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਇਹ ਬਾਅਦ ਦੇ ਵਿੱਚ ਗੱਲ ਕਰ ਲੈਣ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਇਹ ਦਸਤੂਰ ਤੋਂ ਖਿਲਾਫ ਹੈ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਕੁਐਸਚਨ ਆਵਰ ਦੇ ਵਿੱਚ ਕੋਈ ਪ੍ਰਥਾ ਨਹੀਂ ਹੈ।

**ਮਾਨਯੋਗ ਸਪੀਕਰ :** ਢਿੱਲੋਂ ਜੀ, ਢਿੱਲੋਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਮੈਨੂੰ ਗੱਲ ਕਰ ਲੈਣ ਦਿਉ ਜੀ।

**ਮਾਨਯੋਗ ਸਪੀਕਰ:** ਢਿੱਲੋਂ ਜੀ, ਕੁਐਸਚਨ ਆਵਰ ਨੂੰ ਕਿੰਨਾ-ਕੁ ਟਾਈਮ ਲੱਗਦਾ ਹੈ? ਤੁਸੀਂ ਇੱਕ ਘੰਟੇ ਤੋਂ ਬਾਅਦ ਗੱਲ ਕਰ ਲੈਣਾ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ): ਸਪੀਕਰ ਸਾਹਿਬ......

Under Print
Not for Legal/Official use

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਇੱਕ ਮਿੰਟ ਜੀ, ਇੱਕ ਮਿੰਟ।

**ਮਾਨਯੋਗ ਸਪੀਕਰ:** ਇੰਨੇ ਵਿੱਚ ਤਾਂ ਗੱਲ ਹੋ ਜਾਣੀ ਸੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਮੈਨੂੰ ਗੱਲ ਕਰ ਲੈਣ ਦਿਉ ਜੀ। (ਵਿਘਨ..ਸ਼ੋਰ) ਮੈਨੂੰ ਗੱਲ ਤਾਂ ਕਰ ਲੈਣ ਦਿਉ।

**ਮਾਨਯੋਗ ਸਪੀਕਰ :** ਚੰਨੀ ਜੀ, ਇਹ ਆਪਣਾ ਟਾਈਮ ਖਰਾਬ ਕਰਦੇ ਹਨ, ਇਹ ਆਪਣਾ ਟਾਈਮ ਖਰਾਬ ਕਰਦੇ ਹਨ।

(ਇਸ ਸਮੇਂ ਸੰਸਦੀ ਮਾਮਲੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।) (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਬੈਠ ਜਾਓ, ਬੈਠ ਜਾਓ। ਹਾਂ ਜੀ, ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇਹ ਨਵੀਂ ਪ੍ਰਥਾ ਕਦੋਂ ਤੋਂ ਸ਼ੁਰੂ ਹੋ ਗਈ ਕਿ ਕੁਐਸਚਨ ਆਵਰ ਨੂੰ ਜ਼ੀਰੋ ਆਵਰ ਵਿੱਚ ਬਦਲ ਰਹੇ ਹਨ।

**ਮਾਨਯੋਗ ਸਪੀਕਰ :** ਠੀਕ ਹੈ ਜੀ, ਠੀਕ ਹੈ। You are right.

**ਸੰਸਦੀ ਮਾਮਲੇ ਮੰਤਰੀ :** ਇਸ ਗੱਲ ਨੂੰ ਥੋੜ੍ਹਾ ਜਿਹਾ ਚੇਂਜ ਕਰਵਾਓ ਜੀ।

**Mr. Speaker:** You are right, you are right. ਸਭ ਤੋਂ ਪਹਿਲਾਂ ਮੁਲਤਵੀ ਕੀਤਾ ਗਿਆ ਪ੍ਰਸ਼ਨ ਲਿਆ ਜਾਵੇਗਾ, ਜਿਹੜਾ ਕੱਲ੍ਹ ਮੁਲਤਵੀ ਕੀਤਾ ਸੀ। ਹਾਂ ਜੀ, ਰਣਦੀਪ ਸਿੰਘ ਨਾਭਾ। (ਵਿਘਨ..ਸ਼ੋਰ) ਠਹਿਰ ਜਾਓ.....ਠਹਿਰ ਜਾਓ, ਜ਼ਰਾ ਠਹਿਰ ਜਾਓ। ਨਵੀਂ ਪ੍ਰਥਾ ਨਾ ਪਾਓ...ਨਵੀਂ ਪ੍ਰਥਾ ਨਾ ਪਾਓ। ਮੇਰੀ ਰਿਕੁਐਸਟ ਮੰਨ ਲਓ। ਮੇਰੀ ਰਿਕੁਐਸਟ ਹੈ... ਮੇਰੀ ਰਿਕੁਐਸਟ ਹੈ, ਪਲੀਜ਼ ਮੰਨ ਲਵੋ। (ਵਿਘਨ..ਸ਼ੋਰ) ਪਲੀਜ਼, ਮੇਰੀ ਰਿਕੁਐਸਟ ਮੰਨ ਲਓ, ਰਿਕੁਐਸਟ ਹੈ।

**ਮਾਨਯੋਗ ਸਪੀਕਰ:** ਠਹਿਰ ਜਾਓ, ਠਹਿਰ ਜਾਓ, ਜ਼ਰਾ ਠਹਿਰ ਜਾਓ, ਨਵੀਂ ਪ੍ਰਥਾ ਨਾ ਪਾਓ, ਨਵੀਂ ਪ੍ਰਥਾ ਨਾ ਪਾਓ, ਮੇਰੀ ਰਿਕੁਐਸਟ ਮੰਨ ਲਓ। ਮੇਰੀ ਰਿਕੁਐਸਟ ਹੈ, ਮੇਰੀ ਰਿਕੁਐਸਟ ਹੈ, ਪਲੀਜ਼ ਮੰਨ ਲਵੋ। ਪਲੀਜ਼ ਮੇਰੀ ਰਿਕੁਐਸਟ ਮੰਨ ਲਓ, ਰਿਕੁਐਸਟ ਹੈ।

## POSTPONED STARRED QUESTION AND ANSWER

### ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣ ਦੀ ਮੌਜੂਦਾ ਸਥਿਤੀ

*2749. **ਸਰਦਾਰ ਰਣਦੀਪ ਸਿੰਘ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਜੁਲਾਈ 2018 ਵਿਚ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣ ਦੀ ਘੋਸ਼ਣਾ ਕੀਤੀ ਗਈ ਸੀ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ;

Under Print
Not for Legal/Official use

(ਅ) ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਕਦੋਂ ਤੱਕ ਤਿਆਰ ਹੋ ਜਾਵੇਗਾ?

**ਸ਼੍ਰੀ ਸੁੰਦਰ ਸ਼ਾਮ ਅਰੋੜਾ:** (ੳ) ਹਾਂ ਜੀ, ਇਹ ਠੀਕ ਹੈ ਕਿ ਮੰਡੀ ਗੋਬਿੰਦਗੜ੍ਹ ਵਿਖੇ ਜੁਲਾਈ 2018 ਵਿਚ ਸਟੀਲ ਚੈਂਬਰ ਬਣਾਉਣ ਲਈ ਘੋਸ਼ਣਾ ਕੀਤੀ ਗਈ ਸੀ, ਇਸ ਸਬੰਧੀ ਗੋਬਿੰਦਗੜ੍ਹ ਸਟੀਲ ਚੈਂਬਰ ਆਫ ਕਮਰਸ ਅਤੇ ਇੰਡਸਟਰੀ ਵੱਲੋਂ ਆਪਣੀ ਤਜਵੀਜ਼ ਪੇਸ਼ ਕੀਤੀ ਜਾਣੀ ਸੀ ਪ੍ਰੰਤੂ ਅਜੇ ਤੱਕ ਸਬੰਧਿਤ ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਕੋਈ ਤਜਵੀਜ਼ ਨਹੀਂ ਭੇਜੀ ਗਈ। ਤਜਵੀਜ਼ ਪ੍ਰਾਪਤ ਹੋਣ ਤੇ ਰੂਲਾਂ ਅਨੁਸਾਰ ਵਿਚਾਰ ਲਿਆ ਜਾਵੇਗਾ।

(ਅ) ਸਰਕਾਰ ਨੂੰ ਇਸ ਸਬੰਧੀ ਕੋਈ ਤਜਵੀਜ਼ ਪ੍ਰਾਪਤ ਨਾ ਹੋਣ ਕਾਰਨ ਇਸ ਸਬੰਧੀ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ।

ਸਰ, ਮੈਂ ਕੱਲ੍ਹ ਵੀ ਹਾਊਸ ਦੇ ਵਿੱਚ ਇਹ ਗੱਲ ਕਹੀ ਸੀ ਕਿ ਸਾਨੂੰ ਉੱਥੋਂ ਦੀ ਇੰਡਸਟਰੀ ਵੱਲੋਂ ਲੈਟਰ ਪ੍ਰਾਪਤ ਨਹੀਂ ਹੋਈ ਸੀ। ਹੁਣ ਨਵੀਂ ਪਰਪੋਜ਼ਲ, ਜਿਹੜੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਵੀ ਦੱਸੀ ਸੀ ਕਿ ਉਨ੍ਹਾਂ ਨੇ ਸਾਡੇ ਕੋਲੋਂ ਡੀ.ਐਸ.ਆਈ. ਬਿਲਡਿੰਗ ਦੀ first floor ਮੰਗੀ ਸੀ, ਜੋ ਕਿ ਕੱਲ੍ਹ ਆਪਾਂ ਅਨਾਊਂਸ ਕਰ ਦਿੱਤੀ ਸੀ। ਉਨ੍ਹਾਂ ਦੀ ਲਿਖਤੀ ਲੈਟਰ ਵੀ ਆ ਗਈ ਹੈ। ਉਨ੍ਹਾਂ ਨੂੰ ਮੰਡੀ ਗੋਬਿੰਦਗੜ੍ਹ ਦੇ ਲਈ ਡੀ.ਐਸ.ਆਈ. ਬਿਲਡਿੰਗ ਦੀ first floor ਦੇ ਰਹੇ ਹਾਂ, ਜਿਹੜੀ ਇਨ੍ਹਾਂ ਨੇ ਮੰਗੀ ਸੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਪਹਿਲਾਂ ਤਾਂ ਤੁਹਾਡਾ ਧੰਨਵਾਦ ਕਿ ਤੁਸੀਂ ਇਹ ਮੌਕਾ ਦਿੱਤਾ ਹੈ ਕਿਉਂਕਿ ਜਿਹੜਾ ਮੈਂ ਸਵਾਲ ਕੱਲ੍ਹ ਪੁੱਛਿਆ ਸੀ, ਉਸ ਦਾ ਜਵਾਬ ਮੇਰੇ ਟੇਬਲ ਤੇ ਨਹੀਂ ਆਇਆ ਸੀ। ਦੂਜੀ ਗੱਲ, ਮੈਂ ਤੁਹਾਡੇ ਮਾਧਿਅਮ ਜ਼ਰੀਏ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਡੀ.ਐਸ.ਆਈ (ਡਿਸਟ੍ਰਿਕਟ ਸਟੀਲ ਇੰਡਸਟਰੀ) ਬਿਲਡਿੰਗ ਦੀ ਪਹਿਲੀ ਮੰਜ਼ਿਲ ਦਾ ਜ਼ਿਕਰ ਕੀਤਾ ਹੈ। ਮੇਰਾ ਸਵਾਲ ਸਪੈਸੀਫਿਕਲੀ ਇਸ ਸਟੀਲ ਚੈਂਬਰ ਲਈ ਸੀ। ਮੇਰੇ ਕੋਲ ਬਕਾਇਦਾ ਇਹ ਪ੍ਰੈੱਸ ਕਟਿੰਗਜ਼ ਹਨ, ਮੈਂ ਓਨ ਦਿ ਫਲੋਰ ਆਫ ਦਿ ਹਾਊਸ ਰੱਖ ਦਿੰਦਾ ਹਾਂ ਕਿ 15 ਕਰੋੜ ਰੁਪਿਆ ਸਟੀਲ ਚੈਂਬਰ ਵਾਲਿਆਂ ਨੇ ਮੰਗਿਆ ਸੀ। ਮੈਂ ਚਾਹਾਂਗਾ ਕਿ ਤੁਹਾਡੇ ਮਾਧਿਅਮ ਦੇ ਜ਼ਰੀਏ ਐਫ.ਐਮ. ਸਾਹਿਬ ਦੀ ਇੰਟਰਵੈਨਸ਼ਨ ਹੋਵੇ ਕਿਉਂਕਿ ਚਿੱਠੀ ਬਕਾਇਦਾ ਮੁੱਖ ਮੰਤਰੀ ਸਾਹਿਬ ਨੂੰ ਭੇਜੀ ਸੀ ਪਰ ਮਨਿਸਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਮੈਨੂੰ ਸਟੀਲ ਚੈਂਬਰ ਵੱਲੋਂ ਕੋਈ ਚਿੱਠੀ ਪ੍ਰਾਪਤ ਨਹੀਂ ਹੋਈ ਸੀ, ਪਰਪੋਜ਼ਲ ਪ੍ਰਾਪਤ ਨਹੀਂ ਹੋਈ ਸੀ। ਉਹ ਚਿੱਠੀ ਵੀ ਮੇਰੇ ਕੋਲ ਹੈ, ਜਿਹੜੀ ਦਸੰਬਰ 2018 ਵਿੱਚ ਇਨ੍ਹਾਂ ਨੂੰ ਦਿੱਤੀ ਗਈ ਸੀ, ਉਸ ਦੀ ਕਾਪੀ ਵੀ ਮੈਂ ਟੇਬਲ ਤੇ ਪਲੇਸ ਕਰ ਦਿੰਦਾ ਹਾਂ, ਸੀ.ਐਮ. ਸਾਹਿਬ ਨੂੰ ਵੀ ਇਹ ਫਾਰਵਰਡ ਕੀਤੀ ਗਈ ਸੀ। ਅਰੋੜਾ ਜੀ ਆਪਣੇ ਵੱਲੋਂ ਬਤੌਰ ਸਾਡੇ ਇੰਡਸਟਰੀ ਮਨਿਸਟਰ ਪਹਿਲੀ ਵਾਰ ਉੱਥੇ ਪਹੁੰਚੇ ਸੀ....

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ।

**ਸਰਦਾਰ ਰਣਦੀਪ ਸਿੰਘ :** ਸਰ, ਅਸੀਂ ਇਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਹੈ।

Under Print
Not for Legal/Official use

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਰਣਦੀਪ ਸਿੰਘ :** ਉਨ੍ਹਾਂ ਇੰਡਸਟਰੀ ਵਾਲਿਆਂ ਨੇ 15 ਕਰੋੜ ਮੰਗਿਆ ਸੀ, ਇਨ੍ਹਾਂ ਨੇ ਕਿਹਾ ਸੀ ਕਿ ਅਸੀਂ 25 ਕਰੋੜ ਤੱਕ ਦੇਵਾਂਗੇ। ਇਨ੍ਹਾਂ ਨੇ ਹੁਣ ਬਕਾਇਦਾ ਪਹਿਲੀ ਫਲੋਰ all of ਕਰਨ ਦਾ ਐਲਾਨ ਕੀਤਾ ਹੈ। ਮੈਂ ਤੁਹਾਡੇ ਮਾਧਿਅਮ ਜ਼ਰੀਏ ਚਾਹਾਂਗਾ ਕਿ ਘੱਟੋ-ਘੱਟ ਐਫ.ਐਮ. ਸਾਹਿਬ ਇਸ ਵਿੱਚ ਇੰਟਰਵੈਨਸ਼ਨ ਕਰਨ ਤਾਂ ਕਿ ਅਨਾਊਂਸਮੈਂਟ ਹੋ ਸਕੇ, ਜਿਹੜਾ DSI ਬਿਲਡਿੰਗ ਦੀ first floor ਦੇ ਰਹੇ ਹਨ ਕਿਉਂਕਿ ਉਸਦੀ ਉਸਾਰੀ ਹੋਣ ਵਾਲੀ ਹੈ, ਕਾਫੀ ਕੰਮ ਹੋਣ ਵਾਲਾ ਹੈ। ਐਫ.ਐਮ. ਸਾਹਿਬ ਉਸ ਲਈ ਜਿੰਨੀ-ਕੁ ਰਾਸ਼ੀ ਦੇ ਸਕਦੇ ਹਨ, ਘੱਟੋ-ਘੱਟ ਉਸਾਰੀ ਕਰ ਸਕੀਏ ਔਰ ਉੱਥੇ ਸਟੀਲ ਚੈਂਬਰ ਬਣਾ ਸਕੀਏ। ਸਪੀਕਰ ਸਾਹਿਬ, ਦੂਜੀ ਗੱਲ, ਮੈਂ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਕਾਇਦਾ ਜ਼ਿਕਰ ਕੀਤਾ ਹੈ ਕਿ ਮੈਨੂੰ ਕੋਈ ਚਿੱਠੀ ਪ੍ਰਾਪਤ ਨਹੀਂ ਹੋਈ ਸੀ, ਇਹ ਲਫਜ਼ ਐਕਸਪੰਜ ਕੀਤੇ ਜਾਣ ਕਿਉਂਕਿ ਇਨ੍ਹਾਂ ਨੂੰ ਚਿੱਠੀ 2018 ਵਿੱਚ ਦਿੱਤੀ ਗਈ ਸੀ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਜੇਕਰ ਤੁਸੀਂ ਇਜਾਜ਼ਤ ਦਿਓ ਤਾਂ...

**Mr. Speaker:** You want to intervene? ok ji.

**ਸਰਦਾਰ ਰਣਦੀਪ ਸਿੰਘ ਨਾਭਾ:** ਸਰ, ਇਨ੍ਹਾਂ ਨੂੰ ਮੈਂ ਹੀ ਰਿਕੁਐਸਟ ਕੀਤੀ ਹੈ ਜੀ ਕਿਉਂਕਿ ਚਿੱਠੀ ਵੀ ਇਨ੍ਹਾਂ ਵੱਲੋਂ ਆਈ ਸੀ।

**ਮਾਨਯੋਗ ਸਪੀਕਰ :** ਚਲੋ, ਠੀਕ ਹੈ ਜੀ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਭਰੋਸਾ, ਵਿਸ਼ਵਾਸ, ਇਤਬਾਰ ਅਤੇ ਤਸੱਲੀ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣਾ ਹੈ, ਇਸ ਸਮੇਂ ਫਾਈਨਾਂਸ਼ੀਅਲ ਯੀਅਰ ਵਿੱਚ ਜਿਹੜੇ ਮੁਨਾਸਿਬ ਫੰਡਜ਼ ਦੀ ਇਨ੍ਹਾਂ ਨੂੰ ਰਿਕੁਆਇਰਮੈਂਟ ਹੈ, ਉਹ 31 ਮਾਰਚ ਤੋਂ ਪਹਿਲਾਂ-ਪਹਿਲਾਂ ਰਿਲੀਜ਼ ਕਰ ਦਿੱਤੇ ਜਾਣਗੇ।

**ਮਾਨਯੋਗ ਸਪੀਕਰ :** ਨਾਭਾ ਜੀ, ਧੰਨਵਾਦ ਤਾਂ ਕਰ ਦਿਓ।

**ਸਰਦਾਰ ਰਣਦੀਪ ਸਿੰਘ :** ਸਰ, ਉਹੀ ਕਰ ਰਿਹਾ ਹਾਂ ਜੀ। ਧੰਨਵਾਦ ਕਰਨ ਲੱਗਿਆ ਹਾਂ ਪਰ ਮੇਰੀ ਤੁਹਾਡੇ ਜ਼ਰੀਏ ਐਫ.ਐਮ. ਸਾਹਿਬ ਨੂੰ ਰਿਕੁਐਸਟ ਹੈ ਕਿ Sir, you grant us specifically 1.5 crores-2.0 crores ਤਾਂ ਕਿ ਅਸੀਂ ਉਸ ਨੂੰ ਘੱਟੋ-ਘੱਟ ਰਿਪੇਅਰ ਕਰਕੇ ਮੁਕੰਮਲ ਕਰ ਸਕੀਏ। ਮੈਂ ਸ਼ੁਕਰਗੁਜ਼ਾਰ ਹਾਂ ਕਿ ਇਨ੍ਹਾਂ ਨੇ ਵਿਸ਼ਵਾਸ ਦਿੱਤਾ ਹੈ।

**ਵਿੱਤ ਮੰਤਰੀ :** ਇਹ ਮਿਲ ਜਾਣਗੇ ਜੀ, ਜੋ ਇਨ੍ਹਾਂ ਨੇ ਹੁਕਮ ਕੀਤਾ ਹੈ, ਉਹ ਮਿਲ ਜਾਣਗੇ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਸਰ, ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ :** ਅੱਜ ਕਿਆ ਗੱਲ ਹੈ, ਅੱਜ ਕਿਆ ਗੱਲ ਹੈ।(ਹਾਸਾ)

Under Print
Not for Legal/Official use

**ਸ਼੍ਰੀ ਅਮਨ ਅਰੋੜਾ:** ਸਰ, ਜਦੋਂ ਮੈਂ ਇੱਥੋਂ ਕੱਲ੍ਹ ਨਿਕਲ ਰਿਹਾ ਸੀ ਤਾਂ ਮੈਨੂੰ ਕਾਂਗਰਸ ਦੇ ਕੁਝ ਸਤਿਕਾਰਯੋਗ ਮੰਤਰੀ ਸਾਹਿਬਾਨ ਅਤੇ ਐਮ.ਐਲ.ਏ. ਸਾਹਿਬਾਨ ਮਿਲੇ, ਮੈਂ ਉਨ੍ਹਾਂ ਨੂੰ ਕਿਹਾ ਕਿ ਸੀ.ਐਮ. ਸਾਹਿਬ ਨੂੰ ਕਹੋ ਕਿ ਉਹ ਕਰੋਨਾ ਵਾਇਰਸ ਵਰਗੇ ਬਹਾਨੇ ਕਿਉਂ ਲਗਾਉਂਦੇ ਹਨ? ਉਹ ਕਹਿਣ ਲੱਗੇ ਕਿ ਸਾਡੀ ਸਰਕਾਰ ਵਿੱਚ ਕਰੋ-ਨਾ-ਵਾਇਰਸ ਤਿੰਨ ਸਾਲ ਦਾ ਆਇਆ ਹੋਇਆ ਹੈ (ਹਾਸਾ) ਇਸ ਕਰਕੇ ਇਹ ਸਭ ਬੱਚਤ ਵਾਸਤੇ ਕੀਤਾ ਹੈ।

**ਮਾਨਯੋਗ ਸਪੀਕਰ:** ਬੋਲੋ ਜੀ, ਅੱਛਾ ਬੋਲੋ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਬੇਨਤੀ ਇੰਨੀ ਹੈ ਕਿ ਮੇਰਾ ਸਵਾਲ ਪਾਰਲੀਮੈਂਟਰੀ ਪ੍ਰੋਸੀਡਿੰਗਜ਼ ਦੇ ਨਾਲ ਰਿਲੇਟਿਡ ਹੈ। ਜਿਹੜਾ ਆਂਸਰ ਟੇਬਲ ਤੇ ਲੇਅ ਹੋਇਆ ਸੀ ਅਤੇ ਜਿਹੜੀ ਮੈਂ ਗੱਲ ਕੀਤੀ ਸੀ ਕਿ ਮੇਰਾ ਕੱਲ੍ਹ ਸੱਤ ਪੁਆਇੰਟਸ ਦਾ ਸਵਾਲ ਸੀ ਪਰੰਤੂ ਮੈਨੂੰ ਸਿਰਫ ਤਿੰਨ ਪੁਆਇੰਟਸ ਦਾ ਹੀ ਜਵਾਬ ਆਇਆ ਹੈ, ਚਾਰ ਪੁਆਇੰਟਸ ਦਾ ਜਵਾਬ ਆਇਆ ਹੀ ਨਹੀਂ। I am not accusing anybody ਮੇਰੀ ਤੁਹਾਡੇ ਜ਼ਰੀਏ ਇੰਨੀ ਬੇਨਤੀ ਹੈ ਕਿ ਅਜਿਹਾ ਨਹੀਂ ਹੋਣਾ ਚਾਹੀਦਾ because this amounts to Privilege and, therefore. please ਇਸ ਦਾ ਜਵਾਬ ensure ਕਰ ਦਿਓ ਜੀ।

**Mr. Speaker:** We will look into it. Thank you.

**Sh. Aman Arora:** Right sir, thank you.

**ਮਾਨਯੋਗ ਸਪੀਕਰ:** ਅਗਲਾ ਸਵਾਲ, ਸ਼੍ਰੀ ਹਰਮਿੰਦਰ ਸਿੰਘ ਗਿੱਲ। Absent.

--------

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ: 2391

( ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ (ਰਾਣਾ ਗੁਰਮੀਤ ਸਿੰਘ ਸੋਢੀ):** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਮੈਂ ਪਿਛਲੇ ਕਈ ਦਿਨਾਂ ਤੋਂ ਨੋਟ ਕਰ ਰਿਹਾ ਹਾਂ ਕਿ ਸਵਾਲ ਲੱਗ ਜਾਂਦੇ ਹਨ ਪਰ ਮੈਂਬਰ ਸਾਹਿਬਾਨ ਆਉਂਦੇ ਨਹੀਂ ਹਨ ਜਦਕਿ ਅਸੀਂ ਸਵਾਲਾਂ ਦੇ ਜਵਾਬ ਅਲੱਗ-ਅਲੱਗ ਥਾਵਾਂ ਤੋਂ ਇਕੱਤਰ ਕਰਕੇ ਤਿਆਰ ਕਰਦੇ ਹਾਂ। ਸਪੀਕਰ ਸਾਹਿਬ, ਤੁਸੀਂ ਇਸ ਦਾ ਕੋਈ ਐਕਸ਼ਨ ਲਓ ਜੀ। ਸਿੱਧਾ ਸਵਾਲ ਕਰ ਲਿਆ ਜਾਂਦਾ ਹੈ, ਇੱਥੇ ਆਓ ਚਾਹੇ ਨਾ ਆਓ। What is this happening?

**ਮਾਨਯੋਗ ਸਪੀਕਰ :** ਠੀਕ ਹੈ, thank you, thank you.

Under Print
Not for Legal/Official use

**ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ :** ਸਰ, ਗੱਲ ਸੁਣੋ ਜੀ। ਦੂਜੀ ਗੱਲ ਇਹ ਹੈ ਕਿ is it allowed that anyone can come and sit in the House while hiding his identity? (ਸ਼੍ਰੀ ਅਮਨ ਅਰੋੜਾ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਹਾਊਸ ਵਿੱਚ ਬੈਠੋ and you hide your identity. ਇਨ੍ਹਾਂ ਦੇ ਮਾਸਕ ਲਗਾਓ, ਸਾਨੂੰ ਪਤਾ ਨਹੀਂ ਲੱਗ ਰਿਹਾ ਹੈ ਕਿ ਕੌਣ ਬੈਠਾ ਹੈ ਅਤੇ ਕੌਣ ਨਹੀਂ ਬੈਠਾ ਹੈ? (ਹਾਸਾ) You cannot hide your identity when you are entering the Assembly or Parliament...(ਹਾਸਾ)

**Mr. Speaker:** It is a case of 50:50 (ਹਾਸਾ) 50% ਨੇ ਢੱਕਿਆ ਹੈ ਅਤੇ 50% ਨੇ ਨਹੀਂ ਢਕਿਆ ਹੋਇਆ। (ਹਾਸਾ)

**ਸ਼੍ਰੀ ਅਮਨ ਅਰੋੜਾ:** ਸਰ, (ਵਿਘਨ, ਸ਼ੋਰ)

**Mr. Speaker :** Thank you, thank you.

**ਮੰਤਰੀ:** ਸਰ, ਜੇਕਰ ਇਹ ਠੀਕ ਨਹੀਂ ਹਨ ਤਾਂ ਇਨ੍ਹਾਂ ਨੂੰ hospitalize ਕਰੋ। (ਹਾਸਾ) ਇਹ ਸਾਨੂੰ ਤਾਂ ਨਾ ਆਪਣੇ ਨਾਲ ਬਿਮਾਰ ਕਰਨ।

**Mr. Speaker :** Thank you, thank you.

--------

### ਘਨੌਰ ਵਿਖੇ ਆਈ.ਟੀ.ਆਈ. ਖੋਲ੍ਹਣ ਲਈ ਫੰਡਜ਼ ਮੁਹੱਈਆ ਕਰਵਾਉਣਾ

***2525. ਠੇਕੇਦਾਰ ਮਦਨ ਲਾਲ ਜਲਾਲਪੁਰ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘਨੌਰ ਵਿਖੇ ਆਈ.ਟੀ.ਆਈ. ਖੋਲ੍ਹਣ ਲਈ ਸਾਲ 2020-21 ਦੌਰਾਨ ਫੰਡਜ਼ ਦਾ ਪ੍ਰਬੰਧ ਕਰਨਾ ਦਾ ਵਿਚਾਰ ਰੱਖਦੀ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:** ਹਾਂ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ 'ਹਾਂ'ਵਿੱਚ ਦਿੱਤਾ ਹੈ। ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਅਤੇ ਤਕਨੀਕੀ ਸਿੱਖਿਆ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਘਨੌਰ ਹਲਕੇ ਵਿੱਚ ਆਈ.ਟੀ.ਆਈ. ਖੋਲ੍ਹਣ ਦਾ ਭਰੋਸਾ ਦਿੱਤਾ ਕਿਉਂਕਿ ਸਾਡਾ ਹਲਕਾ ਘਨੌਰ ਪੱਛੜਿਆ ਹੋਇਆ ਹਲਕਾ ਸੀ, ਜਿਸ ਵਿੱਚ ਤਕਰੀਬਨ 100-150 ਪਿੰਡ ਹਨ। ਅੱਜ ਫੈਕਟਰੀਆਂ ਜ਼ਰੂਰ ਲੱਗ ਗਈਆਂ ਹਨ ਪਰ ਬੱਚਿਆਂ ਨੂੰ ਆਈ.ਟੀ.ਆਈ ਕਰਨ ਵਾਸਤੇ ਦੂਰ ਜਾਣਾ ਪੈਂਦਾ ਸੀ, ਇਸ ਕਰਕੇ ਬੜੀ ਦਿੱਕਤ ਸੀ ਪਰ ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਈ.ਟੀ.ਆਈ. ਬਣਨ ਦਾ ਕੰਮ ਕਦੋਂ ਸ਼ਰੂ ਹੋ ਜਾਵੇਗਾ ਅਤੇ ਇਸ ਵਿੱਚ ਕਲਾਸਾਂ ਕਦੋਂ ਤੱਕ ਸ਼ੁਰੂ ਹੋ ਜਾਣਗੀਆਂ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਦੀ ਅਪਰੂਵਲ ਦੇ ਨਾਲ 19 ਨਵੀਆਂ ਆਈ.ਟੀ.ਆਈਜ਼ ਅਤੇ ਕਾਲਜ ਖੋਲ੍ਹ ਰਹੇ ਹਾਂ, ਜਿਸ ਵਿੱਚੋਂ ਅੰਮ੍ਰਿਤਸਰ ਦੇ ਰਾਮ ਤੀਰਥ ਵਿੱਚ, ਬਠਿੰਡਾ ਦੇ ਮਹਿਰਾਜ ਵਿੱਚ, ਫਤਹਿਗੜ੍ਹ ਸਾਹਿਬ ਦੇ ਅਮਲੋਹ ਅਤੇ ਖੇੜਾ ਬਲਾਕ ਵਿੱਚ, ਫਿਰੋਜ਼ਪੁਰ ਦੇ ਵਿੱਚ ਮਮਦੋਟ, ਗੁਰਦਾਸਪੁਰ ਦੇ ਹਰਗੋਬਿੰਦਪੁਰ ਸਾਹਿਬ ਅਤੇ ਦੀਨਾਨਗਰ ਵਿਖੇ, ਜਲੰਧਰ ਦੇ ਵਿੱਚ ਲੋਹੀਆਂ, ਲੁਧਿਆਣਾ ਦੇ ਵਿੱਚ ਰਾਏਕੋਟ ਅਤੇ ਲਾਡੋਵਾਲ, ਮਾਨਸਾ ਦੇ ਵਿੱਚ ਭੀਖੀ, ਨਵਾਂਸ਼ਹਿਰ ਦੇ ਵਿੱਚ ਬਲਾਚੌਰ, ਪਟਿਆਲਾ ਦੇ ਵਿੱਚ ਘਨੌਰ ਅਤੇ ਪਾਤੜਾਂ, ਰੂਪਨਗਰ ਦੇ ਮੋਰਿੰਡਾ ਬਲਾਕ ਵਿੱਚ ਚਮਕੌਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿੱਚ, ਸਪੀਕਰ ਸਾਹਿਬ ਇਹ ਤੁਹਾਡਾ ਹਲਕਾ ਹੈ ਇਸ ਲਈ ਆਪ ਜੀ ਨੂੰ ਮੁਬਾਰਕਬਾਦ ਵੀ ਦੇਣੀ ਚਾਹੁੰਦਾ ਹਾਂ।

**Mr. Speaker:** Thank you, thank you, thank you.

**ਮੰਤਰੀ:** ਮੋਹਾਲੀ ਦੇ ਖਰੜ ਬਲਾਕ ਵਿੱਚ ਅਤੇ ਤਰਨਤਾਰਨ ਦੇ ਗੋਇੰਦਵਾਲ ਸਾਹਿਬ ਵਿੱਚ ਇਹ 19 ਨਵੀਆਂ ਆਈ.ਟੀ.ਆਈਜ਼ ਖੁੱਲ੍ਹ ਰਹੀਆਂ ਹਨ। ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ (ਸ਼੍ਰੀ ਮਦਨ ਲਾਲ ਠੇਕੇਦਾਰ ਵੱਲ ਇਸ਼ਾਰਾ ਕਰਦੇ ਹੋਏ) ਅਤੇ ਮੈਂ, ਅਸੀਂ ਦੋਵੇਂ ਜਣੇ ਪਹਿਲੀ ਵਾਰ ਆਜ਼ਾਦ ਜਿੱਤ ਕੇ ਆਏ ਸੀ। ਸਾਡਾ ਬੈਂਚ ਵੀ ਇਕੱਠਾ ਸੀ। ਅਸੀਂ ਦੋਵੇਂ bench fellow ਹਾਂ। ਇਕੱਠੇ ਬੈਠਦੇ ਰਹੇ ਹਾਂ। ਅਸੀਂ 13 ਸਾਲ ਤੋਂ ਪਹਿਲੇ ਦਿਨ ਤੋਂ ਹੀ ਇਕੱਠੇ ਹਾਂ। ਸਰ, ਪੰਜਾਬ ਸਰਕਾਰ ਨੇ, ਮੁੱਖ ਮੰਤਰੀ ਜੀ ਨੇ 142.17 ਕਰੋੜ ਰੁਪਿਆ ਰੱਖਿਆ ਹੈ ਜਿਸ ਨਾਲ 19 ਨਵੀਆਂ ਆਈ.ਟੀ.ਆਈਜ਼ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਲਾਡੋਵਾਲ ਨੂੰ ਛੱਡ ਕੇ ਬਾਕੀ ਸਾਰੀਆਂ ਆਈ.ਟੀ.ਆਈਜ਼ ਵਾਸਤੇ ਐਮ.ਐਲ.ਏ. ਸਾਹਿਬਾਨ ਨੇ ਜਗ੍ਹਾ ਅਰੇਂਜ ਕਰਵਾ ਕੇ ਦੇ ਦਿੱਤੀ ਹੈ। ਇਨ੍ਹਾਂ ਥਾਵਾਂ ਤੇ ਅਸੀਂ ਇੱਕ ਸਾਲ ਦੇ ਅੰਦਰ ਅੰਦਰ ਬਿਲਡਿੰਗਾਂ ਬਣਾ ਕੇ, ਜਿਹੜਾ ਅਗਲੇ ਸਾਲ ਦਾ ਸੈਸ਼ਨ ਸ਼ੁਰੂ ਹੋਵੇਗਾ ਉਦੋਂ ਇਹ ਨਵੀਆਂ ਆਈ.ਟੀ.ਆਈਜ਼ ਸ਼ੁਰੂ ਕਰ ਦੇਵਾਂਗੇ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇੱਕ ਸਾਲ ਦੇ ਵਿੱਚ ਇਹ ਬਿਲਡਿੰਗ ਤਿਆਰ ਹੋ ਜਾਵੇਗੀ। ਸਰਵੇ ਹੋ ਚੁੱਕਾ ਹੈ, PWD ਨੂੰ ਕੰਮ ਦੇ ਦਿੱਤਾ ਗਿਆ ਹੈ। ਕੁਝ ਕੰਮ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਦਿੱਤਾ ਗਿਆ ਹੈ। ਇਹ ਸਾਰਾ ਕੰਮ ਇੱਕ ਸਾਲ ਦੇ ਵਿੱਚ ਹੀ ਨਿਸ਼ਚਿਤ ਕਰਵਾਵਾਂਗੇ। ਪੈਸੇ ਸਾਡੇ ਕੋਲ ਆ ਗਏ ਹਨ ਅਤੇ ਵੱਖਰੇ ਰੱਖ ਲਏ ਗਏ ਹਨ। ਇਸ ਵਿੱਚੋਂ ਸਾਡੇ ਟੈਕਨੀਕਲ ਐਜੂਕੇਸ਼ਨ ਬੋਰਡ ਅਤੇ ਯੂਨੀਵਰਸਿਟੀ ਵਿੱਚ ਵੀ ਪੈਸੇ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਜੀ ਨੇ ਪੰਜਾਬ ਵਿੱਚ ਇਹ ਬਹੁਤ ਵੱਡਾ ਕੰਮ ਕੀਤਾ ਹੈ ਕਿ 19 ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹੀਆਂ ਜਾ ਰਹੀਆਂ ਹਨ। ਇਸ ਗੱਲ ਦੇ ਲਈ ਮੈਂ ਮੈਂਬਰ ਸਾਹਿਬ ਨੂੰ ਵਧਾਈ ਦਿੰਦਾ ਹਾਂ।

Under Print
Not for Legal/Official use

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਪੈਸੇ ਵੱਖਰੇ ਰੱਖ ਲਏ ਗਏ ਹਨ ਅਤੇ ਕੰਮ ਸ਼ੁਰੂ ਕਰਨ ਜਾ ਰਹੇ ਹਾਂ, ਅਗਲੇ ਸਾਲ ਕਲਾਸਾਂ ਲੱਗ ਜਾਣਗੀਆਂ। ਇਹ ਬਹੁਤ ਵੱਡਾ ਉਪਰਾਲਾ ਹੈ। ਮੈਂ ਤੁਹਾਡੇ ਰਾਹੀਂ ਇੱਕ ਵਾਰ ਫਿਰ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜਿਨ੍ਹਾਂ ਨੇ ਆਪਣੀ ਬਹੁਤ ਉੱਚੀ ਅਤੇ ਵਧੀਆ ਸੋਚ ਲੈ ਕੇ ਬੱਚਿਆਂ ਵਾਸਤੇ ਇਹ ਕੰਮ ਕੀਤਾ ਹੈ।

**Mr. Speaker :** Thank you, thank you. thank you. ਹਾਂ ਜੀ, ਕੁਲਬੀਰ ਸਿੰਘ ਜ਼ੀਰਾ ਸਾਹਿਬ।

**ਸਰਦਾਰ ਕੁਲਬੀਰ ਸਿੰਘ:** ਮਾਈਕ ਤਾਂ ਚਲਾ ਦਿਓ ਜੀ।

**ਮਾਨਯੋਗ ਸਪੀਕਰ:** ਚੱਲ ਜਾਵੇਗਾ।ਹੱਥ ਕਿਉਂ ਐਵੇਂ ਘੁੰਮਾ ਰਹੇ ਹੋ।ਚੱਲ ਜਾਵੇਗਾ।

**ਸਰਦਾਰ ਕੁਲਬੀਰ ਸਿੰਘ:** ਮੈਂ ਕਿਹਾ ਜੀ, ਮਜੀਠੀਆ ਸਾਹਿਬ ਵਾਰੀ ਤਾਂ ਉਦੋਂ ਹੀ ਆਨ ਹੋ ਜਾਂਦਾ ਹੈ।ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਭ ਤੋਂ ਪਹਿਲਾਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਾਡੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਮਮਦੋਟ ਵਿਖੇ ਇੱਕ ਆਈ.ਟੀ.ਆਈ ਬਣਾ ਰਹੇ ਹੋ ਪਰ ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਹਲਕਾ ਜ਼ੀਰਾ ਹੈ ਉਸ ਵਿੱਚ ਮੱਖੂ ਬਹੁਤ ਹੀ ਪਛੜਿਆ ਹੋਇਆ ਇਲਾਕਾ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹੈ ਕਿ ਸਾਲ 2015 ਵਿੱਚ ਜਦੋਂ ਗਿੱਦੜਪਿੰਡੀ ਵਾਲਾ ਪੁਲ ਬਣਿਆ ਸੀ, ਉਦੋਂ ਬਾਦਲ ਸਾਹਿਬ ਉਸ ਦਾ ਨੀਂਹ ਪੱਥਰ ਰੱਖਣ ਗਏ ਸਨ।ਉਸ ਵੇਲੇ ਲਹਿਰਾ ਬੇਟ ਦੀ ਜ਼ਮੀਨ ਪੰਚਾਇਤ ਨੇ ਆਈ.ਟੀ.ਆਈ. ਬਣਾਉਣ ਵਾਸਤੇ ਜ਼ਮੀਨ ਦਿੱਤੀ ਸੀ। ਬਾਦਲ ਸਾਹਿਬ ਉੱਥੇ ਐਲਾਨ ਕਰਕੇ ਆਏ ਸਨ ਕਿ ਮੱਖੂ ਦੇ ਵਿੱਚ ਲਹਿਰਾ ਬੇਟ ਦੇ ਵਿੱਚ ਆਈ.ਟੀ.ਆਈ ਬਣਾਈ ਜਾਵੇਗੀ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਪਣੇ ਕਾਗਜ਼ਾਂ ਦੇ ਵਿੱਚ ਕੋਈ ਇਹੋ ਜਿਹੀ ਤਜਵੀਜ਼ ਹੈ? ਜੇਕਰ ਇਨ੍ਹਾਂ ਨਹੀਂ ਤਜਵੀਜ਼ ਰੱਖੀ ਤਾਂ ਆਪਣੀ ਸਰਕਾਰ ਅਜਿਹੀ ਤਜਵੀਜ਼ ਰੱਖ ਲਵੇ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ, ਵੱਖਰਾ ਸਵਾਲ ਬਣਦਾ ਹੈ। ਵੈਸੇ ਜੇ ਚੰਨੀ ਜੀ ਜਵਾਬ ਦੇਣਾ ਚਾਹੋ ਤਾਂ ਦੇ ਸਕਦੇ ਹੋ।

**ਮੰਤਰੀ:** ਮੈਂ ਜਵਾਬ ਦੇ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਦੇ ਦਿਓ।

**ਮੰਤਰੀ:** ਸਪੀਕਰ ਸਾਹਿਬ, ਸਾਡੇ 29 ਬਲਾਕ ਇਹੋ ਜਿਹੇ ਹਨ ਜਿਨ੍ਹਾਂ ਵਿੱਚ ਆਈ.ਟੀ.ਆਈਜ਼ ਨਹੀਂ ਹਨ। ਉਨ੍ਹਾਂ ਦੇ ਵਿੱਚ ਮੱਖੂ ਵੀ ਇੱਕ ਅਜਿਹਾ ਬਲਾਕ ਹੈ ਜਿੱਥੇ ਆਈ.ਟੀ.ਆਈ. ਨਹੀਂ ਹੈ।ਮੈਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਜੇਕਰ ਬਾਦਲ ਸਾਹਿਬ ਦੇ ਵਾਅਦਿਆਂ ਦੀ ਗੱਲ ਹੈ ਤਾਂ ਇਨ੍ਹਾਂ ਨੂੰ ਵੀ ਪਤਾ ਹੈ ਕਿ ਉਹ ਵਾਅਦੇ ਵਿਚਾਲੇ ਹੀ ਰਹਿ ਗਏ। ਪਤਾ ਨਹੀਂ ਕਿੰਨੇ ਲੋਕਾਂ ਨਾਲ ਉਨ੍ਹਾਂ ਨੇ ਵਾਅਦਾ ਕੀਤਾ ਹੋਇਆ ਸੀ।

Under Print
Not for Legal/Official use

ਇਸ ਸਾਲ ਵੀ ਅਸੀਂ ਕੁਝ ਆਈ.ਟੀ.ਆਈਜ਼ ਮੁੱਖ ਮੰਤਰੀ ਜੀ ਦੀ ਅਪਰੂਵਲ ਨਾਲ ਅਪਰੂਵ ਕਰਨੀਆਂ ਹਨ। ਅਸੀਂ ਮੱਖੂ ਦੀ ਅਪਰੂਵਲ ਵੀ ਮੁੱਖ ਮੰਤਰੀ ਜੀ ਨੂੰ ਭੇਜ ਦੇਵਾਂਗੇ। ਇਹ ਵੀ ਕਰਵਾ ਕੇ ਦੇਵਾਂਗੇ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਮੰਤਰੀ ਸਾਹਿਬ ਦਾ, ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸ਼ਹੀਦਾਂ ਦੀ ਪਵਿੱਤਰ ਧਰਤੀ ਫਤਹਿਗੜ੍ਹ ਸਾਹਿਬ ਵਿਖੇ ਜਿਹੜਾ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ ਹੈ। ਜਿਵੇਂ ਇਨ੍ਹਾਂ ਨੇ ਦੱਸਿਆ ਹੈ ਕਿ ਸਾਰੀ ਪ੍ਰਕਿਰਿਆ ਪੂਰੀ ਹੋ ਗਈ ਹੈ। ਮੈਂ ਤੁਹਾਡੇ ਦੁਆਰਾ ਸਦਨ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਤੋਂ ਅਗਲਾ ਪਾਰਟ ਟੈਂਡਰ ਲਗਾਉਣੇ ਅਤੇ ਕੰਸਟਰੱਕਸ਼ਨ ਵਰਕ ਨੂੰ ਪੂਰਾ ਕਰਨਾ ਹੁੰਦਾ ਹੈ। ਤੁਸੀਂ ਵੀ ਦੇਖਿਆ ਹੈ ਕਿ ਅਕਸਰ ਪ੍ਰਾਜੈਕਟ ਲਟਕਦੇ ਹਨ। ਹੁਣ ਇੱਥੇ ਸਦਨ ਦੇ ਵਿੱਚ ਮੰਤਰੀ ਸਾਹਿਬ ਵੀ ਬੈਠੇ ਹਨ, PWD ਮਨਿਸਟਰ ਸਾਹਿਬ ਵੀ ਬੈਠੇ ਹਨ ਅਤੇ ਅਫਸਰ ਸਾਹਿਬਾਨ ਵੀ ਬੈਠੇ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਅਗਲੀ ਪ੍ਰਕਿਰਿਆ ਹੈ, ਉਸ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾਵੇ। ਇਹ ਨਾ ਹੋਵੇ ਕਿ ਫਾਈਲਾਂ ਲਟਕਦੀਆਂ ਰਹਿਣ। ਇਹ ਇੱਕ ਜ਼ਰੂਰੀ ਪਾਰਟ ਹੈ, ਇਸ ਨਾਲ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੂੰ ਹੋਰ ਵਧੀਆ ਉਤਸ਼ਾਹ ਮਿਲੇਗਾ।

**Mr. Speaker :** Thank you, thank you.

**ਮੰਤਰੀ:** ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪਹਿਲਾਂ ਵਾਲੀ ਸਰਕਾਰ ਵਾਂਗ ਨਹੀਂ ਹੈ ਕਿ ਬਿਲਡਿੰਗਾਂ ਬਣਾ ਕੇ ਚਲੀ ਜਾਵੇਗੀ ਤੇ ਅਸਾਮੀਆਂ ਅਪਰੂਵ ਨਹੀਂ ਕਰਵਾਏਗੀ। ਅਸੀਂ ਅਸਾਮੀਆਂ ਅਪਰੂਵ ਕਰਵਾਉਣ ਲਈ ਫਾਈਨਾਂਸ ਮਨਿਸਟਰ ਜੀ ਨੂੰ ਅਪਰੋਚ ਕਰ ਲਿਆ ਹੈ, ਇਹ ਅਪਰੂਵ ਹੋ ਜਾਣਗੀਆਂ। ਅਸੀਂ ਸਾਰਾ ਦਿਨ ਇਹੀ ਕੰਮ ਕਰਨਾ ਹੁੰਦਾ ਹੈ, ਮੇਰੇ ਕੋਲ ਹੋਰ ਕੋਈ ਕੰਮ ਨਹੀਂ ਹੈ। ਜਦੋਂ ਵੀ ਕੋਈ ਦਿੱਕਤ ਆਈ ਤਾਂ ਮੈਂ ਆਪਣੀ ਕੰਬਲੀ ਲੈ ਕੇ ਵਿੱਤ ਮੰਤਰੀ ਜੀ ਦੇ ਘਰ ਪਹੁੰਚ ਜਾਣਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਤੁਹਾਡੇ ਜ਼ਰੀਏ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਪਿੰਡ ਸਿੰਘਪੁਰਾ ਵਿੱਚ ਇੱਕ ਆਈ.ਟੀ.ਆਈ. ਖੋਲ੍ਹੀ ਗਈ ਸੀ ਪਰ ਮੰਤਰੀ ਸਾਹਿਬ ਨੂੰ 6 ਮਹੀਨੇ ਤੋਂ ਉਸ ਆਈ.ਟੀ.ਆਈ. ਦਾ ਉਦਘਾਟਨ ਕਰਨ ਦਾ ਟਾਈਮ ਨਹੀਂ ਲੱਗਿਆ।ਇਨ੍ਹਾਂ ਵੱਲੋਂ ਆਈ.ਟੀ.ਆਈ. ਵਿੱਚ ਵੈਲਡਰ, ਇਲੈਕਟ੍ਰੀਸ਼ੀਅਨ ਅਤੇ ਫੈਸ਼ਨ ਦੇ ਕੋਰਸਾਂ ਲਈ ਦਾਖਲੇ ਸ਼ੁਰੂ ਕਰਵਾਏ ਗਏ ਸਨ। ਉੱਥੇ 60 ਦੇ ਕਰੀਬ ਬੱਚਿਆਂ ਨੂੰ ਦਾਖਲਾ ਦਿੱਤਾ ਗਿਆ ਪਰ ਹੋਰ ਬੱਚੇ ਉੱਥੇ ਦਾਖਲ ਨਹੀਂ ਕੀਤੇ ਗਏ।ਜਿਹੜਾ ਵੈਲਡਰ ਦੇ ਕੋਰਸ ਦਾ ਟੀਚਰ ਸੀ, ਉਹ ਵੀ ਆਪਣੀ ਬਦਲੀ ਕਰਵਾ ਕੇ ਚਲਾ ਗਿਆ। ਅਸੀਂ ਬੇਨਤੀ ਕੀਤੀ ਸੀ ਕਿ ਜਿਹੜੀਆਂ ਆਈ.ਟੀ.ਆਈ. ਦੀਆਂ ਹੋਰ ਸਟਰੀਮਜ਼ ਹਨ, ਉਨ੍ਹਾਂ ਦੇ ਵੀ ਦਾਖਲੇ ਸ਼ੁਰੂ ਕਰਵਾਏ ਜਾਣ।

Under Print
Not for Legal/Official use

ਅਸੀਂ ਵਾਰ-ਵਾਰ ਮੰਤਰੀ ਸਾਹਿਬ ਤੱਕ ਅਪਰੋਚ ਕੀਤੀ ਹੈ ਪਰ ਪਤਾ ਨਹੀਂ ਕਿਉਂ ਇਸ ਦਾ ਕੋਈ ਜਵਾਬ ਨਹੀਂ ਆ ਰਿਹਾ।

**ਮੰਤਰੀ:** ਸਰ, ਇਨ੍ਹਾਂ ਨੇ ਮੈਨੂੰ ਉਦਘਾਟਨ ਕਰਨ ਵਾਸਤੇ ਬੁਲਾਇਆ ਸੀ ਅਤੇ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਮੈਂ ਉਦਘਾਟਨ ਕਰਨ ਵਾਲਾ ਮੰਤਰੀ ਨਹੀਂ ਹਾਂ। ਤੁਸੀਂ ਹੀ ਇਸ ਦਾ ਉਦਘਾਟਨ ਕਰ ਦਿਓ। ਮੈਨੂੰ ਉੱਥੇ ਜਾ ਕੇ ਨੰਬਰ ਬਣਾਉਣ ਦੀ ਲੋੜ ਨਹੀਂ ਹੈ। ਜੋ ਐਮ.ਐਲ.ਏ. ਸਾਹਿਬ ਕਰ ਦੇਣਗੇ, ਉਹ ਹੀ ਸਭ ਕਾਫੀ ਹੁੰਦਾ ਹੈ। ਜਦੋਂ ਕੋਈ ਮੰਤਰੀ ਉਦਘਾਟਨ ਕਰਨ ਜਾਂਦਾ ਹੈ ਤਾਂ 50 ਹਜ਼ਾਰ ਰੁਪਿਆ ਤਾਂ ਆਈ.ਟੀ.ਆਈ. ਵਾਲਿਆਂ ਦਾ ਹੀ ਲੱਗ ਜਾਂਦਾ ਹੈ। ਇਸ ਲਈ ਮੈਨੂੰ ਕੋਈ ਫੋਟੋਆਂ ਕਰਵਾਉਣ ਦਾ ਸ਼ੌਂਕ ਨਹੀਂ ਹੈ। ਇਸ ਲਈ ਮੈਂ ਐਮ.ਐਲ.ਏ. ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਹੀ ਇਸ ਦਾ ਉਦਘਾਟਨ ਕਰ ਦਿਓ। ਇਹ ਆਈ.ਟੀ.ਆਈ. ਪਿਛਲੀ ਸਰਕਾਰ ਖੋਲ੍ਹ ਕੇ ਗਈ ਸੀ ਅਤੇ ਅਸਾਮੀਆਂ ਅਪਰੂਵ ਨਹੀਂ ਕਰਵਾਈਆਂ ਸਨ। ਹੁਣ ਇਹ ਅਸਾਮੀਆਂ ਅਸੀਂ ਅਪਰੂਵ ਕਰਵਾ ਲਈਆਂ ਹਨ ਜਿਸ ਨਾਲ ਆਈ.ਟੀ.ਆਈ. ਬਿਲਕੁਲ ਸਹੀ ਤਰੀਕੇ ਨਾਲ ਚੱਲੇਗੀ। ਪਹਿਲਾਂ 60 ਬੱਚੇ ਹੀ ਅਪਰੂਵ ਕੀਤੇ ਗਏ ਸੀ, ਇਸ ਸਾਲ ਇਹ ਗਿਣਤੀ ਵਧਾ ਦਿਆਂਗੇ। ਐਮ.ਐਲ.ਏ. ਸਾਹਿਬ, ਅਸੀਂ ਜ਼ਰੂਰ ਕਰ ਦਿਆਂਗੇ।

**Mr. Speaker :** Thank you, thank you.

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਬਜਟ ਸੈਸ਼ਨ ਵਿੱਚ ਮੇਰੇ ਹਲਕੇ ਅਮਰਗੜ੍ਹ ਵਿੱਚ ਇੱਕ ਆਈ.ਟੀ.ਆਈ. ਸਿਖਲਾਈ ਸੰਸਥਾ ਦਾ ਐਲਾਨ ਹੋਇਆ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਨੂੰ ਬਣਾਉਣਾ ਇਨ੍ਹਾਂ ਦੀ ਤਜਵੀਜ਼ ਵਿੱਚ ਹੈ ਜਾਂ ਨਹੀਂ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। (ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ ਵੱਲੋਂ ਵਿਘਨ) ਇੱਕ ਮਿੰਟ ਅਮਨ ਅਰੋੜਾ ਜੀ।(ਵਿਘਨ...) ਅਮਨ ਜੀ, ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। ਸ਼੍ਰੀ ਅਮਨ ਅਰੋੜਾ ਜੀ ਵੱਲੋਂ ਉਠਾਏ ਗਏ ਮਾਮਲੇ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਪ੍ਰਸ਼ਨ ਦਾ ਕੁਝ ਭਾਗ ਲੋਕ ਹਿੱਤ ਨਾਲ ਨਹੀਂ, ਸਗੋਂ ਵਿਅਕਤੀ ਵਿਸ਼ੇਸ਼ ਨਾਲ ਸਬੰਧ ਰੱਖਦਾ ਸੀ। ਜਿਹੜਾ ਤੁਸੀਂ (ਸ਼੍ਰੀ ਅਮਨ ਅਰੋੜਾ ਨੂੰ ਸੰਬੋਧਨ ਕਰਦੇ ਹੋਏ) ਕਿਹਾ ਹੈ ਕਿ ਇਹ ਪਾਰਟਲੀ ਮੰਨਿਆ ਗਿਆ ਹੈ, ਇਹ ਕੁਝ ਪਾਰਟ ਵਿਅਕਤੀ ਵਿਸ਼ੇਸ਼ ਨਾਲ ਸਬੰਧ ਰੱਖਦਾ ਸੀ, ਇਸ ਲਈ ਉਹ ਭਾਗ ਡਿਸਅਲਾਓ ਕੀਤਾ ਗਿਆ ਸੀ। ਜਿਹੜਾ ਭਾਗ ਲੋਕ ਹਿੱਤ ਨਾਲ ਸਬੰਧਤ ਸੀ, ਉਹ ਐਡਮਿਟ ਕਰ ਲਿਆ ਗਿਆ ਸੀ। ਹੁਣ ਬਹਿਸ ਨਹੀਂ ਕਰਨੀ, ਮੈਂ ਰੂਲਿੰਗ ਦੇ ਦਿੱਤੀ ਹੈ। ਹਾਂ ਜੀ, ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸ਼ੁਕਰੀਆ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਗਿੱਲ ਰੋਡ ਉੱਤੇ ਇੱਕ ਆਈ.ਟੀ.ਆਈ. ਹੈ ਜੋ ਕਿ ਬਹੁਤ

Under Print
Not for Legal/Official use

ਖੁੱਲ੍ਹੇ-ਡੁੱਲ੍ਹੇ ਏਰੀਏ ਦੇ ਵਿੱਚ ਹੈ। ਇਸ ਦੀ ਬਹੁਤ ਵਧੀਆ ਬਾਊਂਡਰੀ ਹੈ। ਮੇਰੀ ਮੰਤਰੀ ਸਾਹਿਬ ਨੂੰ ਇੱਕ ਸਨਿਮਰ ਬੇਨਤੀ ਹੈ ਕਿ ਉੱਥੇ ਇੱਕ ਫੁੱਟਬਾਲ ਦਾ ਗਰਾਊਂਡ ਹੈ। ਜਿੱਥੇ ਸਵੇਰੇ-ਸ਼ਾਮ ਬਹੁਤ ਸਾਰੇ ਲੋਕ ਅਤੇ ਨੌਜਵਾਨ ਫੁੱਟਬਾਲ ਖੇਡਦੇ ਹਨ।ਇਸ ਗਰਾਊਂਡ ਦੀਆਂ ਸਾਈਡਾਂ ਕੱਚੀਆਂ ਹਨ। ਜਦੋਂ ਬਾਰਿਸ਼ ਆਉਂਦੀ ਹੈ ਤਾਂ ਗਰਾਊਂਡ ਪਾਣੀ ਨਾਲ ਭਰ ਜਾਂਦਾ ਹੈ।ਜੇ ਇਸ ਗਰਾਊਂਡ ਦੀਆਂ ਸਾਈਡਾਂ ਤੇ ਇੰਟਰਲਾਕਿੰਗ ਹੋ ਜਾਵੇ ਤਾਂ ਨਾਲ ਹੀ ਦਰਸ਼ਕ ਉੱਥੇ ਬੈਠ ਸਕਦੇ ਹਨ ਅਤੇ ਨਾਲ ਹੀ ਇਸ ਦੀ ਸਾਈਡ ਪੱਕੀ ਹੋ ਜਾਵੇਗੀ। ਧੰਨਵਾਦ ਜੀ।

**ਮੰਤਰੀ** : ਮੈਂ ਐਮ.ਐਲ.ਏ. ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਆਈ.ਟੀ.ਆਈ. ਦੀ praise ਕੀਤੀ ਹੈ, ਇਹ ਬਹੁਤ ਵਧੀਆ ਹੈ। ਮੈਂ ਵੀ ਉੱਥੇ ਕਈ ਵਾਰ ਵਿਜ਼ਟ ਕਰਕੇ ਆਇਆ ਹਾਂ ਵਾਕਿਆ ਹੀ ਇਹ ਆਈ.ਟੀ.ਆਈ. ਬਹੁਤ ਅੱਛੀ ਹੈ। ਬਹੁਤ ਸਾਰੇ ਬੱਚਿਆਂ ਨੂੰ ਉੱਥੇ ਹੀ ਨੌਕਰੀਆਂ ਮਿਲ ਜਾਂਦੀਆਂ ਹਨ। ਜਿਵੇਂ ਇਨ੍ਹਾਂ ਨੇ ਹੁਕਮ ਕੀਤਾ ਹੈ, ਅਸੀਂ 3-4 ਮਹੀਨਿਆਂ ਦੇ ਅੰਦਰ-ਅੰਦਰ ਇਹ ਫੁੱਟਬਾਲ ਗਰਾਊਂਡ ਵਧੀਆ ਤਰੀਕੇ ਨਾਲ ਤਿਆਰ ਕਰਕੇ ਦੇ ਦਿਆਂਗੇ।

-------

## 2018-19 ਵਿਚ ਰਜਿਸਟਰਡ ਇਲੈਕਟ੍ਰਿਕ ਗੱਡੀਆਂ ਦੀ ਗਿਣਤੀ/ਵਿਕਰੀ

***2444. ਸ਼੍ਰੀ ਅਵਤਾਰ ਸਿੰਘ ਜੂਨੀਅਰ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2018-19 ਵਿੱਚ ਰਾਜ ਵਿੱਚ ਰਜਿਸਟਰਡ ਕੀਤੀਆਂ ਗਈਆਂ ਇਲੈਕਟਰਿਕ ਗੱਡੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਵਿਭਾਗ ਨੇ ਈ.ਵੀ. (ਇਲੈਕਟਰਿਕ ਗੱਡੀਆਂ) ਦੀ ਵਿਕਰੀ ਨੂੰ ਉਤਸ਼ਾਹਿਤ ਕਰਨ ਲਈ ਕੋਈ ਪਾਲਿਸੀ ਤਿਆਰ ਕੀਤੀ ਹੈ;

(ੲ) ਕੀ ਇਲੈਕਟਰਿਕ ਗੱਡੀਆਂ ਦੇ ਨਿਰਮਾਣ/ਵਿਕਰੀ ਅਤੇ ਖਰੀਦ ਲਈ ਰਾਜ ਵਿੱਚ ਕੋਈ ਸਬਸਿਡੀ ਮੁਹੱਈਆ ਕਰਵਾਈ ਗਈ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਸਾਲ 2018-19 ਵਿਚ ਰਾਜ ਵਿੱਚ ਰਜਿਸਟਰਡ ਕੀਤੀਆਂ ਗਈਆਂ ਇਲੈਕਟਰਿਕ ਗੱਡੀਆਂ ਦੀ ਕੁੱਲ ਗਿਣਤੀ 105 ਹੈ।

(ਅ) ਜੀ ਹਾਂ। ਵਿਭਾਗ ਵੱਲੋਂ ਇਲੈਕਟਰਿਕ ਗੱਡੀਆਂ ਦੀ ਵਿਕਰੀ ਨੂੰ ਉਤਸ਼ਾਹਿਤ ਕਰਨ ਲਈ ਡਰਾਫਟ ਪਾਲਿਸੀ ਤਿਆਰ ਕੀਤੀ ਗਈ ਹੈ, ਜਿਸ ਨੂੰ ਜਲਦ ਹੀ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

(ੲ) ਜੀ ਹਾਂ, ਰਾਜ ਵਿੱਚ ਇਲੈਕਟਰਿਕ ਗੱਡੀਆਂ ਦੇ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਇੰਡਸਟਰੀਅਲ ਅਤੇ ਬਿਜਨੈਸ ਡਿਵੈਲਪਮੈਂਟ ਪਾਲਿਸੀ, 2017 ਅਨੁਸਾਰ ਸਬਸਿਡੀ ਦੇਣ ਦਾ ਉਪਬੰਧ ਕੀਤਾ ਗਿਆ ਹੈ। ਇਨ੍ਹਾਂ ਗੱਡੀਆਂ ਦੀ ਵਿਕਰੀ ਅਤੇ ਖਰੀਦ ਨੂੰ ਉਤਸ਼ਾਹਿਤ ਕਰਨ ਲਈ

Under Print
Not for Legal/Official use

ਪੰਜਾਬ ਅੰਦਰ ਈ-ਰਿਕਸ਼ਾ ਅਤੇ ਈ-ਕਾਰਟ ਨੂੰ ਮੋਟਰ ਵਹੀਕਲ ਟੈਕਸ ਵਿੱਚ ਸਤੰਬਰ, 2019 ਤੋਂ 2 ਸਾਲ ਦੀ ਛੋਟ ਦਿੱਤੀ ਗਈ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਵਿੱਚ ਸਭ ਤੋਂ ਜ਼ਿਆਦਾ ਸੰਵੇਦਨਸ਼ੀਲ ਗੱਲ ਇਹ ਹੈ ਕਿ ਹੈਲਥ ਪ੍ਰਭਾਵਿਤ ਹੁੰਦੀ ਹੈ ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬਾ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੁਨੀਆਂ ਸਾਡੇ ਤੋਂ ਬਹੁਤ ਅੱਗੇ ਲੰਘ ਗਈ ਹੈ, ਚਾਈਨਾ ਵਿੱਚ ਲਗਭਗ ਹਰ ਸਾਲ 7 ਲੱਖ ਇਲੈਕਟ੍ਰਿਕ ਵਹੀਕਲਜ਼ ਸੇਲ ਹੋ ਰਹੀਆਂ ਹਨ। ਜਿਹੜਾ ਮੰਤਰੀ ਸਾਹਿਬਾ ਦਾ ਜਵਾਬ ਹੈ ਉਸ ਅਨੁਸਾਰ ਅਸੀਂ ਸਿਰਫ 105 ਰਜਿਸਟਰਡ ਕੀਤੀਆਂ ਹਨ। ਉਸ ਵਿਚੋਂ ਕਿੰਨੀਆਂ ਈ-ਰਿਕਸ਼ਾ ਹਨ ਅਤੇ ਕਿੰਨੀਆਂ ਕਾਰਾਂ ਹਨ, ਪਹਿਲਾਂ ਤਾਂ ਇਹ ਦੱਸ ਦੇਣ। ਦੂਜਾ, ਪਿਛਲੇ ਬਜਟ ਉਤੇ ਬੋਲਦੇ ਹੋਏ ਵੀ ਮੈਂ ਐਫ.ਐਮ.ਸਾਹਿਬ ਤੇ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਇਸ ਦੀ ਪਾਲਿਸੀ ਡਰਾਫਟ ਕਰ ਲਈ ਜਾਵੇ, ਇਕ ਸਾਲ ਦੇ ਵਿੱਚ ਹਾਲੇ ਤੱਕ ਪਾਲਿਸੀ ਡਰਾਫਟ ਨਹੀਂ ਹੋਈ, ਅਪਰੂਵ ਨਹੀਂ ਹੋਈ, ਇਸ ਨੂੰ ਕਿੰਨਾ ਸਮਾਂ ਲੱਗੇਗਾ? ਸਰ, ਜਿਹੜਾ ਤੀਜਾ ਜਵਾਬ ਦਿੱਤਾ ਹੈ ਉਸ ਵਿਚ ਲਿਖਿਆ ਗਿਆ ਹੈ ਕਿ ਉਸ ਵਿੱਚ ਸਿਰਫ ਈ-ਰਿਕਸ਼ਾ ਤੇ ਈ-ਕਾਰਟ ਨੂੰ ਮੋਟਰ ਵਹੀਕਲ ਟੈਕਸ ਤੋਂ ਐਗਜ਼ੰਪਟ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਕੀ ਅਜਿਹਾ ਇਨ੍ਹਾਂ ਦੀ ਤਜਵੀਜ਼ ਤਹਿਤ ਇਹ ਹੈ ਕਿ ਜਿਹੜੀਆਂ ਸਾਡੀਆਂ ਇਲੈਕਟ੍ਰਿਕ ਵਹੀਕਲਜ਼/ਕਾਰਾਂ ਹਨ ਉਨ੍ਹਾਂ ਉੱਤੇ ਜਿਹੜਾ ਜੀ.ਐਸ.ਟੀ. ਲੈਵੀ ਹੋਵੇਗਾ ਜਾਂ ਉਨ੍ਹਾਂ ਉੱਤੇ ਮੋਟਰ ਵਹੀਕਲ ਟੈਕਸ ਲੇਵੀ ਹੋਵੇਗਾ? ਉਸ ਵਿਚ ਕੋਈ ਐਗਜ਼ੰਪਸ਼ਨ ਮਿਲ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਇਹ ਪਾਲਿਸੀ ਦੀ ਗੱਲ ਕਰ ਰਹੇ ਹਨ, ਪਾਲਿਸੀ ਨੂੰ ਲੈ ਕੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹੈ ਕਿ ਪਾਲਿਸੀ ਤਿਆਰ ਹੋ ਚੁੱਕੀ ਹੈ ਅਤੇ ਇਹ ਇਕ ਵਾਰੀ ਤਾਂ ਐਫ.ਐਮ.ਸਾਹਿਬ ਕੋਲ ਜਾ ਚੁੱਕੀ ਹੈ ਪਰ ਉਸ ਵਿੱਚ ਥੋੜ੍ਹੀਆਂ ਜਿਹੀਆਂ ਖਾਮੀਆਂ ਹੋਣ ਦੀ ਵਜ੍ਹਾ ਨਾਲ ਐਫ.ਐਮ. ਸਾਹਿਬ ਨੇ ਉਸ ਨੂੰ ਵਾਪਸ ਕੀਤਾ ਹੈ। ਉਨ੍ਹਾਂ ਖਾਮੀਆਂ ਨੂੰ ਜਲਦ ਹੀ ਦੂਰ ਕਰਕੇ ਅਸੀਂ ਫਿਰ ਦੁਬਾਰਾ ਇਸ ਪਾਲਿਸੀ ਨੂੰ ਕੈਬਨਿਟ ਵਿਚ ਲੈ ਕੇ ਆਵਾਂਗੇ ਅਤੇ ਇਹ ਕੈਬਨਿਟ ਵਿੱਚ ਜਲਦ ਹੀ ਇਹ ਪਾਸ ਹੋ ਜਾਵੇਗੀ । ਇਹ ਗੱਲ ਠੀਕ ਹੈ ਕਿ ਜਿਹੜੀਆਂ ਇਲੈਕਟ੍ਰਿਕ ਗੱਡੀਆਂ ਹਨ ਉਨ੍ਹਾਂ ਦੀ ਸਾਨੂੰ ਜ਼ਰੂਰਤ ਹੈ ਕਿਉਂਕਿ ਉਹ ਬਹੁਤ ਘੱਟ ਪਲਿਊਸ਼ਨ ਕਰਦੀਆਂ ਹਨ ਪਰ ਉਹ ਮਹਿੰਗੀਆਂ ਵੀ ਬਹੁਤ ਹਨ। 2 ਕਰੋੜ ਰੁਪਏ ਦੀ ਇੱਕ ਬੱਸ ਆਉਂਦੀ ਹੈ, ਉਸ ਲਈ ਸਾਨੂੰ ਸੋਚਣਾ ਪਵੇਗਾ। ਇਸ ਤੋਂ ਇਲਾਵਾ ਅਪ੍ਰੈਲ ਵਿੱਚ ਜਿਹੜੇ ਟੈਕਨਾਲੋਜੀ ਇੰਜਣ ਰਜਿਸਟਰਡ ਹੋਣਗੇ, ਉਹ ਬੀ.ਐਸ.6 ਦੇ ਮੁਤਾਬਿਕ ਹੋਣਗੇ, ਇਸੇ ਲਈ ਅਸੀਂ ਹਾਲੇ ਇੰਤਜ਼ਾਰ ਕਰ ਰਹੇ ਹਾਂ ਕਿ ਅਪ੍ਰੈਲ ਤੱਕ ਰੁਕੇ ਰਹੀਏ ਅਤੇ ਜਿਹੜੀਆਂ ਘੱਟ ਪਲਿਊਸ਼ਨ ਵਾਲੀਆਂ ਬੱਸਾਂ ਤਿਆਰ ਹੋ ਰਹੀਆਂ ਹਨ ਉਨ੍ਹਾਂ ਨੂੰ ਅਸੀਂ ਲੈ ਸਕੀਏ। ਦੂਸਰਾ, ਇਹ ਛੋਟ ਦੀ ਗੱਲ ਕਰ ਰਹੇ ਹਨ , ਇਹ ਜਿਹੜੀ ਛੋਟ ਇੰਡਸਟਰੀ ਐਂਡ ਬਿਜਨਸ ਡਿਵੈਲਪਮੈਂਟ ਪਾਲਿਸੀ, 2017 ਦੇ ਵਿੱਚ ਦਿੱਤੀ ਗਈ ਹੈ ਉਸ ਵਿੱਚ ਕਾਫੀ ਹੱਦ ਤੱਕ 100% ਛੋਟ

Under Print
Not for Legal/Official use

ਹੈ, ਇਲੈਕਟ੍ਰੀਸਿਟੀ ਡਿਊਟੀ ਦੀ 100% ਛੋਟ ਦਸ ਸਾਲ ਲਈ ਹੈ ਤੇ ਸਟੈਂਪ ਡਿਊਟੀ ਤੋਂ 100% ਛੋਟ ਹੈ, ਚੇਂਜ ਆਫ ਲੈਂਡ ਉਤੇ 100% ਛੋਟ ਹੈ, ਪ੍ਰਾਪਰਟੀ ਟੈਕਸ ਤੋਂ 100% ਛੋਟ ਹੈ, ਅਤੇ ਐਸ.ਜੀ.ਐਸ.ਟੀ. ਉਤੇ ਵੀ 100% ਛੋਟ ਹੈ। ਜੇ ਕੋਈ ਇੱਥੇ ਗੱਡੀਆਂ ਲਈ ਆਪਣੀ ਫੈਕਟਰੀ ਵਗੈਰਾ ਜਾਂ ਇੰਡਸਟਰੀ ਲਗਾਉਣਾ ਚਾਹੁੰਦਾ ਹੈ ਤਾਂ ਉਸ ਦੇ ਲਈ ਕਾਫੀ ਹੱਦ ਤੱਕ ਛੋਟ ਦਿੱਤੀ ਗਈ ਹੈ ਅਤੇ ਅਸੀਂ ਉਤਸ਼ਾਹਿਤ ਵੀ ਕਰ ਰਹੇ ਹਾਂ ਕਿ ਇੱਥੇ ਅਜਿਹੇ ਲੋਕ ਆਉਣ। ਮੈਂ ਇਕ ਹੋਰ ਗੱਲ ਦੱਸਣਾ ਚਾਹੁੰਦੀ ਹਾਂ ਕਿ ਅਗਰ ਕੋਈ ਆਪਣੀ ਇਲੈਕਟ੍ਰਿਕ ਬੱਸ ਪਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਰਕਾਰ ਤੋਂ ਪਰਮਿਟ ਦੀ ਲੋੜ ਨਹੀਂ ਪਵੇਗੀ, ਉਹ ਆਪਣੀ ਬੱਸ ਪਾ ਸਕਦਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਤੁਹਾਡੇ ਮਾਰਫਤ ਗੁਜ਼ਾਰਿਸ਼ ਹੈ ਕਿ ਵਜ਼ੀਰ ਸਾਹਿਬਾ ਨੇ ਜਵਾਬ ਦਿੱਤਾ ਹੈ ਕਿ ਅਪ੍ਰੈਲ ਤੋਂ ਬਾਅਦ ਬੀ.ਐਸ.6 ਇੰਜਣ ਵਾਲੀਆਂ ਜਿਹੜੀਆਂ ਗੱਡੀਆਂ ਹਨ ਸਿਰਫ ਉਹ ਰਜਿਸਟਰਡ ਹੋਣਗੀਆਂ। ਮੇਰੇ ਸਵਾਲ ਦੇ ਵਿੱਚ ਬੀ.ਐਸ.6 ਦਾ ਕੋਈ ਵੀ ਤਰਜਮਾ ਨਹੀਂ ਹੈ। ਮੇਰੀ humble request ਹੈ, ਮੈਂ ਤਾਂ ਸਿਰਫ ਇਲੈਕਟ੍ਰਿਕ ਵਹੀਕਲਜ਼ ਬਾਰੇ ਪੁੱਛਿਆ ਹੈ। ਸਰ, ਜਦੋਂ ਤੱਕ ਸਾਡੀ ਪਾਲਿਸੀ ਫਰੇਮ ਨਹੀਂ ਹੋਵੇਗੀ ਤਦ ਤਕ ਅਸੀਂ ਕੋਈ ਵੀ ਇਕੁਇਪਮੈਂਟ, ਕੋਈ ਵੀ ਚਾਰਜਿੰਗ ਪੁਆਇੰਟ ਪੰਜਾਬ ਵਿੱਚ ਨਹੀਂ ਲਗਾ ਸਕਣਾ। ਤੁਹਾਨੂੰ ਬੜੀ ਨਮੋਸ਼ੀ ਨਾਲ ਇਹ ਦੱਸਣਾ ਪੈ ਰਿਹਾ ਹੈ ਕਿ ਕਈ ਸਟੇਟਾਂ ਵਿੱਚ ਇਸ ਸਬੰਧੀ ਇਨਫ੍ਰਾਸਟ੍ਰਕਚਰ ਲੱਗ ਚੁੱਕਿਆ ਹੈ ਅਤੇ unfortunately Indian manufactured vehicles ਨੇ ਹਾਲੇ ਤੱਕ ਪੰਜਾਬ ਵਿੱਚ ਇਨ੍ਹਾਂ vehicles ਦੀ ਸੇਲ ਸ਼ੁਰੂ ਨਹੀਂ ਕੀਤੀ ਕਿਉਂਕਿ ਸਾਡੇ ਕੋਲ ਹਾਲੇ ਤੱਕ ਇਸ ਸਬੰਧੀ ਇਨਫ੍ਰਾਸਟ੍ਰਕਚਰ ਨਹੀਂ ਬਣਿਆ। ਮੇਰੀ ਤੁਹਾਡੇ ਰਾਹੀਂ ਵਜ਼ੀਰ ਸਾਹਿਬਾ ਨੂੰ ਇਹੀ humble request ਹੈ ਕਿ ਇਹ ਪਾਲਿਸੀ ਕਦੋਂ ਤੱਕ ਬਣ ਸਕਦੀ ਹੈ?

ਦੂਜਾ ਜਿਹੜਾ ਇਨ੍ਹਾਂ ਨੇ ਸਵਾਲ ਦਾ ਜਵਾਬ ਦਿੱਤਾ ਹੈ, ਉਸ ਵਿੱਚ Industrial and Business Development policy ਅਧੀਨ manufacture ਕਰਨ ਦੀ ਤਜਵੀਜ਼ ਰੱਖੀ ਗਈ ਹੈ, ਉਸ ਵਿੱਚ ਉਨ੍ਹਾਂ ਨੂੰ ਛੂਟ ਦੇਣ ਬਾਰੇ ਦੱਸਿਆ ਗਿਆ ਹੈ। ਕੀ ਇਨ੍ਹਾਂ ਨੇ ਕਿਸੇ ਕੰਪਨੀ ਨਾਲ MOU sign ਕੀਤਾ ਹੈ, ਜਿਵੇਂ ਇਨ੍ਹਾਂ ਨੇ ਆਪਣੇ answer ਵਿੱਚ ਦੱਸਿਆ ਹੈ?

**ਮੰਤਰੀ** : ਸਪੀਕਰ ਸਾਹਿਬ, MOU sign ਨਹੀਂ ਕੀਤਾ ਹੈ ਪਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਲੋਕ ਇੱਥੇ ਇੰਡਸਟ੍ਰੀ ਲਗਾਉਣ। ਅਸੀਂ ਉਨ੍ਹਾਂ ਨੂੰ invite ਕਰ ਰਹੇ ਹਾਂ। ਅਲੱਗ-ਅਲੱਗ ਇੰਡਸਟ੍ਰੀ ਵਾਲਿਆਂ ਨਾਲ ਗੱਲ ਬਾਤ ਚੱਲ ਰਹੀ ਹੈ ਤਾਂ ਕਿ ਉਹ ਇੱਥੇ ਆ ਕੇ ਆਪਣੀਆਂ ਇਲੈਕਟ੍ਰਿਕ ਗੱਡੀਆਂ ਬਣਾਉਣ ਅਤੇ ਚਾਲੂ ਕਰਨ। ਜੋ ਇਨ੍ਹਾਂ ਨੇ ਹੋਰ ਸਟੇਟਾਂ ਬਾਰੇ ਕਿਹਾ ਹੈ, ਹੋਰ ਸਟੇਟਾਂ ਵਿੱਚ ਵੀ electric station ਕਿਤੇ ਇੱਕ-ਅੱਧਾ ਹੀ ਬਣਾਇਆ ਗਿਆ ਹੈ। ਹਾਲੇ ਇਹ ਗੱਡੀਆਂ full fledged ਤੌਰ ਤੇ ਚਾਲੂ ਨਹੀਂ ਹੋਈਆਂ ਹਨ, ਜਿਸ ਤਰ੍ਹਾਂ ਇਹ ਕਹਿ ਰਹੇ ਹਨ ਪਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਦਾ ਜਲਦੀ ਤੋਂ ਜਲਦੀ

Under Print
Not for Legal/Official use

ਕੰਪਲੀਟ ਤਰੀਕੇ ਨਾਲ ਗੱਲਬਾਤ ਦੇ ਜ਼ਰੀਏ ਨਿਪਟਾਰਾ ਕਰੀਏ ਅਤੇ ਪਾਲਿਸੀ ਨੂੰ ਜਲਦੀ ਤੋਂ ਜਲਦੀ ਕੈਬਿਨਟ ਵਿੱਚ ਲੈ ਕੇ ਆਈਏ ਤਾਂ ਕਿ ਸਾਡੇ ਇੱਥੇ ਅਸੀਂ ਇਲੈਕਟ੍ਰਿਕ ਗੱਡੀਆਂ ਖਰੀਦ ਸਕੀਏ ਅਤੇ ਉਨ੍ਹਾਂ ਨੂੰ ਚਲਾ ਸਕੀਏ। ਪਾਲਿਸੀ ਤਿਆਰ ਹੋ ਗਈ ਹੈ ਸਿਰਫ ਅਪਰੂਵਲ ਲਈ ਕੈਬਿਨਟ ਵਿੱਚ ਲੈ ਕੇ ਜਾਣਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਤੁਹਾਡੇ ਮਾਰਫਤ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਪਾਲਿਸੀ ਬਾਰੇ time frame ਦੱਸ ਸਕਣ ਤਾਂ ਬਹੁਤ ਮਿਹਰਬਾਨੀ ਹੋਵੇਗੀ। ਮੇਰੀ ਸਭ ਤੋਂ ਜ਼ਰੂਰੀ ਬੇਨਤੀ ਇਹੀ ਹੈ ਕਿ ਇਸ ਨੂੰ ਪ੍ਰੋਮੋਟ ਕਰਨਾ ਬਹੁਤ ਜ਼ਿਆਦਾ ਜ਼ਰੂਰੀ ਹੈ। ਦੂਜੀ humble request ਇਹ ਹੈ ਕਿ ਕੀ ਇਸ ਪਾਲਿਸੀ ਵਿੱਚ ਇਹ differentiate ਕੀਤਾ ਗਿਆ ਹੈ ਕਿ electric vehicle ਕਿਹੜੀ ਚੱਲੇਗੀ, hydrogen ਵਾਲੀ ਚਲਾਈ ਜਾਵੇਗੀ ਜਾਂ battery ਵਾਲੀ ਚਲਾਈ ਜਾਵੇਗੀ ਅਤੇ ਕਿਸ ਨੂੰ ਪ੍ਰੋਮੋਟ ਕਰਨਾ ਹੈ, ਕਿਉਂਕਿ ਉਸ ਮੁਤਾਬਿਕ ਹੀ charging stations ਬਣਨੇ ਹਨ। ਅਸੀਂ ਦੁਨੀਆ ਤੋਂ 10-20 ਸਾਲ ਆਲਰੇਡੀ ਪੱਛੜ ਗਏ ਹਨ। ਚਾਈਨਾ ਬਾਰੇ ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਹੈ ਕਿ 7 ਲੱਖ ਵਹੀਕਲ ਹਰ ਸਾਲ ਸੇਲ ਹੋ ਰਹੇ ਹਨ ਅਤੇ ਅਸੀਂ ਸਿਰਫ 105 ਸੇਲ ਕਰ ਸਕੇ ਹਾਂ। ਉਸ ਬਾਰੇ ਵੀ ਵਜ਼ੀਰ ਸਾਹਿਬਾ differentiate ਕਰਨਗੇ ਕਿ ਉਹ ਕਿਹੜੇ ਹਨ? I presume ਕਿ ਉਹ E rickshaws ਹੀ ਹਨ। ਕੀ ਕੋਈ ਕਾਰੈ ਜਾਂ ਬੱਸ ਵੀ ਸੇਲ ਹੋਈ ਹੈ?

**ਮਾਨਯੋਗ ਸਪੀਕਰ**: ਰਜ਼ੀਆ ਜੀ, ਗੱਲ ਸਿਰਫ ਇੰਨੀ ਹੈ, ਮੈਂਬਰ ਸਾਹਿਬ ਦਾ ਕਹਿਣਾ ਹੈ ਕਿ ਇਸ ਮਸਲੇ ਵਿੱਚ ਅਸੀਂ ਪੱਛੜ ਗਏ ਹਾਂ। ਕੁਝ ਸੂਬਿਆਂ ਨੇ ਸ਼ੁਰੂ ਕਰ ਲਿਆ ਹੈ ਭਾਵੇਂ ਜ਼ਿਆਦਾ ਨਹੀਂ ਕਰ ਸਕੇ ਪਰ ਕੁਝ ਸ਼ੁਰੂ ਵੀ ਨਹੀਂ ਕਰ ਸਕੇ। ਉਨ੍ਹਾਂ ਦੀ ਫਿਕਰਮੰਦੀ ਇਹ ਹੈ ਕਿ ਇਸ ਸਬੰਧੀ ਇਨਫ੍ਰਾਸਟ੍ਰਕਚਰ ਦੇਣ ਦੀ ਕਾਰਵਾਈ ਜਲਦੀ ਤੋਂ ਜਲਦੀ ਸ਼ੁਰੂ ਕੀਤੀ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਹੀ ਕਿਹਾ ਹੈ ਕਿ ਪਾਲਿਸੀ ਤਿਆਰ ਹੋਈ ਪਈ ਹੈ, ਸਿਰਫ ਕੈਬਿਨਟ ਵਿੱਚ ਜਾਣ ਦੀ ਦੇਰ ਹੈ ਅਤੇ ਅਸੀਂ ਇਸ ਨੂੰ ਜਲਦੀ ਲਾਗੂ ਕਰਾਂਗੇ।

**Mr. Speaker :** Thank you.

**Sardar Bikram Singh Majithia** : Sir, I think the House needs to appreciate, ਅਵਤਾਰ ਜੂਨੀਅਰ ਜੀ ਦਾ ਬੜਾ forward looking ਸਵਾਲ ਹੈ, I think ਆਉਣ ਵਾਲੇ ਸਮੇਂ ਨਾਲ ਕਿਵੇਂ ਨਿਪਟਣਾ ਹੈ, ਉਸ ਵਾਸਤੇ ਵਿਧਾਨ ਸਭਾ ਵਿੱਚ ਸਵਾਲ ਦਾ ਸਹੀ ਤਰੀਕੇ ਨਾਲ ਜਵਾਬ ਆਵੇ। ਪਾਲਿਸੀਜ਼ ਬਣ ਜਾਣ ਤਾਂ we will be doing the greatest service. ਮੇਰਾ ਪਹਿਲਾ ਸਵਾਲ ਇਹ ਹੈ, ਜਿਵੇਂ ਅਵਤਾਰ ਜੂਨੀਅਰ ਜੀ ਨੇ ਗੱਲ ਕੀਤੀ ਹੈ ਕਿ ਬਾਹਰਲੇ ਮੁਲਕ ਅਤੇ ਬਾਕੀ ਸੂਬੇ ਆਪਣੇ ਨਾਲੋਂ ਪਹਿਲਾਂ electric vehicles ਦੀ ਯੂਜ਼ ਵਿੱਚ ਅੱਗੇ ਨਿਕਲ ਗਏ ਹਨ। ਬੀਬੀ ਜੀ ਬੜੇ ਸਤਿਕਾਰਯੋਗ ਹਨ ਪਰ

Under Print
Not for Legal/Official use

ਇਨਫ੍ਰਾਸਟ੍ਰਕਚਰ ਬਾਰੇ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰ ਦੇ ਤਿੰਨ ਸਾਲ ਨਿਕਲ ਗਏ ਹਨ ਅਤੇ ਹਾਲੇ ਤੱਕ ਪਾਲਿਸੀ ਹੀ ਨਹੀਂ ਬਣੀ ਹੈ।

**ਮਾਨਯੋਗ ਸਪੀਕਰ** : ਸਵਾਲ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ**: ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਕੀ ਪਾਲਿਸੀ ਸਬੰਧੀ ਕੋਈ time frame ਦੇਣਗੇ ਕਿ ਕਦੋਂ ਤੱਕ ਬਣਾ ਦਿਓਗੇ? ਦੂਜਾ, ਗੌਰਮਿੰਟ ਸੈਕਟਰ should atleast to encourage electric vehicles. ਗੌਰਮਿੰਟ ਵੱਡੀ ਗਿਣਤੀ ਵਿੱਚ electric vehicles ਦੀ ਯੂਜ਼ ਨੂੰ ਯਕੀਨੀ ਬਣਾਵੇ ਤਾਂ ਕਿ ਜਿਹੜੀ ਅਸੀਂ global warming ਦੀ ਵੱਡੀ problem face ਕਰ ਰਹੇ ਹਾਂ, ਉਸ ਨੂੰ tackle ਕਰਨ ਵਾਸਤੇ government should lead the way. ਆਖਰੀ ਸਵਾਲ ਇਹ ਹੈ ਕਿ ਜਿਹੜਾ ਬਜਟ ਕੱਲ੍ਹ ਆ ਰਿਹਾ ਹੈ, ਉਸ ਵਿੱਚ ਗੌਰਮਿੰਟ ਇਸ ਵਾਸਤੇ ਕੋਈ ਸਬਸਿਡੀ ਰੱਖ ਰਹੀ ਹੈ, and subsidy in two ways, first ਕਿੰਨੀ ਸਬਸਿਡੀ ਰੱਖ ਰਹੀ ਹੈ, ਕਿਵੇਂ subsidise ਕਰ ਰਹੀ ਹੈ ਅਤੇ ਇਸ ਦੀ ਰਜਿਸਟ੍ਰੇਸ਼ਨ ਨੂੰ ਕਿੰਨਾ subsidise ਕਰ ਰਹੀ ਹੈ? To encourage electric vehicles, ਅਵਤਾਰ ਜੂਨੀਅਰ ਜੀ ਨੇ ਜੋ ਸਵਾਲ ਪੁੱਛਿਆ ਹੈ, it is in positive interest and I think a positive answer would go a long way।

**ਮਾਨਯੋਗ ਸਪੀਕਰ** : ਬੈਠੋ ਜੀ। ਰਜ਼ੀਆ ਜੀ, ਮੈਂਬਰ ਸਾਹਿਬ ਜਾਣਨਾ ਚਾਹੁੰਦੇ ਹਨ ਕਿ ਪਬਲਿਕ ਸੈਕਟਰ ਜਾਂ ਸਰਕਾਰੀ ਸੈਕਟਰ ਵਿੱਚ ਇਸ ਨੂੰ ਪ੍ਰੋਮੋਟ ਕਰਨ ਲਈ ਸਰਕਾਰ ਕੋਈ ਕਦਮ ਉਠਾਏਗੀ?

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸਿੱਧਾ ਹੀ ਜਵਾਬ ਦਿੰਦੀ ਹਾਂ ਕਿ ਅਸੀਂ 25% ਦੀ ਤਜਵੀਜ਼ ਕੀਤੀ ਹੈ ਤਾਂ ਜੋ 25% ਇਲੈਕਟਰਿਕ ਬੱਸਾਂ ਸਰਕਾਰ ਦੀ ਤਰਫ ਤੋਂ ਚੱਲਣ। ਇਹ ਪਾਲਿਸੀ ਦੇ ਵਿਚ ਤਜਵੀਜ਼ ਕੀਤਾ ਗਿਆ ਹੈ, ਇਹ ਮੇਰਾ ਸਿੱਧਾ ਜਵਾਬ ਹੈ। ਦੂਸਰਾ, ਮੇਰਾ ਸਿੱਧਾ ਜਵਾਬ ਹੈ, ਇਨ੍ਹਾਂ ਨੇ ਵਾਰ-ਵਾਰ ਚਾਈਨਾ ਦੀ ਗੱਲ ਕੀਤੀ ਹੈ, ਆਪਾਂ ਨੂੰ ਪਤਾ ਹੀ ਹੈ ਕਿ ਚਾਈਨਾ ਤਾਂ ਬਹੁਤ ਅੱਗੇ ਨਿਕਲਿਆ ਹੋਇਆ ਦੇਸ਼ ਹੈ, ਸਾਡਾ ਹਿੰਦੁਸਤਾਨ ਤਾਂ ਅਜੇ ਉਨ੍ਹਾਂ ਤੋਂ ਬਹੁਤ ਜ਼ਿਆਦਾ ਪਿੱਛੇ ਹੈ ਪਰ ਫਿਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਕਿਤੇ ਨਾ ਕਿਤੇ ਕੁਝ ਨਾ ਕੁਝ ਕਰ ਸਕੀਏ, ਇਸ ਲਈ ਆਪਣੀ ਪਾਲਿਸੀ ਵਿਚ 25% ਇਲੈਕਟਰਿਕ ਬੱਸਾਂ ਬਾਰੇ ਤਜਵੀਜ਼ ਕੀਤੀ ਹੈ। ਮੈਂ ਪਹਿਲਾਂ ਵੀ ਕਿਹਾ ਹੈ ਅਤੇ ਹੁਣ ਵੀ ਕਹਿ ਰਹੀ ਹਾਂ ਕਿ ਜਲਦ ਹੀ ਇਹ ਪਾਲਿਸੀ ਅਪਰੂਵਲ ਦੇ ਲਈ ਕੈਬਨਿਟ ਵਿਚ ਲੈ ਕੇ ਜਾਵੇਗੀ ਅਤੇ ਜਿਵੇਂ ਹੀ ਉਸ ਨੂੰ ਮਾਨਤਾ ਮਿਲੇਗੀ, ਅਸੀਂ ਉਸਨੂੰ ਲਾਗੂ ਕਰ ਦੇਵਾਂਗੇ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 2586

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

Under Print
Not for Legal/Official use

----------

### ਆਸ਼ਾ ਵਰਕਰਾਂ ਨੂੰ ਫਿਕਸ ਮਿਹਨਤਾਨਾ ਦੇਣਾ

***2386. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ,**

**ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਵਿਭਾਗ ਵਿੱਚ ਇਨਸੈਂਟਿਵ ਅਧਾਰ ਤੇ ਕੰਮ ਕਰਦੀਆਂ ਆਸ਼ਾ ਵਰਕਰਾਂ ਨੂੰ ਫਿਕਸ ਮਿਹਨਤਾਨਾ ਦੇਣ ਅਤੇ ਇਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਨਹੀਂ ਜੀ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਧੰਨਵਾਦ ਜੀ। ਸਰ, 'ਆਸ਼ਾ' ਸਕੀਮ ਸਾਲ 2008 ਤੋਂ ਹੋਂਦ ਵਿਚ ਆਈ ਹੈ। ਉਦੋਂ ਤੋਂ ਹੀ ਭਰੂਣ ਹੱਤਿਆ, ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ, ਬੱਚਿਆਂ ਦਾ ਸੌ ਫੀਸਦੀ ਟੀਕਾਕਰਨ, ਸਰਕਾਰੀ ਸੰਸਥਾਵਾਂ ਵਿਚ ਜਣੇਪੇ ਕਰਵਾਉਣਾ ਅਤੇ ਔਰਤਾਂ ਨੂੰ ਜਾਗਰੂਕ ਕਰਨ ਵਿਚ ਆਸ਼ਾ ਵਰਕਰਾਂ ਦਾ ਬਹੁਤ ਵੱਡਾ ਰੋਲ ਰਿਹਾ ਹੈ।ਸੂਬੇ ਵਿਚ ਟੋਟਲ 19000 ਆਸ਼ਾ ਵਰਕਰਜ਼ ਹਨ, ਜਿਹੜੀਆਂ ਸਰਕਾਰ ਵਲੋਂ ਘਰ-ਘਰ ਵਿਚ ਸਿਹਤ ਸਹੂਲਤਾਂ ਪਹੁੰਚਾਉਂਦੀਆਂ ਹਨ ਪ੍ਰੰਤੂ ਉਸ ਤੋਂ ਬਾਅਦ ਵੀ ਉਨ੍ਹਾਂ ਨੂੰ ਬਹੁਤ ਨਿਗੁਣਾ ਇੰਸੈਂਟਿਵ ਮਿਲਦਾ ਹੈ। ਸਰ, ਉਨ੍ਹਾਂ ਨੂੰ ਸਿਰਫ 2500 ਰੁਪਿਆ ਪ੍ਰਤੀ ਮਹੀਨਾ ਮਿਲਦਾ ਹੈ ਜੀ। ਸਰ, ਤੁਸੀਂ ਆਪ ਵੀ ਸੋਚੋ ਕਿ ਇੰਨੀ ਮਹਿੰਗਾਈ ਦੌਰਾਨ ਉਨ੍ਹਾਂ ਨੂੰ ਮਹੀਨੇ ਦਾ ਸਿਰਫ 2500 ਰੁਪਿਆ ਹੀ ਮਿਲਦਾ ਹੈ, ਕੀ ਇਹ sufficient ਹੈ? ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ 'ਆਸ਼ਾ' ਨੂੰ ਦਿੱਲੀ, ਹਰਿਆਣਾ ਅਤੇ ਰਾਜਸਥਾਨ ਆਦਿ ਰਾਜਾਂ ਦੀ ਤਰਜ਼ ਤੇ ਪਲੱਸ ਇੰਸੈਂਟਿਵ ਭੱਤਾ ਫਿਕਸ ਕੀਤਾ ਜਾਵੇਗਾ ਜਾਂ ਫਿਰ ਡੀ.ਸੀ. ਰੇਟ ਮੁਤਾਬਕ ਫਿਕਸ ਵੇਤਨ ਦਿੱਤਾ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੇਰੀ ਛੋਟੀ ਭੈਣ ਨੇ ਕਿਹਾ ਹੈ ਕਿ 'ਆਸ਼ਾ ਵਰਕਰ' ਨੂੰ 2500 ਰੁਪਿਆ ਪ੍ਰਤੀ ਮਹੀਨਾ ਮਿਲਦਾ ਹੈ, ਇਹ 2500 ਨਹੀਂ, ਸਗੋਂ 3700 ਰੁਪਿਆ ਪ੍ਰਤੀ ਮਹੀਨਾ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, 3700 ਰੁਪਿਆ ਵੀ ਘੱਟ ਹੀ ਹੁੰਦਾ ਹੈ।

Under Print
Not for Legal/Official use

**ਮੰਤਰੀ:** ਠੀਕ ਹੈ ਜੀ। ਦੂਜੀ ਗੱਲ ਹੈ ਕਿ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ 'ਆਸ਼ਾ ਵਰਕਰ' ਸਾਡੀ ਬੈਕਬੋਨ ਹਨ। ਇਹ ਬੜੇ ਗਰਾਸ ਰੂਟ ਤੇ ਕੰਮ ਕਰਦੀਆਂ ਹਨ ਭਾਵੇਂ ਹਾਲੇ ਤੱਕ ਤਾਂ ਕੋਈ ਪਾਲਿਸੀ ਨਹੀਂ ਹੈ ਪਰ further ਇਸ ਬਾਰੇ ਸੋਚਿਆ ਜਾ ਸਕਦਾ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਆਂਧਰਾ ਪ੍ਰਦੇਸ਼ ਵਿਚ ਉਨ੍ਹਾਂ ਨੂੰ 10,000 ਪ੍ਰਤੀ ਮਹੀਨਾ ਪਲੱਸ ਇੰਸੈਂਟਿਵ ਭੱਤਾ ਮਿਲਦਾ ਹੈ ਅਤੇ ਹਰਿਆਣਾ ਵਿੱਚ 4000 ਰੁਪਿਆ ਪਲੱਸ ਇੰਸੈਂਟਿਵ ਮਿਲਦਾ ਹੈ। ਮੈਨੂੰ ਲਗਦਾ ਹੈ ਕਿ ਇਹ ਪੰਜਾਬ ਵਿਚ ਵੀ ਲਾਗੂ ਕਰਨਾ ਚਾਹੀਦਾ ਹੈ। ਸਰ, ਮੇਰਾ ਦੂਸਰਾ ਸਵਾਲ ਇਹ ਹੈ ਕਿ ਉਨ੍ਹਾਂ ਨੂੰ ਸਰਬੱਤ ਸਿਹਤ ਬੀਮਾ ਯੋਜਨਾ ਵਿਚ ਵੀ ਐਡ ਨਹੀਂ ਕੀਤਾ ਗਿਆ, ਜਿਵੇਂ ਕਿ ਹੁਣ ਰਿਸੈਂਟਲੀ ਪੱਤਰਕਾਰ ਭਾਈਚਾਰੇ ਨੂੰ ਵੀ ਸਰਬੱਤ ਸਿਹਤ ਬੀਮਾ ਯੋਜਨਾ ਵਿਚ ਐਡ ਕੀਤਾ ਗਿਆ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ 'ਆਸ਼ਾ ਵਰਕਰਾਂ' ਨੂੰ ਵੀ ਸਰਬੱਤ ਸਿਹਤ ਬੀਮਾ ਯੋਜਨਾ ਵਿਚ ਐਡ ਕੀਤਾ ਜਾਵੇਗਾ?

**ਮੰਤਰੀ:** ਇਨ੍ਹਾਂ ਦੀ ਗੱਲ ਬਿਲਕੁਲ ਵਾਜਬ ਹੈ ਜੀ। ਸਾਡੀ ਇਹ ਜਿਹੜੀ ਸਕੀਮ ਹੈ, ਇਹ ਬੜੀ ਪਾਪੂਲਰ ਹੋਈ ਹੈ। ਇੱਥੇ ਫਾਈਨਾਂਸ ਮਨਿਸਟਰ ਸਾਹਿਬ ਬੈਠੇ ਹਨ, ਅਸੀਂ ਇਸ ਸਕੀਮ ਨੂੰ ਯੂਨੀਵਰਸਲ ਕਰਨ ਬਾਰੇ ਸੋਚ ਰਹੇ ਹਾਂ, ਉਸ ਤਰ੍ਹਾਂ 90% ਅਬਾਦੀ ਕਵਰ ਹੋ ਜਾਵੇਗੀ ਪਰ ਜਿਥੋਂ ਤੱਕ 'ਆਸ਼ਾ ਵਰਕਰ' ਦਾ ਸਵਾਲ ਹੈ, ਮੇਰੇ ਹਿਸਾਬ ਨਾਲ ਜਿਨ੍ਹਾਂ ਕੋਲ ਨੀਲਾ ਕਾਰਡ ਹੈ, ਉਹ ਸਕੀਮ ਵਿਚ ਆਲਰੇਡੀ ਕਵਰਡ ਹਨ।

**ਮਾਨਯੋਗ ਸਪੀਕਰ:** ਸੰਦੋਆ ਜੀ, ਸਪਲੀਮੈਂਟਰੀ ਕਰੋ। ਇਹ ਤੁਹਾਡਾ ਵੀ ਸਵਾਲ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਉਨ੍ਹਾਂ ਨੂੰ ਤਾਂ ਪਹਿਲਾਂ ਤੁਸੀਂ ਚਾਰ ਸਪਲੀਮੈਂਟਰੀਜ਼ ਦੇ ਦਿੱਤੀਆਂ ਸਨ।

**ਮਾਨਯੋਗ ਸਪੀਕਰ:** ਨਹੀਂ ਜੀ, ਇਹ ਤੁਹਾਡਾ ਅਤੇ ਸੰਦੋਆ ਜੀ ਦਾ ਸਾਂਝਾ ਸਵਾਲ ਹੈ। ਇਸ ਕਰਕੇ ਇਹ ਸਪਲੀਮੈਂਟਰੀ ਪੁੱਛਣਗੇ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਰ, ਵੈਸੇ ਤਾਂ ਮੰਤਰੀ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਪਰ ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਬੇਨਤੀ ਕਰਨੀ ਹੈ ਕਿ ਆਂਧਰਾ ਪ੍ਰਦੇਸ਼ ਵਿਚ 'ਆਸ਼ਾ ਵਰਕਰ' ਨੂੰ 10,000 ਰੁਪਿਆ ਪ੍ਰਤੀ ਮਹੀਨਾ ਮਿਲਦਾ ਹੈ, ਰਾਜਸਥਾਨ ਅਤੇ ਹਰਿਆਣਾ ਵਿਚ ਵੀ ਵੱਧ ਪੈਸਾ ਮਿਲਦਾ ਹੈ। ਕੇਰਲਾ ਵਿਚ ਵੀ ਉਨ੍ਹਾਂ ਵਾਸਤੇ 15000 ਰੁਪਿਆ ਪ੍ਰਤੀ ਮਹੀਨਾ ਤਨਖਾਹ ਹੈ, ਉਹ ਉਥੇ ਪੱਕੇ ਮੁਲਾਜ਼ਮ ਵੀ ਹਨ। ਜੇਕਰ ਤੁਸੀਂ ਵੀ ਇਨ੍ਹਾਂ ਨੂੰ ਪੱਕੇ ਕਰ ਦਿਉ ਤਾਂ ਬਹੁਤ ਵਧੀਆ ਕੰਮ ਹੋ ਜਾਵੇਗੀ। ਇਹ 'ਆਸ਼ਾ ਵਰਕਰ' ਵਿਚਾਰੀਆਂ ਬਹੁਤ ਟਾਈਮ ਤੋਂ ਕੰਮ ਕਰ ਰਹੀਆਂ ਹਨ ਅਤੇ ਇਨ੍ਹਾਂ ਦੀ ਪੰਜਾਬ ਦੇ ਲੈਵਲ ਤੇ ਮੰਗ ਵੀ ਹੈ, ਇਹ ਮੰਗਾਂ ਮਨਵਾਉਣ ਲਈ ਧਰਨੇ ਵੀ ਲਗਾਉਂਦੀਆਂ ਰਹਿੰਦੀਆਂ ਹਨ ਅਤੇ ਸਾਡੇ ਕੋਲ ਵੀ ਮੰਗ ਲੈ ਕੇ ਵਾਰ-ਵਾਰ ਆਉਂਦੀਆਂ ਰਹਿੰਦੀਆਂ ਹਨ। ਮੰਤਰੀ ਸਾਹਿਬ, ਤੁਸੀਂ ਕੋਈ ਵਿਸ਼ਵਾਸ ਦਿਵਾ ਦਿਉ ਕਿ ਇਨ੍ਹਾਂ ਨੂੰ ਪੱਕੇ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਮੰਤਰੀ ਜੀ, ਇਨ੍ਹਾਂ ਦੀ ਰਿਕੁਐਸਟ ਹੈ ਜੀ।

Under Print
Not for Legal/Official use

**ਮੰਤਰੀ:** ਸਪੀਕਰ ਸਾਹਿਬ, ਇਹ ਮਾਮਲਾ ਸਰਕਾਰ ਦੀ ਪੱਧਰ 'ਤੇ ਵਿਚਾਰ ਲਿਆ ਜਾਵੇਗਾ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪਲੀਮੈਂਟਰੀ, ਸਰ।

**ਮਾਨਯੋਗ ਸਪੀਕਰ:** ਵੈਸੇ ਤਾਂ ਤੁਹਾਡੀਆਂ ਸਪਲੀਮੈਂਟਰੀਜ਼ ਹੋ ਗਈਆਂ ਹਨ ਪਰ ਦੱਸੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਗਰਭਵਤੀ ਔਰਤਾਂ ਦੀ ਡਿਲੀਵਰੀ ਹੁੰਦੀ ਹੈ ਅਤੇ 'ਆਸ਼ਾ ਵਰਕਰਾਂ' ਉਸ ਦੇ ਨਾਲ ਰੁਕਦੀਆਂ ਹਨ ਤਾਂ ਉਨ੍ਹਾਂ ਦੇ ਰਹਿਣ ਦਾ ਵੀ ਕੋਈ ਪ੍ਰਬੰਧ ਨਹੀਂ ਹੁੰਦਾ। ਕੀ ਗਰਭਵਤੀ ਔਰਤਾਂ ਦੀ ਡਿਲੀਵਰੀ ਸਮੇਂ 'ਆਸ਼ਾ ਵਰਕਰਾਂ' ਨੂੰ ਰਾਤ ਸਮੇਂ ਰੁਕਣ ਲਈ ਲੇਬਰ ਰੂਮ ਦੇ ਨੇੜੇ ਇੱਕ ਕਮਰੇ ਦਾ ਪ੍ਰਬੰਧ ਕੀਤਾ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਇਹ ਪਰਪੋਜ਼ਲ ਆਲਰੇਡੀ ਕਈ ਜਗ੍ਹਾ ਤੇ ਲਾਗੂ ਕਰ ਦਿੱਤੀ ਗਈ ਹੈ ਔਰ ਅਸੀਂ ਸਾਰੇ ਪੰਜਾਬ ਵਿਚ ਇਹ ਕਮਰੇ ਜ਼ਰੂਰ ਬਣਾ ਕੇ ਦਿਆਂਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਇਸ ਦੇ ਨਾਲ ਹੀ ਰਲਦਾ ਸਵਾਲ ਹੈ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਏ.ਐਨ.ਐਮ. ਜਾਂ ਬੀ.ਐਸ.ਸੀ. ਨਰਸਿੰਗ ਕਰਨ ਵਾਲੇ ਬੱਚੇ, ਜਿਨ੍ਹਾਂ ਨੇ ਲੱਖਾਂ ਰੁਪਿਆ ਪੜ੍ਹਾਈ ਤੇ ਖਰਚਿਆ ਹੈ, ਉਨ੍ਹਾਂ ਏ.ਐਨ.ਐਮ. ਦੀ ਸੈਲਰੀ 8500 ਰੁਪਏ, ਸਟਾਫ ਨਰਸ ਦੀ 10 ਹਜ਼ਾਰ ਰੁਪਿਆ ਤੇ ਪੈਰਾ ਮੈਡੀਕਲ ਸਟਾਫ ਦੀ 9 ਹਜ਼ਾਰ ਰੁਪਿਆ ਤਨਖਾਹ ਹੈ। ਸੋ, ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਨ੍ਹਾਂ ਦੀ ਤਨਖਾਹ ਥੋੜ੍ਹੀ ਬਹੁਤ ਵਧਾ ਦਿਓ। ਇਨ੍ਹਾਂ ਨੇ ਲੱਖਾਂ ਰੁਪਿਆ ਆਪਣੀ ਪੜ੍ਹਾਈ ਤੇ ਖਰਚ ਕੀਤਾ ਹੋਇਆ ਹੈ। ਜੇਕਰ ਇਹ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਵੀ ਜਾਂਦੇ ਹਨ ਤਾਂ ਏ.ਐਨ.ਐਮ. ਜਾਂ ਬੀ.ਐਸ.ਸੀ. ਨਰਸਿੰਗ ਵਾਲਿਆਂ ਨੂੰ 15-15 ਹਜ਼ਾਰ ਰੁਪਿਆ ਤਨਖਾਹ ਮਿਲਦੀ ਹੈ। ਸੋ, ਮੇਰੀ ਗੁਜਾਰਿਸ਼ ਹੈ ਕਿ ਥੋੜ੍ਹੀ ਬਹੁਤ ਤਨਖਾਹ ਜ਼ਰੂਰ ਵਧਾਈ ਜਾਵੇ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਗੌਰ ਕਰੋਗੇ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਬਿਲਕੁਲ ਸਹੀ ਹੈ। ਅੱਜ ਦੀ ਤਰੀਕ ਵਿਚ ਪੈਰਾ ਮੈਡੀਕਲ ਸਟਾਫ ਜਾਂ ਡਾਕਟਰਾਂ ਦੀ ਤਨਖਾਹ ਵਾਕਿਆ ਹੀ ਘੱਟ ਹੈ ਪਰ ਜਿਹੜੇ ਸਾਡੇ ਸਾਥੀ ਪਿਛਲੇ 10 ਸਾਲ ਇਥੇ ਰਹੇ ਹਨ, ਉਨ੍ਹਾਂ ਨੇ ਖਜ਼ਾਨਾ ਖਾਲੀ ਕਰ ਦਿੱਤਾ ਸੀ। ਸੋ, ਹੁਣ ਜਿਉਂ-ਜਿਉਂ ਖਜ਼ਾਨੇ ਵਿਚ ਪੈਸੇ ਆਉਣਗੇ, ਤਿਉਂ ਤਿਉਂ ਅਸੀਂ ਸਾਰੇ ਕੰਮ ਕਰਦੇ ਜਾਵਾਂਗੇ।

--------

**ਸ.ਪ. ਸਕੂਲ ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ ਦੀ ਬਿਲਡਿੰਗ ਦੀ ਮੁਰੰਮਤ**

*2662. **ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

Under Print
Not for Legal/Official use

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਦੀ ਬਿਲਡਿੰਗ ਦੀ ਹਾਲਤ ਖਸਤਾ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਸ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਦੀ ਮੁਰੰਮਤ ਜਾਂ ਇਸ ਦੀ ਥਾਂ ਤੇ ਨਵੀਂ ਬਿਲਡਿੰਗ ਬਣਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਵਿੱਚ 6 ਕਮਰੇ ਮੌਜੂਦ ਹਨ ਜਿਨ੍ਹਾਂ ਵਿੱਚੋਂ 5 ਕਮਰਿਆਂ ਦੀ ਹਾਲਤ ਠੀਕ ਨਹੀਂ ਹੈ।

(ਅ) ਇਨ੍ਹਾਂ ਕਮਰਿਆਂ ਦੀ ਮੁਰੰਮਤ ਲਈ ਰਿਪੇਅਰ ਗਰਾਂਟ ਜਾਰੀ ਕੀਤੀ ਜਾ ਰਹੀ ਹੈ।

ਸਪੀਕਰ ਸਾਹਿਬ, ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਵਿਚ ਜਿਹੜੇ ਕਮਰੇ ਹਨ, ਉਨ੍ਹਾਂ ਦੀ ਹਾਲਤ ਠੀਕ ਨਹੀਂ ਹੈ। ਉਸ ਦਾ 7 ਲੱਖ 35 ਹਜ਼ਾਰ ਰੁਪਏ ਦਾ ਐਸਟੀਮੇਟ ਲੱਗਿਆ ਸੀ ਤੇ ਉਸ ਨੂੰ ਪ੍ਰਵਾਨ ਕਰ ਦਿੱਤਾ ਗਿਆ ਹੈ ਅਤੇ 31 ਮਾਰਚ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਕਮਰਿਆਂ ਦੀ ਰਿਪੇਅਰ ਦਾ ਕੰਮ ਚਾਲੂ ਹੋ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਸਿੰਗਲਾ ਜੀ ਦਾ ਬਹੁਤ ਸਤਿਕਾਰ ਕਰਦਾ ਹਾਂ। ਇਨ੍ਹਾਂ ਨੇ ਇਹ ਗੱਲ ਕਬੂਲ ਲਈ ਹੈ ਕਿ 6 ਕਮਰੇ ਹਨ, ਜਿਨ੍ਹਾਂ ਵਿਚੋਂ 5 ਦੀ ਹਾਲਤ ਖਸਤਾ ਹੈ। ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਛੱਤ ਵੀ ਡਿੱਗਣ ਵਾਲੀ ਹੈ। ਕਿਤੇ ਇਹ ਨਾ ਹੋਵੇ ਕਿ ਕੱਲ੍ਹ ਨੂੰ ਕੋਈ ਹਾਦਸਾ ਹੋ ਜਾਵੇ ਅਤੇ ਕਿਸੇ ਬੱਚੇ ਦਾ ਨੁਕਸਾਨ ਹੋ ਜਾਵੇ। How will you ensure that no kid is injured ਕਿਉਂਕਿ ਬੱਚਿਆਂ ਨੂੰ ਸਮਝ ਹੀ ਨਹੀਂ ਹੈ, ਉਨ੍ਹਾਂ ਨੂੰ ਤਾਂ ਜਿਥੇ ਕਿਹਾ ਜਾਂਦਾ ਹੈ, ਉਹ ਉੱਥੇ ਜਾ ਕੇ ਬਹਿ ਜਾਂਦੇ ਹਨ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 31 ਮਾਰਚ ਤੱਕ ਕੰਮ ਸ਼ੁਰੂ ਕਰ ਦਿਆਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 31 ਮਾਰਚ ਤੱਕ 100 ਫੀਸਦੀ ਕੰਮ ਕਰ ਦਿਓ। It will be very appreciable only then we can really call it a smart school.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਕਮਰਾ ਬਣਾਉਣ ਦੀ ਪੰਜਾਬ ਸਰਕਾਰ ਦੀ ਲਾਗਤ ਕਿੰਨੀ ਹੈ? ਇਕ ਕਮਰੇ ਦੀ ਲਾਗਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ 7 ਲੱਖ ਰੁਪਏ ਹੈ। ਮੈਨੂੰ ਲਗਦਾ ਹੈ ਕਿ ਇਕ ਕਮਰੇ ਦੀ ਕੀਮਤ ਹੀ 7 ਲੱਖ ਰੁਪਏ ਦੱਸ ਰਹੇ ਹਨ। ਇਸ ਕਰਕੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ ਉਸਾਰੇ ਜਾ ਰਹੇ ਇਕ ਕਮਰੇ ਦੀ ਕੀਮਤ ਕਿੰਨੀ ਹੈ?

Under Print
Not for Legal/Official use

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਕ ਮਿੰਟ ਜੀ। ਮੰਤਰੀ ਸਾਹਿਬ ਨੂੰ ਪਤਾ ਹੈ ਕਿ ਸ਼੍ਰੀ ਭਗਵੰਤ ਮਾਨ ਜੀ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਹਨ ਤੇ ਜਦੋਂ ਅਸੀਂ ਉਨ੍ਹਾਂ ਤੋਂ ਗਰਾਂਟ ਲੈਂਦੇ ਹਾਂ ਤਾਂ ਅਸੀਂ 5 ਲੱਖ ਵਿਚ ਦੋ ਕਮਰੇ ਬਣਾ ਦਿੰਦੇ ਹਾਂ। ਮੈਂ ਇਸੇ ਲਈ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੀ ਇਕ ਕਮਰੇ ਦੀ ਲਾਗਤ 7 ਲੱਖ ਰੁਪਿਆ ਹੈ ਜਦੋਂ ਕਿ ਉਹੀ ਕਮਰੇ ਅਸੀਂ ਢਾਈ ਲੱਖ ਰੁਪਏ ਵਿਚ ਤਿਆਰ ਕਰ ਰਹੇ ਹਾਂ ਫਿਰ ਸਰਕਾਰ 7 ਲੱਖ ਰੁਪਏ ਵਿਚ ਕਿਉਂ ਕਰ ਰਹੀ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਲੀਡਰ ਆਫ ਦਿ ਆਪੋਜੀਸ਼ਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਅਸੀਂ 7 ਲੱਖ 35 ਹਜ਼ਾਰ ਦੀ ਰਾਸ਼ੀ ਮਨਜ਼ੂਰ ਕੀਤੀ ਹੈ। ਜਿਵੇਂ ਮਾਨਯੋਗ ਮੈਂਬਰ ਸਾਹਿਬ ਨੇ ਸਵਾਲ ਕੀਤਾ ਸੀ, ਉਸ ਮੁਤਾਬਿਕ 5 ਕਮਰਿਆਂ ਦੀ ਰਿਪੇਅਰ ਹੋਣੀ ਸੀ ਤੇ ਪੰਜ ਕਮਰਿਆਂ ਦੀ ਰਿਪੇਅਰ ਦਾ ਐਸਟੀਮੇਟ 7 ਲੱਖ 35 ਹਜ਼ਾਰ ਰੁਪਿਆ ਲੱਗਿਆ ਹੈ ਕਿਉਂਕਿ ਕਮਰਿਆਂ ਦੀ ਹਾਲਤ ਬਹੁਤ ਖਸਤਾ ਸੀ। ਸੋ, ਇਸ ਕਰਕੇ ਇਹ ਕਹਿਣਾ ਕਿ 7 ਲੱਖ 35 ਹਜ਼ਾਰ ਦਾ ਇਕ ਕਮਰਾ ਬਣਾ ਦਿੱਤਾ, ਮਾਨਯੋਗ ਭਗਵੰਤ ਮਾਨ ਜੀ ਪੰਜ ਲੱਖ ਵਿਚ ਦੋ ਕਮਰੇ ਬਣਾ ਦਿੰਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਦੋਵਾਂ ਗੱਲਾਂ ਵਿਚ ਫਰਕ ਹੈ। ਸਰਕਾਰ ਵੱਲੋਂ ਨਿਰਧਾਰਤ ਸਟੈਂਡਰਜ਼ ਤੇ ਹੀ ਕਮਰਾ ਤਿਆਰ ਹੁੰਦਾ ਹੈ, ਜਿਸ ਵਿਚ ਸਾਰੇ ਨਾਰਮਜ਼ ਨੂੰ ਫੁੱਲਫਿਲ ਕੀਤਾ ਜਾਂਦਾ ਹੈ। ਬਾਕੀ ਹਰ ਜਗ੍ਹਾ ਤੇ ਵੱਖਰੇ ਵੱਖਰੇ ਸਾਈਜ਼ ਦੇ ਕਮਰੇ ਬਣਦੇ ਹਨ, ਕਿਸੇ ਕਮਰੇ ਨੂੰ ਸਾਇੰਸ ਦੀ ਕਲਾਸ ਵਾਸਤੇ ਵਰਤਣਾ ਹੁੰਦਾ ਹੈ, ਕਿਸੇ ਕਮਰੇ ਨੂੰ ਲਾਇਬ੍ਰੇਰੀ ਵਾਸਤੇ ਵਰਤਣਾ ਹੁੰਦਾ ਹੈ। ਸੋ, ਇਕ ਸਟੈਂਡਰਡ ਰੂਮ, ਜਿਸ ਨੂੰ ਨਾਬਾਰਡ ਮਨਜ਼ੂਰ ਕਰਦੀ ਹੈ, ਉਹ 7 ਲੱਖ 50 ਹਜ਼ਾਰ ਰੁਪਏ ਵਿਚ ਬਣਦਾ ਹੈ। ਜਿਵੇਂ ਮੈਂਬਰ ਸਾਹਿਬ ਨੇ ਗੱਲ ਰੱਖੀ ਹੈ ਕਿ ਬਾਕੀ ਪ੍ਰਾਇਮਰੀ, ਮਿਡਲ ਜਾਂ ਸੀਨੀਅਰ ਸੈਕੰਡਰੀ ਸਕੂਲਾਂ ਦੇ ਕਮਰਿਆਂ ਵਿਚ ਜਿੱਥੇ ਖਸਤਾ ਹਾਲਤ ਹੈ, ਉਨ੍ਹਾਂ ਵਾਸਤੇ ਇਹ ਐਨਸ਼ਿਓਰ ਕੀਤਾ ਜਾਵੇ ਕਿ ਪੈਸਾ ਰਿਲੀਜ਼ ਹੋ ਜਾਵੇ ਤੇ ਬੱਚੇ ਸੇਫ ਰਹਿਣ ਤਾਂ ਮੈਂ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਿੱਖਿਆ ਦਾ ਮਹਿਕਮਾ ਸਾਡੇ ਸਾਰਿਆਂ ਦੇ ਨਿੱਜੀ ਜੀਵਨ ਨਾਲ ਜੁੜਿਆ ਹੋਇਆ ਹੈ ਅਤੇ ਇੱਥੇ ਜੇਕਰ ਇਸ ਸਬੰਧੀ ਕੋਈ ਰਾਜਨੀਤੀ ਕੀਤੀ ਜਾਵੇ ਤਾਂ ਉਹ ਚੰਗੀ ਗੱਲ ਨਹੀਂ ਹੈ। ਅਸੀਂ 120 ਕਰੋੜ ਰੁਪਿਆ ਨਾਬਾਰਡ ਦੇ ਪ੍ਰਾਜੈਕਟ ਅਧੀਨ ਮਨਜ਼ੂਰ ਕੀਤਾ ਹੈ, ਜਿਸ ਵਿਚ ਅੰਦਾਜ਼ਨ 1600 ਨਵੇਂ ਕਲਾਸਰੂਮ ਸਾਰੇ ਪੰਜਾਬ ਦੇ ਸਕੂਲਾਂ ਵਿਚ ਆ ਰਹੇ ਹਨ, ਇਸ ਸਬੰਧੀ ਸਕੂਲਾਂ ਨੂੰ 52 ਕਰੋੜ
ਰੁਪਿਆ ਆਲਰੇਡੀ ਰਿਲੀਜ਼ ਹੋ ਚੁੱਕਿਆ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ....

**Mr.Speaker:** There should be end to something.

Under Print
Not for Legal/Official use

**Sardar Birkram Singh Majithia:** I just want one assurance. ਸਰ, ਕੀ ਮੰਤਰੀ ਜੀ ਨੇ ਐਸ਼ਿਓਰੈਂਸ ਦੇ ਦਿੱਤੀ ਹੈ ਜੀ? Can we treat it as an assurance?

**ਮਾਨਯੋਗ ਸਪੀਕਰ:** ਤੁਹਾਨੂੰ ਦੇ ਦਿੱਤੀ ਹੈ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2426**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

--------

**ਸ਼ਹਿਰ ਵਿੱਚ ਮਕਾਨ ਬਣਾਉਣ ਲਈ ਪਲਿੰਥ ਲੈਵਲ ਨਿਰਧਾਰਤ ਕਰਨਾ**

*2402. **ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ- (ੳ) ਕੀ ਇਹ ਠੀਕ ਹੈ ਸ਼ਹਿਰਾਂ ਵਿੱਚ ਮਕਾਨ ਬਣਾਉਣ ਲਈ ਕੋਈ ਪਲਿੰਥ ਲੈਵਲ ਨਿਰਧਾਰਿਤ ਕੀਤਾ ਹੋਇਆ ਹੈ:

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੈ ਤਾਂ ਸ਼ਹਿਰਾਂ ਵਿੱਚ ਮਕਾਨ ਬਣਾਉਣ ਸਮੇਂ ਹਰ ਵਿਅਕਤੀ ਵੱਲੋਂ ਮਕਾਨ ਦਾ ਪਲਿੰਥ ਲੈਵਲ ਅਲੱਗ-ਅਲੱਗ ਕਿਉਂ ਰੱਖਿਆ ਹੋਇਆ ਹੈ ਅਤੇ ਨਿਰਧਾਰਤ ਪਲਿੰਥ ਲੈਵਲ ਅਨੁਸਾਰ ਮਕਾਨ ਨਾ ਬਣਾਉਣ ਵਾਲਿਆਂ ਵਿਰੁੱਧ ਵਿਭਾਗ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ?

**ਸ਼੍ਰੀ ਬ੍ਰਹਮ ਮਹਿੰਦਰਾ** : ਸ਼੍ਰੀਮਾਨ ਜੀ, (ੳ) ਜੀ ਹਾਂ। ਸ਼ਹਿਰਾਂ ਵਿੱਚ ਮਕਾਨ ਬਣਾਉਣ ਲਈ ਘੱਟੋ-ਘੱਟ ਪਲਿੰਥ ਲੈਵਲ ਤੈਅ ਕੀਤਾ ਜਾਂਦਾ ਹੈ।

(ਅ) ਪੰਜਾਬ ਮਿਊਂਸਿਪਲ ਬਿਲਡਿੰਗ ਬਾਇਲਾਜ਼ ਸਮੇਂ-ਸਮੇਂ ਤੋਂ ਨੋਟੀਫਾਈ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਅਨੁਸਾਰ ਬਿਲਡਿੰਗਾਂ ਦਾ ਪਲਿੰਥ ਲੈਵਲ ਘੱਟੋ-ਘੱਟ 1.5 ਫੁੱਟ ਰੱਖਣ ਦੀ ਆਗਿਆ ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਆਪਣੇ ਪੱਧਰ ਤੇ ਦਿੱਤੀ ਜਾਂਦੀ ਹੈ। ਪਲਿੰਥ ਲੈਵਲ ਦੀ ਕੋਈ ਅੱਪਰ ਲਿਮਟ ਫਿਕਸ ਨਹੀਂ ਹੈ। ਇਸ ਕਰਕੇ ਹਰ ਵਿਅਕਤੀ ਮਕਾਨ ਦਾ ਪਲਿੰਥ ਲੈਵਲ ਅਲੱਗ-ਅਲੱਗ ਰੱਖ ਲੈਂਦਾ ਹੈ। ਜੇਕਰ ਇਹ ਲੈਵਲ 1.5 ਫੁੱਟ ਤੋ ਘੱਟ ਰੱਖਿਆ ਜਾਂਦਾ ਹੈ ਤਾਂ ਉਸ ਨੂੰ ਹਦਾਇਤਾਂ ਮੁਤਾਬਿਕ ਪਨੈਲਟੀ ਵਜੋਂ ਕੰਪਾਉਂਡਿੰਗ ਚਾਰਜਿਜ਼ ਭਰਨੇ ਪੈਂਦੇ ਹਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਇਕੱਲੇ ਸ਼ਹਿਰਾਂ ਦੀ ਗੱਲ ਨਹੀਂ, ਆਪਾਂ ਪਿੰਡਾਂ ਦੇ ਵਿੱਚ ਵੀ ਰਹਿੰਦੇ ਹਾਂ ਪਰ ਪਲਿੰਥ ਲੈਵਲ ਦੀ ਗੱਲ ਸ਼ਹਿਰਾਂ ਨਾਲ ਸਬੰਧਤ ਕੀਤੀ ਹੈ ਕਿ ਡੇਢ ਫੁੱਟ ਮਿਨੀਮਮ ਪਲਿੰਥ ਲੈਵਲ ਰੱਖਦੇ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਮਿਨੀਮਮ ਤੋਂ ਘੱਟ ਰੱਖਣ ਤੇ compounding charges ਲੱਗਣਗੇ। ਜੇਕਰ maximum ਕੋਈ ਡੇਢ ਫੁੱਟ ਦੀ ਬਜਾਏ 6 ਫੁੱਟ ਰੱਖ ਲੈਂਦਾ ਹੈ ਅਤੇ ਬਾਅਦ

ਵਿੱਚ ਪੋਲੀਟਿਕਲੀ ਜਾਂ ਕਿਸੇ ਤਰੀਕੇ ਨਾਲ ਆਪਣੀ ਪਹੁੰਚ ਵਰਤ ਕੇ ਕਹਿੰਦਾ ਹੈ ਕਿ ਸੜਕ ਉੱਚੀ ਕਰ ਦਿਓ ਜਾਂ ਨੀਵੀਂ ਕਰ ਦਿਓ। ਸ਼ਹਿਰਾਂ ਵਿੱਚ ਇਸ ਵੇਲੇ ਹਾਲਾਤ ਕੀ ਹਨ, ਜੇਕਰ ਕੋਈ ਗਲੀ ਪੱਕੀ ਕਰਨੀ ਹੋਵੇ, ਸੜਕ ਪੱਕੀ ਕਰਨੀ ਹੋਵੇ ਤਾਂ ਕਦੇ ਉਸ ਨੂੰ ਉੱਚਾ ਰੱਖਣ ਵਾਸਤੇ ਅਤੇ ਕਦੇ ਨੀਵਾਂ ਰੱਖਣ ਵਾਸਤ ਮੁਜ਼ਾਹਰੇ ਹੁੰਦੇ ਹਨ। ਜੇ ਅਸੀਂ ਆਜ਼ਾਦੀ ਤੋਂ 70-72 ਸਾਲ ਬਾਅਦ ਵੀ ਕਿਸੇ ਤਰ੍ਹਾਂ ਦਾ ਮੈਕੇਨਿਜ਼ਮ ਤਿਆਰ ਨਹੀਂ ਕਰ ਸਕੇ ਤਾਂ ਅਸੀਂ ਕਿਸ ਚੀਜ਼ ਦੀ ਡਿਵੈਲਪਮੈਂਟ ਕਰ ਰਹੇ ਹਾਂ? ਮੇਰੇ ਖਿਆਲ ਵਿੱਚ plinth level ਦੀ upper limit and lower limit ਫਿਕਸ ਹੋਣੀ ਚਾਹੀਦੀ ਹੈ।ਸ਼ਹਿਰਾਂ ਦੀ ਇਸ ਵੇਲੇ ਜਿਹੜੀ ਉਘੜੀ-ਦੁਘੜੀ ਡਿਵੈਲਪਮੈਂਟ ਹੋ ਰਹੀ ਹੈ, ਇਸ ਦੇ ਲਈ ਕਿਸੇ ਨੂੰ ਤਾਂ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ? ਕੀ ਮੰਤਰੀ ਜੀ ਇਹ ਦੱਸਣਗੇ ਕਿ plinth level ਦੀ upper limit ਲਾਗੂ ਕਰਨ ਦੀ ਕੋਈ ਸਰਕਾਰ ਦੀ ਪਾਲਿਸੀ ਹੈ? ਜੇ ਹੈ ਤਾਂ ਕਦੋਂ ਤੱਕ ਲਾਗੂ ਕਰਕੇ ਅਸੀਂ ਸ਼ਹਿਰਾਂ ਨੂੰ ਨਿਯੰਤਰਣ ਦੇ ਵਿੱਚ ਲੈ ਕੇ ਆਵਾਂਗੇ?

**ਮੰਤਰੀ:** ਸਪੀਕਰ ਸਾਹਿਬ, upper limit ਫਿਕਸ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਜੇ upper limit fix ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਤਾਂ ਜਿਹੜੀਆਂ ਸ਼ਹਿਰਾਂ ਵਿਚ ਲੜਾਈਆਂ ਪਲਿੰਥ ਲੈਵਲ ਨੂੰ ਲੈ ਕੇ, ਗਲੀਆਂ ਪੱਕੀਆਂ ਕਰਨ ਵੇਲੇ, ਨਾਲੀਆਂ ਬਣਾਉਣ ਵੇਲੇ ਹੋ ਰਹੀਆਂ ਹਨ ਤਾਂ ਇਸ ਦੀ ਜ਼ਿੰਮੇਵਾਰੀ ਕੋਣ ਲਏਗਾ? ਮੰਤਰੀ ਜੀ ਇਸ ਬਾਰੇ ਜ਼ਰੂਰ ਬਿਆਨ ਦੇਣ।

**ਮੰਤਰੀ:** ਸਰ, ਮੈਂ ਇਸ ਤੇ ਇੱਕ ਗੱਲ ਕਹਿਣੀ ਚਾਹਾਂਗਾ ਕਿ ਜਿਹੜੀ ਸੜਕ ਹੈ, ਉਹ ਜ਼ੀਰੋ ਲੈਵਲ ਹੈ।

**ਮਾਨਯੋਗ ਸਪੀਕਰ:** ਮੰਤਰੀ ਜੀ, ਮਸਲਾ ਤਾਂ ਇਹ ਹੈ, ਇਹ Issue ਤਾਂ ਸ਼ਹਿਰਾਂ ਵਿੱਚ ਹੈ।

**ਮੰਤਰੀ:** ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਇਹ ਈਸ਼ੂ ਆ ਜਾਂਦਾ ਹੈ ਜੀ। ਲੋਕ ਹਾਇਰ ਲੈਵਲ ਤੇ ਚਲੇ ਜਾਂਦੇ ਹਨ। ਸਰ, ਇਸ ਗੱਲ ਲਈ consensus ਹੁੰਦੀ ਹੈ ਜੀ। ਆਪਾਂ ਇਹ ਫਿਕਸ ਨਹੀਂ ਕਰ ਸਕਦੇ ਕਿ ਇੰਨੇ ਪਲਿੰਥ ਲੈਵਲ ਤੱਕ ਹੀ ਰਹਿ ਜਾਏ।If somebody wants to raise the level of the house, ਉਸ ਨੂੰ ਆਪਾਂ ਨਹੀਂ ਰੋਕ ਸਕਦੇ। ਸੜ੍ਹਕ ਦੇ ਜ਼ੀਰੋ ਲੈਵਲ ਤੋਂ ਡੇਢ ਫੁੱਟ ਉੱਚਾ ਰੱਖਣਾ ਜ਼ਰੂਰੀ ਹੈ। ਜਿਹੜਾ ਉੱਚਾ ਰੱਖੇਗਾ ਉਸ ਨੇ ਇਹ ਵੀ ਦੇਖਣਾ ਹੈ ਕਿ ਜਿਹੜਾ ਰੋਡ ਤੋਂ ਸੀਵਰੇਜ ਸਿਸਟਮ ਜਾ ਰਿਹਾ ਹੈ, ਮੇਰੀ ਉਸ ਨਾਲ connectivity ਹੁੰਦੀ ਵੀ ਹੈ ਕਿ ਨਹੀਂ। ਸਾਰੇ ਐਂਗਲ ਦੇਖਣੇ ਪੈਂਦੇ ਹਨ, ਇਸ ਲਈ ਇਸ ਦੀ ਅਪਰ ਲਿਮਿਟ ਫਿਕਸ ਨਹੀਂ ਕੀਤੀ ਜਾ ਸਕਦੀ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰਾ ਮੰਤਰੀ ਜੀ ਨੂੰ ਸਵਾਲ ਵੀ ਹੈ ਤੇ ਸੋਲਿਊਸ਼ਨ ਲਈ ਸੁਝਾਅ ਵੀ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਜਿਹੜੇ ਸਾਲ 2018 ਵਿੱਚ ਬਾਇ-ਲਾਅਜ਼ ਬਣੇ ਹਨ, ਉਸ ਦੇ ਵਿੱਚ ਮਿਨੀਮਮ ਡੇਢ ਫੁੱਟ ਪਲਿੰਥ ਲੈਵਲ ਫਿਕਸ ਕਰ ਦਿੱਤੀ ਗਈ ਹੈ ਅਤੇ ਅਪਰ ਲਿਮਿਟ ਨਹੀਂ ਕੀਤੀ ਹੈ ਤੇ ਉਹ ਹੋ ਵੀ ਨਹੀਂ ਸਕਦੀ, ਜਿਸ ਕਰਕੇ ਝਗੜੇ ਹੁੰਦੇ ਹਨ ਅਤੇ

Under Print
Not for Legal/Official use

ਇਹ ਆਪਾਂ ਰੋਜ਼ ਦੇਖਦੇ ਹਾਂ। ਇਸ ਦੇ ਵਿੱਚ ਇੱਕ ਗੱਲ ਮਿਸਿੰਗ ਹੈ ਅਤੇ ਉਹ ਹੈ, ਬਿਲਡਿੰਗ ਦਾ front set-back. Suppose ਕਿਸੇ ਨੇ ਬਿਲਡਿੰਗ ਵਿੱਚ ਪਲਿੰਥ ਲੈਵਲ ਡੇਢ ਫੁੱਟ ਰੱਖ ਲਿਆ ਤਾਂ ਉਸ ਦਾ ਦੋ ਫੁੱਟ ਦੇ ਵਿੱਚ ਸਰ ਜਾਏਗਾ। ਕੋਈ 6 ਫੁੱਟ ਚੁੱਕਣਾ ਚਾਹੁੰਦਾ ਹੈ ਤਾਂ ਇਹ ਇਨਸ਼ਿਓਰ ਹੋਣਾ ਚਾਹੀਦਾ ਹੈ ਕਿ ਆਪਣੀ ਬਿਲਡਿੰਗ ਨੂੰ ਪਿੱਛੇ ਲੈ ਜਾਏਗਾ ਤਾਂ ਕਿ ਪੌੜੀਆਂ ਉਸ ਦੀ ਬਿਲਡਿੰਗ ਦੇ ਵਿੱਚ ਉੱਤਰ ਜਾਣ। ਇਹ ਚੀਜ਼ ਇਸ ਦੇ ਵਿੱਚ ਮਿਸਿੰਗ ਹੈ। ਇਸ ਦਾ ਇਕੋ ਇੱਕ ਸਲਿਊਸ਼ਨ ਇਹੀ ਹੈ ਕਿ ਜੇ ਕਿਸੇ ਨੇ ਪਲਿੰਥ ਲੈਵਲ ਡੇਢ ਫੁੱਟ ਤੋਂ ਵਾਧੂ ਉਚਾ ਚੁੱਕਣਾ ਹੈ ਤਾਂ ਉਹ ਆਪਣੀ ਬਿਲਡਿੰਗ ਦਾ ਸੈੱਟ ਬੈਕ ਪਿੱਛੇ ਨੂੰ ਲੈ ਜਾਵੇ ਅਤੇ ਆਪਣੀ ਥਾਂ ਦੇ ਅੰਦਰ ਪੌੜੀਆਂ ਉਤਾਰ ਲਵੇ ਤਾਂ ਕਿ ਜਿਹੜੀ ਸਰਕਾਰੀ ਸੜਕ ਹੈ ਉਸ ਨੂੰ ਇਨਕਰੋਚ ਨਾ ਕਰੇ। ਇਸ ਨਾਲ ਪਬਲਿਕ ਦੀ ਕਨਵੀਨੀਐਂਸ ਵੀ ਹੈ। ਇਸ ਨਾਲ ਸਮੱਸਿਆ ਹੱਲ ਹੋ ਜਾਵੇਗੀ।

**ਮਾਨਯੋਗ ਸਪੀਕਰ:** ਵਿਚਾਰ ਕਰ ਲਓ ਜੀ, ਸੁਝਾਅ ਹੈ।

**ਸ਼੍ਰੀ ਅਮਨ ਅਰੋੜਾ** : ਮਿਹਰਬਾਨੀ ਜੀ।

**ਮੰਤਰੀ** : ਵਿਚਾਰ ਕਰ ਲਵਾਂਗੇ ਜੀ।

---------

## ਸਾਲ 2019-20 ਦੌਰਾਨ ਖਿਡਾਰੀਆਂ ਨੂੰ ਦਿੱਤੀਆਂ ਗਈਆਂ ਸਹੂਲਤਾਂ

***2412. ਸ਼੍ਰੀ ਪਵਨ ਕੁਮਾਰ ਟੀਨੂ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਖੇਡ ਵਿਭਾਗ ਵੱਲੋਂ ਸਾਲ 2019-20 ਦੇ ਸੈਸ਼ਨ ਦੌਰਾਨ ਖੇਡ ਵਿੰਗਾਂ ਵਿੱਚ ਕੁੱਲ ਕਿੰਨੇ ਖਿਡਾਰੀਆਂ ਨੂੰ ਕਿਸ ਮਿਤੀ ਤੋਂ ਸ਼ਾਮਲ ਕੀਤਾ ਗਿਆ? ਵਿੰਗਾਂ ਵਿੱਚ ਸ਼ਾਮਲ ਖਿਡਾਰੀਆਂ ਨੂੰ ਕੀ ਕੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਖੇਡਾਂ ਦਾ ਕੀ ਕੀ ਸਾਮਾਨ ਦਿੱਤਾ ਜਾਂਦਾ ਹੈ, ਵਿਸਥਾਰ ਸਹਿਤ ਦੱਸਿਆ ਜਾਵੇ।

**ਰਾਣਾ ਗੁਰਮੀਤ ਸਿੰਘ ਸੋਢੀ**: ਜੀ ਹਾਂ। ਸਾਲ 2019-20 ਦੇ ਸੈਸ਼ਨ ਦੌਰਾਨ ਸਪੋਰਟਸ ਵਿੰਗਾਂ ਵਿੱਚ ਕੁੱਲ 4140 ਖਿਡਾਰੀਆਂ ਨੂੰ ਮਹੀਨਾ ਜੁਲਾਈ, 2019 ਅਤੇ ਇਸ ਤੋਂ ਬਾਅਦ ਦਾਖਲ ਕੀਤਾ ਗਿਆ। ਵਿੰਗਾਂ ਵਿੱਚ ਦਾਖਲ ਰੈਜ਼ੀਡੈਂਸ਼ੀਅਲ ਖਿਡਾਰੀਆਂ ਨੂੰ 200/- ਰੁਪਏ ਅਤੇ ਡੇ-ਸਕਾਲਰ ਖਿਡਾਰੀਆਂ ਨੂੰ 100/- ਰੁਪਏ ਪ੍ਰਤੀ ਖਿਡਾਰੀ ਪ੍ਰਤੀ ਦਿਨ ਦੀ ਦਰ ਨਾਲ ਖੁਰਾਕ/ਰਿਫਰੈਸ਼ਮੈਂਟ, ਟਰੇਨਿੰਗ ਅਤੇ ਖਿਡਾਰੀਆਂ ਦੀਆਂ ਗੇਮਾਂ ਨਾਲ ਸਬੰਧਿਤ ਖੇਡ ਸਾਮਾਨ ਮੁਹੱਈਆ ਕਰਵਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਰੈਜ਼ੀਡੈਂਸ਼ੀਅਲ ਖਿਡਾਰੀਆਂ ਨੂੰ ਰਹਿਣ, ਖਾਣ-ਪੀਣ, ਡਾਕਟਰੀ ਸਹਾਇਤਾ ਅਤੇ ਪੜ੍ਹਾਈ-ਲਿਖਾਈ ਦੀ ਮੁਫਤ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਪੜ੍ਹਾਈ ਵਿੱਚ ਕਮਜ਼ੋਰ ਖਿਡਾਰੀਆਂ ਲਈ ਖਾਸ ਟਿਊਸ਼ਨ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਪਿਛਲੀ ਵਾਰ ਵੀ ਮੇਰਾ ਇਹ ਸਵਾਲ ਸੀ, ਉਦੋਂ ਮੰਤਰੀ ਜੀ ਨੇ ਕਿਹਾ ਸੀ ਕਿ ਲੋਕ ਸਭਾ ਇਲੈਕਸ਼ਨਾਂ ਕਰਕੇ, ਕੋਡ ਆਫ ਕੰਡਕਟ ਲੱਗਣ ਕਾਰਨ ਅਗਸਤ ਵਿੱਚ

Under Print
Not for Legal/Official use

ਟਰਾਇਲ ਹੋਏ ਸਨ।ਸਪੀਕਰ ਸਾਹਿਬ, ਟਰਾਇਲ ਅਗਸਤ ਵਿੱਚ ਹੋਏ ਪਰੰਤੂ ਜ਼ਿਲ੍ਹਿਆਂ ਵਿੱਚ ਲਿਸਟਾਂ ਤਿੰਨ ਮਹੀਨੇ ਬਾਅਦ ਨਵੰਬਰ ਮਹੀਨੇ ਵਿੱਚ ਬਣ ਕੇ ਗਈਆਂ। ਜਿਸ ਕਰਕੇ ਉਹ ਸਾਰਾ ਸਪੋਰਟਸ ਦਾ ਸੈਸ਼ਨ ਖਤਮ ਹੋ ਗਿਆ।ਇਹ ਦੱਸਣ ਕਿ ਲਿਸਟਾਂ ਲੇਟ ਹੋਣ ਕਾ ਕੀ ਕਾਰਨ ਰਿਹਾ ਸੀ? ਮੰਤਰੀ ਜੀ ਨੇ ਅਖਬਾਰ ਵਿੱਚ ਕਿਹਾ ਵੀ ਸੀ ਕਿ ਮੈਂ ਅਧਿਕਾਰੀਆਂ ਖਿਲਾਫ ਕਾਰਵਾਈ ਕਰਾਂਗਾ। ਇਕ ਹਿੰਦੀ ਅਖਬਾਰ ਦੀ ਖਬਰ ਹੈ ਕਿ:

हुनर से नहीं सिस्टम से हारे है खिलाड़ी

जालंधर स्पोर्टस कालेज के खिलाड़ी आधी सुविधाउं से महरूम है

एशिया कर पहले स्पोर्टस कालेज में 125 सीटे खाली

ਸੋ, ਇਹ ਹਾਲਾਤ ਹੈ।

**ਮਾਨਯੋਗ ਸਪੀਕਰ** : ਸਵਾਲ, ਸਵਾਲ, ਸਵਾਲ।

**ਸ਼੍ਰੀ ਪਵਨ ਕੁਮਾਰ ਟੀਨੂ** : ਮੇਰਾ ਸਵਾਲ ਹੈ ਕਿ ਖਿਡਾਰੀਆਂ ਨੂੰ ਕੀ ਕੀ ਸਮਾਨ ਦਿੱਤਾ ਜਾਂਦਾ ਹੈ? ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਹਾਕੀਆਂ, ਫੁਟਬਾਲ, ਵਾਲੀਬਾਲ, ਟਰੈਕ ਸੂਟ, ਸ਼ੂਜ਼ ਖਿਡਾਰੀਆਂ ਨੂੰ ਦਿੱਤੇ ਗਏ ਹਨ? ਇਨ੍ਹਾਂ ਨੇ ਕਿਹਾ ਹੈ ਕਿ ਸਹੂਲਤਾਂ ਸਾਰੀਆਂ ਦਿੱਤੀਆਂ ਜਾਂਦੀਆਂ ਹਨ। ਦੂਜਾ ਸਵਾਲ ਇਹ ਹੈ ਕਿ ਕੀ ਜਲੰਧਰ ਸਪੋਰਟਸ ਕਾਲਜ ਵਿੱਚ ਸਫਾਈ ਸੇਵਕ, ਚੌਂਕੀਦਾਰ, ਵਾਰਡਨ ਹੈ? ਤੀਜਾ ਸਵਾਲ, ਸਿੰਥੈਟਿਕ ਅਥਲੈਟਿਕਸ ਟਰੈਕ ਕਦੋਂ ਤੱਕ ਬਣ ਜਾਵੇਗਾ? ਕਿਉਂਕਿ ਉਹ ਵੀ ਇਨਫਰਾਸਟਰੱਕਚਰ/ਸਹੂਲਤਾਂ ਦਾ ਹਿੱਸਾ ਹੈ। ਜੇ ਗਰਾਊਂਡ ਹੀ ਚੰਗੇ ਨਹੀਂ ਹੋਣਗੇ, ਜੇ ਸਿੰਥੈਟਿਕ ਟਰੈਕ ਹੀ ਨਹੀਂ ਹੋਵੇਗਾ ਤਾਂ ਉਹ ਖਿਡਾਰੀ ਪ੍ਰੈਕਟਿਸ ਕਿਸ ਤਰ੍ਹਾਂ ਕਰਨਗੇ? ਤੁਸੀਂ ਮੈਨੂੰ ਇਨ੍ਹਾਂ ਦੋ-ਤਿੰਨ ਗੱਲਾਂ ਦਾ ਜਵਾਬ ਦੇ ਦਿਉ।

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਹ ਕਹਿੰਦੇ ਹਨ ਕਿ ਸਪੋਰਟਸ ਕਾਲਜ ਵਿੱਚ ਸਿਰਫ 16 ਖਿਡਾਰੀ ਹੀ ਹਨ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਟੀਨੂ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਪੋਰਟਸ ਵਿੰਗ ਵਿੱਚ 186 ਬੱਚੇ ਅਤੇ ਸਪੋਰਟਸ ਕਾਲਜ ਵਿੱਚ 133 ਬੱਚੇ, ਟੋਟਲ ਜਲੰਧਰ ਵਿੱਚ 319 ਬੱਚਿਆਂ ਨੇ ਐਡਮਿਸ਼ਨ ਲਈ ਹੈ। ਇਨ੍ਹਾਂ ਦੇ ਫਿੱਗਰਜ਼ ਗਲਤ ਹਨ। ਇਨ੍ਹਾਂ ਨੂੰ ਕਹੋ ਕਿ ਆਪਣਾ ਹੋਮ ਵਰਕ ਕਰਕੇ ਆਇਆ ਕਰਨ।

**ਸ਼੍ਰੀ ਪਵਨ ਕੁਮਾਰ ਟੀਨੂ**: ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ। ਮੈਂ ਇਨ੍ਹਾਂ ਨੂੰ 2019-20 ਦਾ ਪੁੱਛ ਰਿਹਾ ਹਾਂ।ਇਹ 2019-20 ਦਾ ਮੈਨੂੰ ਦੱਸ ਦੇਣ। (ਵਿਘਨ) (ਸ਼ੋਰ)

**ਮੰਤਰੀ** : ਮੈਂ ਸਾਲ 2019-20 ਦਾ ਹੀ ਦੱਸ ਰਿਹਾ ਹਾਂ। (ਵਿਘਨ) (ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ** : ਇਹ ਦੱਸ ਦੇਣ ਕਿ ਕਿੰਨੇ ਬੱਚੇ ਹਨ?

**ਮੰਤਰੀ** : ਸਪੀਕਰ ਸਾਹਿਬ, ਮੈਂ 1947 ਦੀ ਗੱਲ ਨਹੀਂ ਕਰ ਰਿਹਾ। (ਵਿਘਨ) (ਸ਼ੋਰ) ਮੈਂ ਸਾਲ 2019-20 ਦੀ ਹੀ ਗੱਲ ਕਰ ਰਿਹਾ ਹਾਂ। ਇਹ ਮੇਰੇ ਨਾਲ ਚੱਲ ਪੈਣ, ਉੱਥੇ ਜਿਹੜੇ ਬੱਚੇ ਹਨ, ਉਨ੍ਹਾਂ ਦਾ ਰਜਿਸਟਰ ਲੈ ਕੇ ਉਨ੍ਹਾਂ ਦੀ ਹਾਜ਼ਰੀ ਲਗਵਾ ਦਿਆਂਗਾ।

**ਮਾਨਯੋਗ ਸਪੀਕਰ** : ਟੀਨੂ ਜੀ ਕਹਿੰਦੇ ਹਨ ਕਿ 2019-20 ਦਾ ਹੀ ਦੱਸਿਆ ਹੈ। (ਵਿਘਨ) (ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ** : ਇੱਕ ਮਿੰਟ ਮੈਨੂੰ ਪੁੱਛ ਲੈਣ ਦਿਉ।(ਵਿਘਨ) (ਸ਼ੋਰ)

**ਮੰਤਰੀ**: ਇੱਕ ਮਿੰਟ ਮੇਰੀ ਗੱਲ ਸੁਣ ਲਉ, ਇਹ ਜਿਹੜੀ ਅਖਬਾਰ ਦੀ ਕਟਿੰਗ ਹੈ... (ਵਿਘਨ) (ਸ਼ੋਰ) ਇਹ ਇੱਕ ਰਿਵਾਜ ਬਣ ਗਿਆ ਹੈ ਕਿ ਇੱਕ ਬੰਦੇ ਕੋਲੋਂ ਖਬਰ ਲਗਵਾ ਲੈਣੀ, ਉਸ ਨੈਗੇਟਿਵ ਖਬਰ ਵਿੱਚ ਛਪਿਆ ਹੁੰਦਾ ਹੈ ਕਿ ਕੁਝ ਨਹੀਂ ਹੋ ਰਿਹਾ ਹੈ but we are doing, we are responsible. (ਵਿਘਨ) (ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ**: ਸਪੀਕਰ ਸਾਹਿਬ, ਦੇਖੋ ਆਪਾਂ ਇਹ ਚੈਲੰਜ ਕਰ ਰਹੇ ਹਾਂ। ਜੇਕਰ ਅਖਬਾਰ ਵਿੱਚ ਖਬਰ ਗਲਤ ਲੱਗੀ ਹੈ ਤਾਂ ਤੁਸੀਂ ਉਨ੍ਹਾਂ ਤੇ ਕੇਸ ਪਾਉ।

**ਮਾਨਯੋਗ ਸਪੀਕਰ** : ਨਹੀਂ, ਨਹੀਂ, ਨਹੀਂ। (ਵਿਘਨ) (ਸ਼ੋਰ) ਇੱਕ ਸੈਕਿੰਡ ਜੀ, ਇੱਕ ਸੈਕਿੰਡ।

**ਸ਼੍ਰੀ ਪਵਨ ਕੁਮਾਰ ਟੀਨੂ**: ਤੁਸੀਂ ਆਂਗਨਵਾੜੀ ਟੀਚਰਜ਼ ਦਾ ਧਰਨਾ ਜਾਂ ਪ੍ਰਦਰਸ਼ਨ ਦੇਖਿਆ ਹੋਣਾ ਹੈ, ਹੁਣ ਪਹਿਲੀ ਵਾਰੀ ਅਖਬਾਰ ਵਿੱਚ ਆਇਆ ਹੈ ਕਿ ਤੁਹਾਡੇ ਖਿਲਾਫ ਖਿਡਾਰੀਆਂ ਨੇ ਪ੍ਰਦਰਸ਼ਨ ਕੀਤਾ ਹੈ।

**ਮਾਨਯੋਗ ਸਪੀਕਰ:** ਟੀਨੂ ਜੀ, ਸੁਣੋ। ਟੀਨੂ ਜੀ, ਸੁਣੋ ਤਾਂ ਸਹੀ।

**ਸ਼੍ਰੀ ਪਵਨ ਕੁਮਾਰ ਟੀਨੂ**: ਔਰ ਐਥਲੈਟਿਕਸ ਟ੍ਰੈਕ ਬਾਰੇ ਹਰਿਆਣਾ, ਹਿਮਾਚਲ ਅਤੇ ਪੰਜਾਬ ਦੇ ਸਪੋਰਟਸ ਕਨਕਲੇਵ ਵਿੱਚ ਤੁਸੀਂ ਕਿਹਾ ਸੀ ਕਿ ਮੈਂ ਤਿੰਨ ਮਹੀਨਿਆਂ ਵਿੱਚ ਸਿੰਥੈਟਿਕ ਟ੍ਰੈਕ ਬਣਾ ਦਿਆਂਗਾ। ਇੱਕ ਐਥਲੀਟ ਨੇ ਪੁੱਛਿਆ ਸੀ....

**ਮੰਤਰੀ:** ਮੈਂ ਤੁਹਾਡੀ ਗੱਲ ਸੁਣ ਲਈ ਹੈ, ਹੁਣ ਮੈਨੂੰ ਗੱਲ ਕਰ ਲੈਣ ਦਿਓ। ਸਪੀਕਰ ਸਾਹਿਬ, ਤੁਹਾਨੂੰ ਤੇ ਸਦਨ ਵਿੱਚ ਜਿੰਨੇ ਵੀ ਮੈਂਬਰ ਸਾਹਿਬਾਨ ਬੈਠੇ ਹਨ, ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜਿਸ ਦਿਨ ਦੀ ਸਾਡੀ ਸਰਕਾਰ ਬਣੀ ਹੈ ਉਸ ਦਿਨ ਤੋਂ ਜੋ ਉਪਲਬਧੀਆਂ, ਜੋ ਪ੍ਰਾਪਤੀਆਂ ਸਪੋਰਟਸ ਡਿਪਾਰਟਮੈਂਟ ਵਿੱਚ ਹੋਈਆਂ ਹਨ ਉਹ ਪਿਛਲੀ ਸਰਕਾਰ ਦੇ ਵੇਲੇ 5% ਵੀ ਨਹੀਂ ਹੋਈਆਂ ਸਨ। (ਥੰਪਿੰਗ) ਮੈਂ ਤੁਹਾਨੂੰ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਏਸ਼ੀਆਡ ਕਾਮਨਵੈਲਥ ਗੇਮਜ਼ ਵਿੱਚ ਬੱਚੇ ਖੇਡ ਕੇ ਆਏ ਸੀ, ਉਨ੍ਹਾਂ ਦਾ ਇਨਾਮ ਪਿਛਲੀ ਅਕਾਲੀ-ਭਾਜਪਾ ਸਰਕਾਰ ਵਿੱਚ ਨਕਦ ਰਾਸ਼ੀ 25 ਲੱਖ ਰੁਪਏ ਸੀ। ਸਾਡੀ ਸਰਕਾਰ ਦੇ ਆਉਂਦਿਆਂ ਸਾਰ ਜਿਸ ਦਿਨ ਦਾ ਮੈਂ ਮਹਿਕਮਾ ਸੰਭਾਲਿਆ ਹੈ ਇਹ ਨਕਦ ਇਨਾਮ 25 ਲੱਖ ਰੁਪਏ ਤੋਂ ਵਧਾ ਕੇ ਇੱਕ ਕਰੋੜ ਰੁਪਏ ਕਰ ਦਿੱਤਾ ਅਤੇ ਸਿਰਫ ਕੀਤਾ ਹੀ ਨਹੀਂ ਹੈ ਬਲਕਿ ਦਿੱਤਾ ਵੀ ਗਿਆ ਹੈ। (ਥੰਪਿੰਗ) 10 ਅਕਤੂਬਰ, 2018 ਨੂੰ ਉਸ ਸਬੰਧੀ ਇੱਕ ਫੰਕਸ਼ਨ ਰੱਖਿਆ ਗਿਆ ਸੀ, ਮੁੱਖ ਮੰਤਰੀ ਜੀ ਉਸ ਵਿੱਚ ਮੁੱਖ ਮਹਿਮਾਨ ਸੀ ਅਤੇ 19 ਕਰੋੜ ਰੁਪਏ ਨਕਦ ਇਨਾਮ ਵੰਡਿਆ ਗਿਆ ਸੀ।

Under Print
Not for Legal/Official use

(ਥੰਪਿੰਗ) ਦੂਸਰਾ, ਮੈਂ ਇਨ੍ਹਾਂ ਨੂੰ ਦੱਸਣ ਲੱਗਾ ਹਾਂ ਕਿ ਜਿਹੜੀਆਂ ਇਹ ਇਨਕੰਪਲੀਟ ਬਿਲਡਿੰਗਜ਼ ਛੱਡ ਗਏ ਸੀ, ਉਨ੍ਹਾਂ ਬਿਲਡਿੰਗਜ਼ ਨੂੰ ਅਸੀਂ ਦੁਬਾਰਾ ਤਿਆਰ ਕੀਤਾ। ਮੁਹਾਲੀ ਵਿਖੇ ਜਿਹੜਾ ਸਾਡਾ ਪੰਜਾਬ ਇੰਸਟੀਟਿਊਟ ਆਫ ਸਪੋਰਟਜ਼ ਹੈ ਉੱਥੇ 500 ਬੱਚਿਆਂ ਦੇ ਹੋਸਟਲ ਦੀ ਸ਼ੁਰੂਆਤ ਕਰਵਾਈ ਸੀ। ਉੱਥੇ ਬੱਚੇ ਬੜੇ ਆਰਾਮ ਅਤੇ ਸਹੂਲਤਾਂ ਨਾਲ ਰਹਿ ਰਹੇ ਹਨ। (ਥੰਪਿੰਗ) ਮੈਂ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮੰਤਰੀ:** ਇੱਕ ਸੈਕਿੰਡ, ਬੈਠ ਜਾਓ। ਮੈਨੂੰ ਹੁਣ ਗੱਲ ਕਰ ਲੈਣ ਦਿਓ। ਸਪੀਕਰ ਸਾਹਿਬ, ਸਪੋਰਟਸ ਐਕਸੀਲੈਂਸ ਅਵਾਰਡ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਕਿਹਾ ਜਾਂਦਾ ਹੈ, ਉਹ 1978 ਵਿੱਚ ਸ਼ੁਰੂ ਹੋਏ ਸੀ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ 1978 ਵਿੱਚ ਉਹ ਅਵਾਰਡ ਮੈਨੂੰ ਮਿਲਿਆ ਸੀ ਜਦੋਂ ਮੈਂ ਏਸ਼ੀਆਡ ਖੇਡਾਂ ਵਿੱਚ ਗਿਆ ਸੀ।(ਥੰਪਿੰਗ) ਉਦੋਂ ਇਨਾਮ ਦੀ ਰਾਸ਼ੀ ਢਾਈ ਹਜ਼ਾਰ ਰੁਪਏ ਹੁੰਦੀ ਸੀ, ਜੋ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) 25 ਹਜ਼ਾਰ ਰੁਪਏ ਕਰ ਦਿੱਤੀ ਸੀ ਤੇ ਅਸੀਂ ਉਹ ਰਾਸ਼ੀ ਇੱਕ ਲੱਖ ਰੁਪਿਆ ਕੀਤੀ। ਹੁਣ ਉਸ ਅਵਾਰਡ ਦੀ ਰਾਸ਼ੀ ਨੂੰ ਪੰਜ ਲੱਖ ਰੁਪਿਆ ਕਰ ਦਿੱਤਾ ਗਿਆ ਹੈ ਅਤੇ ਨੌ ਸਾਲ ਪੁਰਾਣੇ ਅਵਾਰਡ ਜਿਹੜੇ ਇਹ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਛੱਡ ਕੇ ਗਏ ਸੀ ਉਹ ਬੱਚਿਆਂ ਨੂੰ ਮੁਹੱਈਆ ਕਰਵਾਏ ਹਨ। (ਥੰਪਿੰਗ) ਇਹ ਕਹਿ ਰਹੇ ਹਨ ਕਿ ਕੋਈ ਕੰਮ ਨਹੀਂ ਹੋ ਰਿਹਾ ਹੈ। ਇਹ ਤਾਂ ਮੈਂ ਥੋੜ੍ਹੀਆਂ ਜਿਹੀਆਂ ਗੱਲਾਂ ਗਿਣਾਈਆਂ ਹਨ। ਯੂਥ ਫੈਸਟੀਵਲ ਦੇ ਬਾਰੇ ਵੀ ਦੱਸ ਦਿੰਦਾ ਹਾਂ। ਸਰ, 17 ਹਜ਼ਾਰ ਬੱਚਾ ਪਿੰਡਾਂ ਵਿੱਚੋਂ ਮੋਬੇਲਾਈਜ਼ ਕਰਕੇ ਚੰਡੀਗੜ੍ਹ ਵਿਖੇ ਲਿਆਂਦਾ ਗਿਆ ਅਤੇ ਉਨ੍ਹਾਂ ਦਾ ਤਿੰਨ ਦਿਨ ਦਾ ਸਟੇਅ, ਖਾਣਾ-ਪੀਣਾ ਅਤੇ ਟਰਾਂਸਪੋਰਟ ਅਤੇ ਇਸ ਤੋਂ ਇਲਾਵਾ ਕੈਰੀਅਰ ਕਾਊਂਸਲਿੰਗ, ਐਗਜ਼ੀਬਿਸ਼ਨਜ਼ ਇੰਟਰ ਸਟੇਟ ਤੇ ਇੰਟੈਗਰੇਸ਼ਨ ਆਪਸੀ ਭਾਈਚਾਰੇ, ਮਿਲ-ਬੈਠਣ ਸਬੰਧੀ ਉਨ੍ਹਾਂ ਨੂੰ ਐਕਸਪੋਜ਼ਰ ਮਿਲਿਆ ਹੈ ਅਤੇ ਡਰੱਗਜ਼ ਵਰਗੇ ਦੇ ਵੈਰੀਅਸ ਇਸ਼ੂਜ਼ ਉੱਤੇ ਉੱਥੇ ਡਿਬੇਟਸ ਹੋਈਆਂ।

**ਸ਼੍ਰੀ ਪਵਨ ਕੁਮਾਰ ਟੀਨੂ (ਬੈਠੇ-ਬੈਠੇ)**: ਸਪੀਕਰ ਸਾਹਿਬ, ਇਹ ਸਵਾਲ ਦਾ ਜਵਾਬ ਤਾਂ ਦੇ ਨਹੀਂ ਰਹੇ ਹਨ।

**ਮਾਨਯੋਗ ਸਪੀਕਰ:** ਸੋਢੀ ਸਾਹਿਬ, ਉਨ੍ਹਾਂ ਦਾ ਸਵਾਲ ਸਪੈਸੀਫਿਕ ਹੈ, ਉਨ੍ਹਾਂ ਦਾ ਸਵਾਲ ਸਪੈਸੀਫਿਕ ਹੈ। ਸਪੈਸੀਫਿਕ ਦਾ ਜਵਾਬ ਦਿਓ।

**ਮੰਤਰੀ:** ਮੈਂ ਸਾਰੀ ਗੱਲ ਦੱਸ ਦਿੱਤੀ ਹੈ। ਇਹ ਕਹਿ ਰਹੇ ਸਨ ਕਿ ਕੁਝ ਹੋਇਆ ਨਹੀਂ ਹੈ। ਹੁਣ ਤੱਕ ਕੁੱਲ 4140 ਬੱਚੇ ਇਸ ਵੇਲੇ ਟ੍ਰੇਨਿੰਗ ਲੈ ਰਹੇ ਹਨ। ਇਨ੍ਹਾਂ ਦੇ ਸਵਾਲ ਦਾ ਜਵਾਬ ਇਹ ਹੈ ਜੀ।

**ਮਾਨਯੋਗ ਸਪੀਕਰ:** ਇਹ ਕਹਿੰਦੇ ਹਨ ਕਿ 4140 ਬੱਚੇ ਟ੍ਰੇਨਿੰਗ ਕਰ ਰਹੇ ਹਨ।

**ਸ਼੍ਰੀ ਪਵਨ ਕੁਮਾਰ ਟੀਨੂ**: ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਲੰਮੀ-ਚੌੜੀ ਡਿਟੇਲ ਦੱਸੀ ਹੈ।

**ਮੰਤਰੀ:** ਤੁਹਾਨੂੰ ਪਤਾ ਨਹੀਂ ਸੀ ਤਾਂ ਦੱਸੀ ਹੈ।

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ:** ਠੀਕ ਹੈ। ਮੈਂ ਸਵਾਲ ਪੁੱਛਦਾ ਹਾਂ ਕਿ ਸਰਕਾਰ ਦੇ ਤਿੰਨ ਸਾਲ ਹੋ ਗਏ ਹਨ। ਪਿਛਲੇ ਸਾਲ 'ਖੇਲੋ ਇੰਡੀਆ' ਵਿੱਚ ਪੰਜਾਬ ਦਾ ਸੱਤਵਾਂ ਨੰਬਰ ਸੀ ਅਤੇ ਮੰਤਰੀ ਜੀ ਐਤਕੀਂ, ਤੁਹਾਡਾ ਦਸਵਾਂ ਨੰਬਰ ਆਇਆ ਹੈ, ਇਹ ਤੁਹਾਡੀ ਪਰਫਾਰਮੈਂਸ ਹੈ। ਦੂਸਰਾ, ਮੇਰਾ ਸਵਾਲ ਹੈ ਕਿ ਪਿਛਲੇ ਸਾਲ ਸਪੋਰਟਸ ਕਿੱਟਾਂ, ਟ੍ਰੈਕ ਸੂਟ, ਸ਼ੂਜ਼ ਕਿਉਂ ਨਹੀਂ ਦਿੱਤੇ ਗਏ ਅਤੇ ਕੀ ਇਸ ਸਾਲ ਦੇ ਦਿੱਤੇ ਜਾਣਗੇ? ਇੰਸਟੀਟਿਊਟ ਵਿੱਚ ਸਫਾਈ ਸੇਵਕ, ਚੌਂਕੀਦਾਰ, ਵਾਰਡਨ ਵਗੈਰਾ ਕਦੋਂ ਤੱਕ ਮੁਹੱਈਆ ਕਰਵਾ ਦੇਣਗੇ? ਤੀਸਰਾ, ਜਿਹੜਾ ਸਿੰਥੈਟਿਕ ਟ੍ਰੈਕ ਦਾ ਇਨ੍ਹਾਂ ਨੇ ਐਥਲੀਟਾਂ ਨਾਲ ਵਾਅਦਾ ਵੀ ਕੀਤਾ ਹੈ, ਉਹ ਟ੍ਰੈਕ ਕਦੋਂ ਤੱਕ ਬਣਵਾ ਦੇਣਗੇ? ਬੱਸ ਇੰਨੀ ਗੱਲ ਹੈ ਜੀ। ਬਾਕੀ ਇਹ ਜ਼ਰੂਰ ਦੱਸ ਦੇਣ ਕਿ ਇਹ ਸੱਤਵੀਂ ਤੋਂ ਦਸਵੀਂ ਪੁਜ਼ੀਸ਼ਨ ਤੇ ਕਿਉਂ ਆ ਗਏ ਹਨ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ। ਇਸ ਤਰ੍ਹਾਂ ਨਾ ਕਰੋ, ਸਵਾਲ ਉਨ੍ਹਾਂ ਦਾ ਹੈ। ਨਹੀਂ, ਨਹੀਂ, ਨਾਗਰਾ ਜੀ, ਇਸ ਤਰ੍ਹਾਂ ਨਹੀਂ, ਸਵਾਲ ਉਨ੍ਹਾਂ ਦਾ ਹੈ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਰ, ਇਹ ਸਾਰੇ ਪੰਜਾਬ ਬਾਰੇ ਸਵਾਲ ਹੈ। ਮੈਂ ਚੰਗੀ ਗੱਲ ਹੀ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਸਾਰੇ ਪੰਜਾਬ ਦਾ ਸਵਾਲ ਨਹੀਂ ਹੈ। There is a limit to everything. ਸਾਰੇ ਚੰਗੀ ਗੱਲ ਹੀ ਕਰਦੇ ਹਨ, ਤੁਸੀਂ ਵੀ ਕਰ ਲਓਗੇ ਪਰ ਬਾਅਦ ਵਿੱਚ ਕਰੋਗੇ। Just listen, just listen, ਇੱਕ ਮਿੰਟ ਬੈਠੋ।ਹਾਂ ਜੀ, ਰਾਣਾ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਅਥਲੈਟਿਕ ਟਰੈਕਸ ਦੀ ਗੱਲ ਕਰ ਰਹੇ ਹਨ, ਇਹ ਜਿਹੜਾ ਸਪੋਰਟਸ ਕਾਲਜ ਦੀ ਗੱਲ ਕਰ ਰਹੇ ਹਨ....

**ਮਾਨਯੋਗ ਸਪੀਕਰ:** ਬੜੀ ਸਿੱਧੀ ਜਿਹੀ ਗੱਲ ਹੈ। ਇਹ ਕਹਿੰਦੇ ਹਨ ਕਿ ਪਿੱਛੇ ਜਿਹੇ ਕਿੱਟਾਂ ਨਹੀਂ ਦਿੱਤੀਆਂ, ਹੁਣ ਕਦੋ ਕਿੱਟਾਂ ਦੇ ਦੇਣਗੇ? ਗੱਲ ਤਾਂ ਇੰਨੀ ਹੈ।

**ਮੰਤਰੀ:** ਸਰ, ਮੇਰੀ ਗੱਲ ਤਾਂ ਸੁਣੋ ਜੀ। ਪੰਜਾਬ ਦੀ ਖੇਡ ਨੀਤੀ ਵਿੱਚ ਕਿੱਟਾਂ ਦੇਣ ਦਾ ਇਹ ਸਿਸਟਮ ਨਹੀਂ ਸੀ। ਅਸੀਂ ਇਸ ਕਰਕੇ ਕਿੱਟਾਂ ਨਹੀਂ ਦਿੱਤੀਆਂ ਪਰ ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਨੇ ਸਾਲ 2016-17 ਵਿੱਚ ਜਿਹੜੀਆਂ ਕਿੱਟਾਂ ਤੇ ਜਿੰਮ ਵੰਡੇ, ਉਸ ਸਬੰਧੀ ਮੇਰੇ ਕੋਲ ਲੋਕਾਂ ਦੀਆਂ ਸ਼ਿਕਾਇਤਾਂ ਦਾ ਢੇਰ ਲੱਗਿਆ ਪਿਆ ਹੈ ਕਿ ਇਹ ਜਿੰਮ ਫਲਾਣੇ ਹਲਕੇ ਵਿੱਚ ਜਾਣੇ ਸਨ, ਇਨ੍ਹਾਂ ਦੀ ਇਨਕੁਆਇਰੀ ਕਰੋ ਕਿ ਇਹ ਜਿੰਮ ਉੱਥੇ ਗਏ ਵੀ ਹਨ ਕਿ ਨਹੀਂ ਗਏ? (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) 30 ਕਰੋੜ ਰੁਪਏ ਦੇ

Under Print
Not for Legal/Official use

ਜਿੰਮ ਤੇ ਕਿੱਟਾਂ ਲਈਆਂ ਗਈਆਂ ਸਨ, ਰੱਬ ਜਾਣਦਾ ਹੈ ਕਿ ਉਹ ਕਿੱਥੇ ਵੰਡੀਆਂ ਗਈਆਂ। ਲਾਹੌਰ ਗਈਆਂ ਜਾਂ ਪਿਸ਼ੌਰ ਗਈਆਂ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ...

**ਮਾਨਯੋਗ ਸਪੀਕਰ:** ਹੋ ਗਈਆਂ ਜੀ, ਤੁਹਾਡੀਆਂ ਸਪਲੀਮੈਂਟਰੀਆਂ ਹੋ ਗਈਆਂ। (ਵਿਘਨ...) ਹਰ ਚੀਜ਼ ਦੀ ਹੱਦ ਹੈ। ਨਾਗਰਾ ਜੀ, ਨਾਗਰਾ ਜੀ, ਤੁਸੀਂ ਬੋਲੋ। (ਵਿਘਨ...) ਟੀਨੂ ਜੀ, ਹੋ ਗਿਆ, ਇਸ ਤਰ੍ਹਾਂ ਨਾ ਕਰਿਆ ਕਰੋ। There is a limit to everything, there is a limit to everything.

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਬਾਰ-ਬਾਰ ਤੁਹਾਡੇ ਤੋਂ ਟਾਈਮ ਮੰਗ ਰਿਹਾ ਸੀ।ਅੱਜ ਮੈਂ ਇਸ ਪਵਿੱਤਰ ਸਦਨ ਵਿੱਚ ਬੈਠਾ ਹਾਂ, ਜੇ ਮੈਂ ਇਹ ਕਹਿ ਦੇਵਾਂ ਕਿ ਇਸ ਵਿੱਚ ਪੰਜਾਬ ਦੇ ਸਪੋਰਟਸ ਡਿਪਾਰਟਮੈਂਟ ਦੀ ਸਪੋਰਟਸ ਵਿੰਗ ਦੀ ਬਹੁਤ ਵੱਡੀ ਦੇਣ ਹੈ। ਮੈਨੂੰ ਮੇਰੇ ਮਾ-ਪਿਉ ਹੋਸਟਲ ਵਿੱਚ ਨਹੀਂ ਪੜ੍ਹਾ ਸਕਦੇ ਸੀ ਪਰ ਮੈਂ ਸਪੋਰਟਸ ਵਿੰਗ ਦੇ ਵਿੱਚ ਫਰੀ ਫੀਸ, ਫਰੀ ਸਾਰਾ ਕੁਝ ਹੋਣ ਦੇ ਕਾਰਨ ਰੋਟੀ, ਖਾਣਾ ਫਰੀ ਹੋਣ ਦੇ ਕਾਰਨ ਉੱਥੇ ਮੇਰਾ ਦਾਖਲਾ ਹੋ ਸਕਿਆ ਤੇ ਅੱਜ ਮੈਂ ਇੱਥੋਂ ਤੱਕ ਪਹੁੰਚ ਸਕਿਆ ਹਾਂ। ਇਸ ਵਾਸਤੇ ਮੈਂ ਸਪੋਰਟਸ ਡਿਪਾਰਟਮੈਂਟ ਦਾ ਧੰਨਵਾਦ ਕਰਦਾ ਹਾਂ। ਮੈਂ ਆਪ ਵੀ ਹਾਕੀ ਦਾ ਪਲੇਅਰ ਹਾਂ ਜੀ। ਮੇਰੀ ਇਹ ਬੇਨਤੀ ਹੈ ਕਿ ਸਪੋਰਟਸ ਪਰਸਨਜ਼ ਦੇ ਲਈ ਸਪੋਰਟਸ ਵਿੰਗ backbone ਹਨ। ਰਾਣਾ ਜੀ ਦੇ ਨਾਲ ਸਾਡੀ ਪਿਛਲੀ ਵਾਰੀ ਵੀ ਗੱਲ ਹੋਈ ਸੀ, ਇਨ੍ਹਾਂ ਨੇ ਉਸ ਵਾਸਤੇ ਬੜੇ ਉਪਰਾਲੇ ਕੀਤੇ ਹਨ ਕਿਉਂਕਿ ਪਿਛਲੀ ਵਾਰ ਕੁਝ ਕਮਜ਼ੋਰੀਆਂ ਰਹੀਆਂ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਮੌਕੇ ਤੇ ਆ ਕੇ ਦੂਰ ਕੀਤਾ ਹੈ। ਇਹ ਜਿਹੜਾ ਸਪੋਰਟਸ ਦਾ ਬੁਰਾ ਹਾਲ ਹੋਇਆ ਹੈ, ਅਜਿਹਾ ਇਸ ਕਾਰਨ ਕਿਉਂਕਿ ਪਿਛਲੇ 10 ਸਾਲ ਇੰਨੇ-ਕੁ ਭੈੜੇ ਗੁਜ਼ਰੇ ਹਨ ਕਿ ਉਸ ਦਾ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਜਿਹੜੀ ਮੈਂ ਤੁਹਾਡੇ ਦੁਆਰਾ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਪੋਰਟਸ ਦਾ ਸਮਾਨ, ਖਾਸ ਤੌਰ ਤੇ ਸਪੋਰਟਸ ਜਿੰਮ ਹਜ਼ਾਰਾਂ ਦੀ ਤਾਦਾਦ ਵਿੱਚ 2017 ਤੱਕ ਵੰਡੇ ਗਏ ਸਨ ਇਨ੍ਹਾਂ ਸਬੰਧੀ ਅਸੀਂ ਵਾਰ-ਵਾਰ ਮੰਤਰੀ ਸਾਹਿਬ ਨੂੰ ਸ਼ਿਕਾਇਤਾਂ ਕੀਤੀਆਂ ਹਨ। ਕੀ ਉਨ੍ਹਾਂ ਸਬੰਧੀ ਕਾਰਵਾਈ ਕਰਕੇ ਅਕਾਲੀ ਜਥੇਦਾਰਾਂ ਦੇ ਘਰਾਂ ਵਿੱਚੋਂ ਸਪੋਰਟਸ ਜਿੰਮ ਚੁੱਕ ਕੇ ਖਿਡਾਰੀਆਂ ਨੂੰ ਦਿੱਤੇ ਜਾਣਗੇ ਕਿ ਨਹੀਂ? ਮੰਤਰੀ ਸਾਹਿਬ ਜ਼ਰੂਰ ਸਦਨ ਦੇ ਵਿੱਚ ਉਠ ਕੇ ਇਸ ਤੇ ਬਿਆਨ ਦੇਣ।

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਵਜ਼ੀਰ ਸਾਹਿਬ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮੰਤਰੀ:** ਸਪੀਕਰ ਸਾਹਿਬ, ਜੋ ਮੇਰੇ..... (ਵਿਘਨ...)

Under Print
Not for Legal/Official use

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਵਜ਼ੀਰ ਸਾਹਿਬ। (ਵਿਘਨ...)

**ਮੰਤਰੀ:** ਟੀਨੂ ਜੀ, ਇੱਕ ਮਿੰਟ ਬੈਠ ਜਾਓ, ਗੱਲ ਤਾਂ ਕਰ ਲੈਣ ਦਿਉ।

**ਮਾਨਯੋਗ ਸਪੀਕਰ:** ਬੈਠ ਜਾਓ, ਹੁਣ ਬੈਠ ਜਾਓ। ਟੀਨੂ ਜੀ, ਬੈਠ ਜਾਓ। ਟੀਨੂ ਜੀ, ਹੁਣ ਬੈਠ ਜਾਓ।

**ਮੰਤਰੀ:** ਸਪੀਕਰ ਸਾਹਿਬ, ਜੋ ਸਾਡੇ ਸਾਥੀ ਮੈਂਬਰ ਸਾਹਿਬਾਨ ਨੇ ਗੱਲ ਕੀਤੀ ਹੈ, ਉਸ ਵਿੱਚ ਬਿਲਕੁਲ 100% ਸੱਚਾਈ ਹੈ। ਅਸੀਂ ਹੁਣ ਉਸ ਦੀ ਇਨਕੁਆਇਰੀ ਕਰਵਾਵਾਂਗੇ।

**Voices**: Very good, very good

**ਮੰਤਰੀ:** ਹੁਣ ਅਸੀਂ ਉਸ ਦੀ ਇਨੁਕਆਇਰੀ ਕਰਾਵਾਂਗੇ। ਜਿਹੜੇ ਸਾਡੇ ਤੇ 30 ਕਰੋੜ ਰੁਪਿਆ ਕਰਜ਼ਾ ਛੱਡ ਗਏ ਹਨ, ਕਿ ਉਹ ਜਿੰਮ ਕੌਣ-ਕੌਣ ਲੈ ਗਿਆ, ਕਿਹੜੇ-ਕਿਹੜੇ ਜਥੇਦਾਰ ਲੈ ਗਏ, ਕਿਹੜੇ-ਕਿਹੜੇ ਹਲਕਾ ਇਨਚਾਰਜ ਲੈ ਗਏ ਹਨ। ਮੈਂ ਹੁਣ ਉਨ੍ਹਾਂ ਦੀ ਪੂਰੀ ਛਾਣਬੀਣ ਕਰਾਵਾਂਗਾ।

**Voices**: Very good, very good

**ਮਾਨਯੋਗ ਸਪੀਕਰ:** ਠਹਿਰੋ ਜ਼ਰਾ, ਠਹਿਰੋ, ਇੱਕ ਮਿੰਟ ਠਹਿਰੋ। ਮੰਤਰੀ ਜੀ, ਸਾਰਾ ਹਾਊਸ is up in arms, ਬਹੁਤ ਸਾਰੇ ਮੈਂਬਰ ਖੜ੍ਹੇ ਹਨ। ਕੀ ਤੁਸੀਂ ਐਸ਼ਿਓਰ ਕਰੋਗੇ, ਕੋਈ ਟਾਈਮ ਲਿਮਿਟ ਦਿਉਗੇ ਕਿ ਇਨਕੁਆਰੀ ਕਦੋਂ ਤੱਕ ਕਰਵਾਓਗੇ?

**Minister:** Sir, within 30 days.

**Voices**: Very good, very good

ਮਾਨਯੋਗ ਸਪੀਕਰ: ਅਗਲਾ ਸਵਾਲ।

---------

**ਪੰਜਾਬੀ ਗਾਣਿਆਂ ਵਿੱਚ ਨਸ਼ਿਆਂ,ਹਥਿਆਰਾਂ ਦੀ ਵਡਿਆਈ ਅਤੇ ਲੱਚਰਪੁਣੇ ਤੇ ਰੋਕ ਲਾਉਣਾ**

*2725. 1. **ਸਰਦਾਰ ਸੰਗਤ ਸਿੰਘ ਗਿਲਜੀਆਂ:**

2. **ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬੀ ਗਾਣਿਆਂ ਵਿੱਚ ਨਸ਼ਿਆਂ, ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਆਦਿ ਦੀ ਵਡਿਆਈ ਅਤੇ ਲੱਚਰਪੁਣੇ ਤੇ ਰੋਕ ਲਾਉਣ ਲਈ ਪੰਜਾਬ ਮਿਊਜ਼ਿਕ ਸੈਂਸਰ ਬੋਰਡ ਦੇ ਗਠਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:** ਜੀ ਹਾਂ। ਕੁਝ ਪੰਜਾਬੀ ਗਾਇਕਾਂ ਵੱਲੋਂ ਆਪਣੇ ਗਾਣਿਆਂ ਰਾਹੀਂ ਨਿਭਾਈ ਜਾ ਰਹੀ ਨਕਾਰਾਤਮਕ ਭੂਮਿਕਾ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਕਲਾ ਖੇਤਰਾਂ ਦੇ ਬੁੱਧੀਜੀਵੀਆਂ ਅਤੇ ਉੱਘੀਆਂ ਸਖਸ਼ੀਅਤਾਂ ਦੇ ਸੁਝਾਅ ਪ੍ਰਾਪਤ ਕਰਕੇ ਸੱਭਿਆਚਾਰਕ ਨੀਤੀ ਨੋਟੀਫਾਈ

Under Print
Not for Legal/Official use

ਕੀਤੀ ਜਾ ਚੁੱਕੀ ਹੈ। ਨੀਤੀ ਦਾ ਮੁੱਖ ਉਦੇਸ਼ ਲੋਕਾਂ ਵਿੱਚ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਬਾਰੇ ਚੇਤਨਾ ਪੈਦਾ ਕਰਨਾ ਹੈ।

ਕਿਉਂਕਿ ਸੈਂਸਰ ਬੋਰਡ ਦਾ ਮਾਮਲਾ ਸੰਵਿਧਾਨ ਦੇ ਸ਼ਡਿਊਲ 7 ਅਨੁਸਾਰ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਇਸ ਲਈ ਇਸ ਮਾਮਲੇ ਤੇ ਕਾਰਵਾਈ ਕੇਂਦਰ ਸਰਕਾਰ ਵੱਲੋਂ ਕੀਤੀ ਜਾਣੀ ਬਣਦੀ ਹੈ।

---------

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਅਜੰਡੇ ਦੀ ਅਗਲੀ ਆਈਟਮ ਲਵਾਂਗੇ।

---------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**ਨਿਸ਼ਾਨ ਵਾਲਾ ਪ੍ਰਸ਼ਨ ਨੰ.** 2778*

(ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---------

**ਪੰਜਾਬ ਦੇ ਕੁਝ ਇਲਾਕਿਆਂ ਵਿੱਚ ਫਸਲਾਂ ਤੇ ਟਿੱਡੀ ਦਲ ਵੱਲੋਂ ਕੀਤੇ ਨੁਕਸਾਨ ਦਾ ਵੇਰਵਾ**

*2359. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪਿਛਲੇ ਦਿਨਾਂ ਵਿੱਚ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਟਿੱਡੀ ਦਲ ਵੱਲੋਂ ਫਸਲਾਂ ਤੇ ਹਮਲਾ ਕੀਤਾ ਗਿਆ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿਰਪਾ ਕਰਕੇ ਦੱਸਿਆ ਜਾਵੇ ਕਿ ਕਿਹੜੇ ਕਿਹੜੇ ਜ਼ਿਲ੍ਹੇ ਟਿੱਡੀ ਦਲ ਨਾਲ ਪ੍ਰਭਾਵਿਤ ਹੋਏ ਹਨ ਅਤੇ ਫਸਲਾਂ ਦਾ ਕਿੰਨਾ ਨੁਕਸਾਨ ਹੋਇਆ ਹੈ;

(ੲ) ਪੰਜਾਬ ਸਰਕਾਰ ਫਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਕੀ ਕਦਮ ਚੁੱਕ ਰਹੀ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਹਾਂ ਜੀ।

* For starred question No. 2778 and reply thereto please see Appendix to the Debate

Under Print
Not for Legal/Official use

(ਅ) ਟਿੱਡੀ ਦਲ ਦੇ ਹਮਲੇ ਨਾਲ ਜ਼ਿਲ੍ਹਾ ਫਾਜ਼ਿਲਕਾ ਦੇ ਪਿੰਡ ਬਾਰੇ ਕਾ ਦਾ 550 ਏਕੜ ਅਤੇ ਪਿੰਡ ਰੂਪ ਨਗਰ ਦਾ 450 ਏਕੜ ਫਸਲਾਂ ਦਾ ਰਕਬਾ 10% ਤੋਂ 20% ਤੱਕ ਪ੍ਰਭਾਵਿਤ ਹੋਇਆ ਹੈ।

(ੲ) ਫਸਲਾਂ ਦੇ 25% ਤੱਕ ਦੇ ਖਰਾਬੇ ਲਈ ਹਦਾਇਤਾਂ ਅਨੁਸਾਰ ਕੋਈ ਰਾਹਤ ਨਹੀਂ ਦਿੱਤੀ ਜਾਂਦੀ।

---------

## ਰਾਜਪੁਰਾ ਸ਼ਹਿਰ ਜੀ.ਟੀ. ਰੋਡ ਉੱਤੇ ਟਰੌਮਾ ਸੈਂਟਰ ਬਣਾਉਣਾ

*2547. **ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜਪੁਰਾ ਸ਼ਹਿਰ ਜੀ.ਟੀ.ਰੋਡ ਉੱਤੇ ਟਰੌਮਾ ਸੈਂਟਰ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਟਰੌਮਾ ਸੈਂਟਰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਨਹੀਂ ਜੀ। ਰਾਜਪੁਰਾ ਸ਼ਹਿਰ, ਜ਼ਿਲ੍ਹਾ ਪਟਿਆਲਾ ਵਿਖੇ ਟਰੌਮਾ ਸੈਂਟਰ ਬਣਾਉਣ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---------

## ਪਟਿਆਲਾ ਤੋਂ ਕੁਰੂਕਸ਼ੇਤਰ ਵਾਇਆ ਪਿਹੋਵਾ ਜਾਂਦੀ ਸੜਕ ਦੀ ਸਥਿਤੀ

*2648. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਤੋਂ ਕੁਰੂਕਸ਼ੇਤਰ ਵਾਇਆ ਪਿਹੋਵਾ ਜਾਂਦੀ ਸੜਕ ਨੂੰ ਸਰਕਾਰ ਵੱਲੋਂ ਨੈਸ਼ਨਲ ਹਾਈਵੇਅ ਘੋਸ਼ਿਤ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨੇ ਇਸ ਸੜਕ ਦਾ ਕੰਮ ਨੈਸ਼ਨਲ ਹਾਈਵੇਅ ਦੇ ਨਾਰਮਜ਼ ਮੁਤਾਬਿਕ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਸੜਕ ਦੀ ਮੌਜੂਦਾ ਸਥਿਤੀ ਕੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਪਟਿਆਲਾ ਤੋਂ ਕੁਰੂਕਸ਼ੇਤਰ ਵਾਇਆ ਪਿਹੋਵਾ ਸੜਕ ਨੂੰ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ ਵੱਲੋਂ ਅਜੇ ਨੈਸ਼ਨਲ ਹਾਈਵੇਅ ਘੋਸ਼ਿਤ ਨਹੀਂ ਕੀਤਾ ਗਿਆ ਹੈ। ਇਸ ਸੜਕ ਦਾ ਰੱਖ-ਰਖਾਅ ਰਾਜ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਮੌਜੂਦਾ ਸਥਿਤੀ ਠੀਕ ਹੈ।

---------

## ਰਾਜ ਵਿੱਚ ਤਿਆਰ ਕੀਤੇ ਜਾ ਰਹੇ ਨਕਲੀ ਦੁੱਧ ਸਬੰਧੀ ਕਾਰਵਾਈ ਕਰਨਾ

*2577. **ਸਰਦਾਰ ਹਰਪ੍ਰਤਾਪ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਵੱਡੀ ਮਾਤਰਾ ਵਿੱਚ ਨਕਲੀ ਦੁੱਧ ਬਣਾਇਆ/ਤਿਆਰ ਕੀਤਾ ਜਾ

Under Print
Not for Legal/Official use

ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਮਾਮਲੇ ਵਿੱਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੀ ਜਾਣੀ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਨਹੀਂ ਜੀ। ਪੰਜਾਬ ਰਾਜ ਵਿੱਚ ਨਕਲੀ ਦੁੱਧ ਨੂੰ ਕੰਟਰੋਲ/ਨੱਥ ਪਾਉਣ ਲਈ ਵਿਭਾਗ ਵੱਲੋਂ ਅਚਨਚੇਤ ਚੈਕਿੰਗ ਕਰਕੇ ਦੁੱਧ ਦੀ ਸੈਂਪਲਿੰਗ ਕੀਤੀ ਜਾਂਦੀ ਹੈ ਅਤੇ ਰਿਪੋਰਟਾਂ ਦੇ ਅਧਾਰ ਤੇ ਇਹ ਸਪੱਸ਼ਟ ਹੈ ਕਿ ਰਾਜ ਵਿੱਚ ਨਕਲੀ ਦੁੱਧ ਬਣਾਉਣ/ਤਿਆਰ ਕਰਨ ਵਾਲਾ ਕੋਈ ਵਿਅਕਤੀ/ਫਰਮ ਨਹੀਂ ਪਾਇਆ ਗਿਆ ਪਰ ਕਈ ਕੇਸ ਮਿਲਾਵਟੀ ਦੁੱਧ ਦੇ ਜ਼ਰੂਰ ਪਾਏ ਜਾਂਦੇ ਹਨ, ਜਿਨ੍ਹਾਂ ਵਿਰੁੱਧ ਫੂਡ ਸੇਫਟੀ ਅਤੇ ਸਟੈਂਡਰਡ ਐਕਟ, 2006 ਅਧੀਨ ਕਾਰਵਾਈ ਕੀਤੀ ਜਾਂਦੀ ਹੈ। ਭਵਿੱਖ ਵਿੱਚ ਜੇਕਰ ਕੋਈ ਵਿਅਕਤੀ/ਫਰਮ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਫੂਡ ਸੇਫਟੀ ਸਟੈਂਡਰਡ ਐਕਟ, 2006 ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

---------

## ਬੱਲੂਆਣਾ ਹਲਕੇ ਦੇ ਸਕੂਲਾਂ ਨੂੰ ਅਪਗ੍ਰੇਡ ਕਰਨਾ

*2483. **ਸ਼੍ਰੀ ਨੱਥੂ ਰਾਮ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇੜਲੇ ਭਵਿੱਖ ਵਿੱਚ ਬੱਲੂਆਣਾ ਵਿਧਾਨ ਸਭਾ ਹਲਕੇ ਦੇ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਅਤੇ ਹਾਈ ਸਕੂਲਾਂ ਨੂੰ ਹਾਇਰ ਸੈਕੰਡਰੀ ਸਕੂਲਾਂ ਵਿੱਚ ਅਪਗ੍ਰੇਡ ਕਰਨ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਕੂਲਾਂ ਦੇ ਵੇਰਵੇ ਕੀ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ।

---------

## ਅਬੋਹਰ ਸ਼ਹਿਰ ਦੇ ਅਮਰੂਤ ਸਿਟੀ ਪ੍ਰਾਜੈਕਟ ਦੇ ਸੀਵਰੇਜ ਦਾ ਕੰਮ

*2698. **ਸ਼੍ਰੀ ਅਰੁਣ ਨਾਰੰਗ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਸ਼ਹਿਰ ਵਿੱਚ ਅਮਰੁਤ ਸਿਟੀ ਪ੍ਰਾਜੈਕਟ ਤਹਿਤ ਸੀਵਰੇਜ ਦਾ ਕੰਮ ਕਿਸ ਮਿਤੀ ਤੱਕ ਮੁਕੰਮਲ ਹੋਣਾ ਸੀ ਅਤੇ ਕੀ ਹੁਣ ਇਸ ਕੰਮ ਨੂੰ ਮੁਕੰਮਲ ਕਰਨ ਦੀ ਮਿਆਦ ਵਧਾਈ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਸੀਵਰੇਜ ਦੇ ਕੰਮ ਨੂੰ ਕਦੋਂ ਤੱਕ ਮੁਕੰਮਲ ਕਰਕੇ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਅਬੋਹਰ ਸ਼ਹਿਰ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਅਮਰੁਤ ਸਕੀਮ ਅਧੀਨ ਮਿਤੀ 14.05.2018 ਤੱਕ ਮੁਕੰਮਲ ਹੋਣਾ ਸੀ। ਕੰਮ ਨੂੰ ਮੁਕੰਮਲ ਕਰਨ ਦੀ ਮਿਆਦ ਵਿੱਚ ਕੋਈ ਵਾਧਾ ਨਹੀਂ ਦਿੱਤਾ ਗਿਆ। ਏਜੰਸੀ ਵੱਲੋਂ ਨਿਰਧਾਰਤ ਸਮੇਂ ਵਿੱਚ ਕੰਮ ਨਾ ਮੁਕੰਮਲ

Under Print
Not for Legal/Official use

ਕਰਨ ਕਾਰਨ ਇਕਰਾਰਨਾਮੇ ਮੁਤਾਬਿਕ ਏਜੰਸੀ ਨੂੰ 5% ਪਨੈਲਟੀ ਲਗਾਈ ਗਈ ਹੈ। ਹੁਣ ਇਹ ਕੰਮ ਮਿਤੀ 30.09.2020 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

---------

**ਕਸਟੋਡੀਅਨ ਜ਼ਮੀਨਾਂ ਦੀ ਰਜਿਸਟਰੇਸ਼ਨ**

*2735. **ਸਰਦਾਰ ਫਤਹਿਜੰਗ ਸਿੰਘ ਬਾਜਵਾ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ 2007 ਤੋਂ ਬਾਅਦ ਵਿੱਚ ਹੋਈ ਕਸਟੋਡੀਅਨ ਜ਼ਮੀਨਾਂ ਦੀਆਂ ਰਜਿਸਟਰੇਸ਼ਨ ਡੀਡਜ਼ ਨੂੰ ਬਾਅਦ ਵਿੱਚ ਕੈਂਸਲ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

(ਅ) ਕੀ ਸਰਕਾਰ ਉਪਰੋਕਤ ਰਜਿਸਟਰੇਸ਼ਨ ਡੀਡਜ਼ ਕੈਂਸਲ ਕਰਨ ਦੇ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਕੇ ਉਕਤ ਫੈਸਲੇ ਨੂੰ ਕੈਂਸਲ ਕਰਨ ਲਈ ਵਿਚਾਰ ਕਰੇਗੀ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਹਾਂ ਜੀ, ਕੰਨਵੇਂਸ ਡੀਡ ਨੂੰ ਕੈਂਸਲ ਕਰਨ ਸਬੰਧੀ ਕਾਰਵਾਈ ਸ਼ੁਰੂ ਕੀਤੀ ਗਈ ਸੀ ਕਿਉਂਕਿ ਰਾਜ ਸਰਕਾਰ ਦੀ ਸਰਪਲੱਸ ਰੂਰਲ ਇਵੈਕਿਊ (ਪੈਕੇਜ ਡੀਲ ਲੈਂਡ) ਤਹਿਤ ਮਿਤੀ 26.09.2007 ਰਾਹੀਂ ਲਏ ਫੈਸਲੇ ਨੂੰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਹੁਕਮ ਮਿਤੀ 28.01.2011 ਰਾਹੀਂ ਐਸ.ਐਲ.ਪੀ. ਨੰ. 3109 ਆਫ 2011 ਇੰਨ ਐਲ.ਪੀ.ਏ. ਨੰ. 668 ਆਫ 2010 ਵਿੱਚ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਉਪਰੰਤ ਰਾਜ ਸਰਕਾਰ ਵੱਲੋਂ ਦਾਇਰ ਕੀਤੀ ਰੀਵਿਊ ਪਟੀਸ਼ਨ ਵੀ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਹੁਕਮ ਮਿਤੀ 17.02.2015 ਰਾਹੀਂ ਰੱਦ ਕਰ ਦਿੱਤੀ ਗਈ ਸੀ।

ਪੁਰਾਣੇ ਅਲਾਟੀਆਂ ਨੂੰ ਰਾਹਤ ਦੇਣ ਲਈ ਰਾਜ ਸਰਕਾਰ ਵੱਲੋਂ ਪੰਜਾਬ ਪੈਕੇਜ ਡੀਲ ਪ੍ਰੋਪਰਟੀ ਐਕਟ (ਡਿਸਪੋਜਲ) 1976 ਨੂੰ ਮਿਤੀ 24.12.2016 (ਪੰਜਾਬ ਐਕਟ ਨੰ. 54 ਆਫ 2016) ਰਾਹੀਂ ਪਿਛਲੇ ਪ੍ਰਭਾਵਾਂ ਸਹਿਤ ਸੋਧਿਆ ਗਿਆ ਹੈ।

(ਅ) ਪੰਜਾਬ ਪੈਕੇਜ ਡੀਲ ਪ੍ਰੋਪਰਟੀ ਐਕਟ (ਡਿਸਪੋਜਲ) 1976 ਦੀ ਸੋਧ ਜੋ ਕਿ ਮਿਤੀ 24.12.2016 (ਪੰਜਾਬ ਐਕਟ ਨੰ. 54 ਆਫ 2016) ਨੂੰ ਨੋਟੀਫਾਈ ਹੋਈ ਹੈ, ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਮਿਤੀ 23.09.2019 ਨੂੰ ਸੋਧੀ ਸਿਵਲ ਰਿਟ ਪਟੀਸ਼ਨ ਨੰ. 3450 ਆਫ 2008 ਰਾਹੀਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਕਾਨੂੰਨ ਦੇ ਵਿਰੁੱਧ ਹੋਣ ਦੇ ਅਧਾਰ ਤੇ ਚੁਣੌਤੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਮਾਮਲਾ ਕਾਨੂੰਨੀ ਕਾਰਵਾਈ ਅਧੀਨ ਹੋਣ ਕਰਕੇ ਵਿਚਾਰਿਆ ਨਹੀਂ ਜਾ ਸਕਦਾ।

---------

Under Print
Not for Legal/Official use

## ਨਵੇਂ ਕਮਿਊਨਿਟੀ ਸਿਹਤ ਕੇਂਦਰ ਨੂੰ ਚਾਲੂ ਕਰਨਾ

***2760. ਸ਼੍ਰੀ ਸੰਜੀਵ ਤਲਵਾੜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਪੂਰਬੀ, ਲੁਧਿਆਣਾ ਵਿੱਚ ਸਾਲ 2015 ਵਿੱਚ ਬਣੇ ਨਵੇਂ ਕਮਿਊਨਿਟੀ ਸਿਹਤ ਕੇਂਦਰ, ਸੁਭਾਸ਼ ਨਗਰ ਦੀ ਬਿਲਡਿੰਗ ਦਾ ਕੰਮ ਪੂਰਾ ਹੋਣ ਤੋਂ ਬਾਅਦ ਇਹ ਬਿਲਡਿੰਗ ਖਾਲੀ ਪਈ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਕਮਿਊਨਿਟੀ ਸਿਹਤ ਕੇਂਦਰ ਵਿੱਚ ਸਿਹਤ ਸੇਵਾਵਾਂ ਕਦੋਂ ਤੱਕ ਸ਼ੁਰੂ ਕਰ ਦਿੱਤੀਆਂ ਜਾਣਗੀਆਂ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਨਹੀਂ ਜੀ, ਅਰਬਨ ਸੀ.ਐਚ.ਸੀ. ਸੁਭਾਸ਼ ਨਗਰ ਵਿਖੇ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

---------

## ਰੋਡ ਚਹੁੰ ਮਾਰਗੀ ਬਣਾਉਣਾ

***2739. ਸਰਦਾਰ ਰਾਜਿੰਦਰ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਮਾਣਾ ਸ਼ਹਿਰ ਵਿੱਚੋਂ ਲੰਘਦੇ ਪਟਿਆਲਾ-ਸਮਾਣਾ-ਪਾਤੜਾਂ ਰਾਜ ਮਾਰਗ ਨੰ. 10 ਤੇ ਪਿੰਡ ਫਤਿਹਪੁਰ ਤੋਂ ਰੇਤਗੜ੍ਹ ਦੇ ਅੰਦਾਜ਼ਨ 10 ਕਿਲੋਮੀਟਰ ਦੇ ਟੁਕੜੇ ਨੂੰ ਉਕਤ ਰੋਡ ਤੇ ਵਾਪਰਦੀਆਂ ਲਗਾਤਾਰ ਦੁਰਘਟਨਾਵਾਂ ਦੇ ਮੱਦੇਨਜ਼ਰ ਪਹਿਲ ਦੇ ਆਧਾਰ ਤੇ ਚਹੁੰ ਮਾਰਗੀ ਬਣਾਉਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਉਕਤ ਰੋਡ ਨੂੰ ਕਦੋਂ ਤੱਕ ਬਣਾਉਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਪਟਿਆਲਾ-ਸਮਾਣਾ-ਪਾਤੜ੍ਹਾਂ ਸੜਕ ਇੱਕ BOT ਸੜਕ ਹੈ। ਇਸ ਦਾ ਰੱਖ-ਰਖਾਅ ਮੈਸ: ਰੋਹਨ ਰਾਜਦੀਪ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਮਿਤੀ 19.08.2022 ਤੱਕ ਕੀਤਾ ਜਾਣਾ ਹੈ। ਹਾਲ ਦੀ ਘੜੀ ਇਸ ਮਾਰਗ ਨੂੰ ਚਹੁੰ-ਮਾਰਗੀ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## UNSTARRED QUESTIONS AND ANSWERS

## ਹਲਕਾ ਜਗਰਾਓਂ ਦੀਆਂ ਸੜਕਾਂ ਦੀ ਸਫਾਈ ਲਈ ਸਵੀਪਿੰਗ ਮਸ਼ੀਨ ਦਾ ਪ੍ਰਬੰਧ ਕਰਨਾ

**351. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਹਲਕਾ ਜਗਰਾਉਂ ਦੀ ਨਗਰ ਕੌਂਸਲ ਕੋਲ ਸ਼ਹਿਰ ਵਿੱਚ ਸੜਕਾਂ ਦੀ ਸਫਾਈ ਲਈ ਕੋਈ ਸਵੀਪਿੰਗ ਮਸ਼ੀਨ ਹੈ, ਜੇਕਰ ਨਹੀਂ ਤਾਂ ਇਹ ਮਸ਼ੀਨ ਕਦੋਂ ਮੁਹੱਈਆ ਕਰਵਾ ਦਿੱਤੀ ਜਾਵੇਗੀ;

Under Print
Not for Legal/Official use

(ਅ) ਸ਼ਹਿਰ ਦੀ ਸਫਾਈ ਲਈ, ਸਪਰੇਅ ਲਈ ਅਤੇ ਕੂੜਾ ਇਕੱਠਾ ਕਰਨ ਲਈ ਕਿਹੜੀਆਂ-ਕਿਹੜੀਆਂ ਮਸ਼ੀਨਾਂ ਹਨ;

(ੲ) ਕੀ ਕਦੇ ਨਗਰ ਕੌਂਸਲ ਜਗਰਾਉਂ ਵੱਲੋਂ ਸਵੀਪਿੰਗ ਮਸ਼ੀਨ ਲਿਆਉਣ ਸਬੰਧੀ ਕੋਈ ਚਿੱਠੀ ਪ੍ਰਾਪਤ ਹੋਈ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਹੀਂ ਜੀ। ਨਗਰ ਕੌਂਸਲ, ਜਗਰਾਉਂ ਪਾਸ ਸੜਕਾਂ ਦੀ ਸਫਾਈ ਲਈ ਸਵੀਪਿੰਗ ਮਸ਼ੀਨ ਨਹੀਂ ਹੈ।

(ਅ) ਨਗਰ ਕੌਂਸਲ, ਜਗਰਾਉਂ ਪਾਸ ਸ਼ਹਿਰ ਦੀ ਸਫਾਈ ਲਈ 1 ਜੇ.ਸੀ.ਬੀ.ਮਸ਼ੀਨ, 4 ਟਰੈਕਟਰ ਟਰਾਲੀਆਂ, 140 ਰਿਕਸ਼ਾ-ਰੇਹੜੀਆਂ, 02 ਸਪਰੇਅ ਪੰਪ, 02 ਹੈਂਡੀ ਫੌਗਿੰਗ ਮਸ਼ੀਨਾਂ ਹਨ। ਇਸ ਤੋਂ ਇਲਾਵਾ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਡਸਟਬਿਨ ਵੀ ਲਗਾਏ ਗਏ ਹਨ।

(ੲ) ਨਗਰ ਕੌਂਸਲ, ਜਗਰਾਉਂ ਵੱਲੋਂ ਮਿਤੀ 10/11/2014 ਨੂੰ ਮਕੈਨੀਕਲ ਬਰੂਮ ਖ੍ਰੀਦ ਕਰਨਾ ਪ੍ਰਵਾਨ ਕੀਤਾ ਗਿਆ ਸੀ। ਨਗਰ ਕੌਂਸਲ, ਜਗਰਾਉਂ ਵੱਲੋਂ ਪੱਤਰ ਨੰਬਰ 199-202 ਮਿਤੀ 30/01/2020 ਰਾਹੀਂ ਪੀ.ਐਮ.ਆਈ.ਡੀ.ਸੀ. ਤੋਂ ਸਵੱਛ ਭਾਰਤ ਮਿਸ਼ਨ ਤਹਿਤ ਸਫਾਈ ਦੇ ਕੰਮ ਲਈ ਲੋੜੀਂਦੇ ਸਮਾਨ ਵਿੱਚ ਇੱਕ ਮੈਕੇਨਾਈਜ਼ਡ ਸਵੀਪਿੰਗ ਮਸ਼ੀਨ ਦੀ ਵੀ ਮੰਗ ਕੀਤੀ ਗਈ ਸੀ ਪਰ ਸਵੱਛ ਭਾਰਤ ਮਿਸ਼ਨ ਸ਼ਹਿਰੀ ਅਧੀਨ ਮੈਕੇਨੀਕਲ ਸਵੀਪਿੰਗ ਮਸ਼ੀਨ ਕੰਪੋਨੈਂਟ ਕਵਰ ਨਹੀਂ ਹੁੰਦਾ।

---------

## ਜਗਰਾਓਂ ਵਿਖੇ ਵਾਟਰ ਟ੍ਰੀਟਮੈਂਟ ਦੁਆਰਾ ਪਾਣੀ ਟ੍ਰੀਟ ਕਰਨਾ

352. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜਗਰਾਓਂ ਵਿਖੇ ਦੋ ਵਾਟਰ ਟ੍ਰੀਟਮੈਂਟ ਪਲਾਂਟ ਚਲਾਏ ਜਾ ਰਹੇ ਹਨ; ਜੇਕਰ ਹਾਂ ਤਾਂ ਪਿਛਲੇ ਸਾਲਾਂ 2017-18, 2018-19 ਅਤੇ 2019-20 ਦੌਰਾਨ ਕੁੱਲ ਕਿੰਨਾ ਪਾਣੀ ਟ੍ਰੀਟ ਕੀਤਾ ਗਿਆ ਹੈ ਅਤੇ ਕੁੱਲ ਕਿੰਨਾ ਖਰਚ ਆਇਆ ਹੈ;

(ਅ) ਇਸ ਸਾਫ ਕੀਤੇ ਗਏ ਪਾਣੀ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਹੀਂ ਜੀ, ਇਹ ਠੀਕ ਨਹੀਂ ਹੈ। ਜਗਰਾਓਂ ਵਿਖੇ ਕੋਈ ਵਾਟਰ ਟ੍ਰੀਟਮੈਂਟ ਪਲਾਂਟ ਨਹੀਂ ਹੈ।

(ਅ) ਵਾਟਰ ਟ੍ਰੀਟਮੈਂਟ ਪਲਾਂਟ ਨਾ ਹੋਣ ਕਾਰਨ ਪ੍ਰਸ਼ਨ ਦਾ ਇਹ ਹਿੱਸਾ ਲਾਗੂ ਨਹੀਂ ਹੁੰਦਾ ਜੀ।

---------

## ਨਗਰ ਕੌਂਸਲ, ਜਗਰਾਓਂ ਨੂੰ ਪ੍ਰਾਪਤ ਹੋਏ ਪੈਸੇ ਦਾ ਵੇਰਵਾ

355. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

Under Print
Not for Legal/Official use

(ੳ) ਜਗਰਾਓਂ ਨਗਰ ਕੌਂਸਲ ਨੂੰ ਸਾਲ 2016-17, 2017-18 ਤੇ ਸਾਲ 2018-19 ਦੌਰਾਨ ਸਰਕਾਰ ਵਲੋਂ ਕਿੰਨਾ ਪੈਸਾ ਪ੍ਰਾਪਤ ਹੋਇਆ ਹੈ;

(ਅ) ਇਸ ਦੋਰਾਨ ਪ੍ਰਾਪਤ ਹੋਏ ਪੈਸੇ ਦਾ ਕਿੰਨਾ ਖਰਚ ਕੀਤਾ ਗਿਆ ਹੈ ਤੇ ਕਿੰਨਾ ਬਕਾਇਆ ਹੈ ਅਤੇ ਇਸ ਪ੍ਰਾਪਤ ਪੈਸੇ ਦੇ ਨਾਲ ਕਿਹੜੇ-ਕਿਹੜੇ ਕੰਮ ਕੀਤੇ ਗਏ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀ ਮਾਨ ਜੀ, (ੳ) ਨਗਰ ਕੋਂਸਲ, ਜਗਰਾਓਂ ਨੂੰ ਸਾਲ 2016-17 ਦੌਰਾਨ 1344.94 ਲੱਖ ਰੁਪਏ, ਸਾਲ 2017-18 ਦੋਰਾਨ 1125.88 ਲੱਖ ਰੁਪਏ ਅਤੇ ਸਾਲ 2018-19 ਦੋਰਾਨ 1335.92 ਲੱਖ ਰੁਪਏ ਸਰਕਾਰ ਵਲੋਂ ਪ੍ਰਾਪਤ ਹੋਏ ਹਨ।

(ਅ) ਨਗਰ ਕੋਂਸਲ, ਜਗਰਾਓਂ ਵਲੋਂ ਪ੍ਰਾਪਤ ਫੰਡਾਂ ਵਿੱਚੋਂ ਸਾਲ 2016-17 ਦੋਰਾਨ 1344.94 ਲੱਖ ਰੁਪਏ, ਸਾਲ 2017-18 ਦੋਰਾਨ 1125.88 ਲੱਖ ਰੁਪਏ ਅਤੇ ਸਾਲ 2018-19 ਦੋਰਾਨ 1332.60 ਲੱਖ ਰੁਪਏ ਖਰਚ ਕੀਤੇ ਗਏ ਹਨ ਅਤੇ 3.32 ਲੱਖ ਰੁਪਏ ਬਕਾਇਆ ਹਨ। ਇਨ੍ਹਾਂ ਫੰਡਾਂ ਦੀ ਵਰਤੋਂ ਵਿਕਾਸ ਦੇ ਕੰਮਾਂ, ਸਵੱਛ ਭਾਰਤ ਮਿਸ਼ਨ ਦੇ ਕੰਮ, ਤਨਖਾਹਾਂ, ਰਿਟਾਇਰਮੈਂਟ ਲਾਭਾਂ, ਬਿਜਲੀ ਦੇ ਬਿਲ ਆਦਿ ਦੇ ਕੰਮਾਂ ਲਈ ਕੀਤੀ ਗਈ ਹੈ, ਜਿਸ ਦਾ ਵੇਰਵਾ 'ਅਨੁਲਗ-1' ਅਨੁਸਾਰ ਹੈ-

**ਅਨੁਲੱਗ-1**

**ਸਾਲ -2016-17** **ਰਾਸ਼ੀ ਲੱਖਾਂ ਵਿੱਚ**

| ਲੜੀ ਨੰ: | ਸਕੀਮ ਦਾ ਨਾਮ | ਪ੍ਰਾਪਤ ਹੋਈ ਰਕਮ | ਖਰਚ ਕੀਤੀ ਗਈ ਰਾਸ਼ੀ | ਬਕਾਇਆ ਰਾਸ਼ੀ | ਵਿਸ਼ੇਸ਼ ਕਥਨ |
|---|---|---|---|---|---|
| 1 | ਐਮ ਪੀ ਲੈਡ ਸਕੀਮ | 0.50 | 0.50 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 2 | ਪੀ.ਆਈ.ਡੀ.ਬੀ. | 62.91 | 62.91 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 3 | ਸਵੱਛ ਭਾਰਤ ਮਿਸ਼ਨ | 0.00 | 0.00 | 0.00 | ਸਵੱਛ ਭਾਰਤ ਦੇ ਕੰਮਾਂ ਤੇ ਖਰਚਾ ਕੀਤਾ ਗਿਆ |

Under Print
Not for Legal/Official use

| | | | | | |
|---|---|---|---|---|---|
| 4 | ਐਕਸਾਈਜ਼ ਡਿਊਟੀ | 249.32 | 249.32 | 0.00 | ਤਨਖਾਹਾਂ, ਰਿਟਾਇਰਮੈਂਟ ਡਿਊਜ਼, ਪੀ.ਐਫ, ਦਫਤਰੀ ਖਰਚੇ/ਸਟਰੀਟ ਲਾਈਟ ਬਿਲ ਆਦਿ |
| 5 | 14ਵੇਂ ਕੇਂਦਰੀ ਵਿੱਤ ਕਮਿਸ਼ਨ | 103.39 | 103.39 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 6 | ਪੰਜਾਬ ਮਿਊਂਸਪਲ ਫੰਡ (ਪੀ.ਐਮ. ਐਫ.ਐਕਟ 2006) | 876.03 | 876.03 | 0.00 | ਤਨਖਾਹਾਂ, ਰਿਟਾਇਰਮੈਂਟ ਡਿਊਜ਼, ਪੀ.ਐਫ, ਦਫਤਰੀ ਖਰਚੇ/ਸਟਰੀਟ ਲਾਈਟ ਬਿਲ ਆਦਿ |
| 7 | ਬਿਜਲੀ ਚੁੰਗੀ/ ਮਿਊਂਸਪਲ ਟੈਕਸ | 52.79 | 52.79 | 0.00 | ਬਿਜਲੀ ਦੇ ਬਕਾਇਆ ਬਿਲਾਂ ਵਿੱਚ ਐਡਜਸਟ ਕੀਤੀ ਗਈ |
| ਕੁੱਲ ਜੋੜ | | 1344.94 | 1344.94 | 0.00 | |

| **ਸਾਲ 2017-18** | | | | | **ਰਾਸ਼ੀ ਲੱਖਾਂ ਵਿੱਚ** |
|---|---|---|---|---|---|
| ਲੜੀ ਨੰ | ਸਕੀਮ ਦਾ ਨਾਮ | ਰਕਮ ਜੋ ਪ੍ਰਾਪਤ ਹੋਈ | ਖਰਚ ਕੀਤੀ ਗਈ ਰਾਸ਼ੀ | ਬਕਾਇਆ ਰਾਸ਼ੀ | ਵਿਸ਼ੇਸ਼ ਕਥਨ |
| 1 | ਐਮ ਪੀ ਲੈਡ ਸਕੀਮ | 10.00 | 10.00 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 2 | ਪੀ.ਆਈ.ਡੀ.ਬੀ. | 39.29 | 39.29 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 3 | ਸਵੱਛ ਭਾਰਤ ਮਿਸ਼ਨ | 9.80 | 9.80 | 0.00 | ਸਵੱਛ ਭਾਰਤ ਦੇ ਕੰਮਾਂ ਤੇ ਖਰਚਾ ਕੀਤਾ ਗਿਆ |

Under Print
Not for Legal/Official use

| | | | | | |
|---|---|---|---|---|---|
| 4 | ਐਕਸਾਈਜ਼ ਡਿਊਟੀ | 69.58 | 69.58 | 0.00 | ਤਨਖਾਹਾਂ, ਰਿਟਾਇਰਮੈਂਟ ਡਿਊਜ਼, ਪੀ.ਐਫ, ਦਫਤਰੀ ਖਰਚੇ/ਸਟਰੀਟ ਲਾਈਟ ਬਿਲ ਆਦਿ |
| 5 | 14ਵੇਂ ਕੇਂਦਰੀ ਵਿੱਤ ਕਮਿਸ਼ਨ | 180.95 | 180.95 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 6 | ਪੰਜਾਬ ਮਿਊਂਸਪਲ ਫੰਡ (ਪੀ.ਐਮ. ਐਫ.ਐਕਟ 2006) | 807.45 | 807.45 | 0.00 | ਤਨਖਾਹਾਂ, ਰਿਟਾਇਰਮੈਂਟ ਡਿਊਜ਼, ਪੀ.ਐਫ, ਦਫਤਰੀ ਖਰਚੇ/ਸਟਰੀਟ ਲਾਈਟ ਬਿਲ ਆਦਿ |
| 7 | ਬਿਜਲੀ ਚੁੰਗੀ/ ਮਿਊਂਸਪਲ ਟੈਕਸ | 8.81 | 8.81 | 0.00 | ਬਿਜਲੀ ਦੇ ਬਕਾਇਆ ਬਿਲਾਂ ਵਿੱਚ ਐਡਜਸਟ ਕੀਤੀ ਗਈ |
| **ਕੁੱਲ ਜੋੜ** | | **1125.88** | **1125.88** | **0.00** | |

| **ਸਾਲ 2018-19** | | | | | **ਰਾਸ਼ੀ ਲੱਖਾਂ ਵਿੱਚ** |
|---|---|---|---|---|---|
| ਲੜੀ ਨੰ | ਸਕੀਮ ਦਾ ਨਾਮ | ਰਕਮ ਜੋ ਪ੍ਰਾਪਤ ਹੋਈ | ਖਰਚ ਕੀਤੀ ਗਈ ਰਾਸ਼ੀ | ਬਕਾਇਆ ਰਾਸ਼ੀ | ਵਿਸ਼ੇਸ਼ ਕਥਨ |
| 1 | ਐਮ ਪੀ ਲੈਡ ਸਕੀਮ | 30.00 | 30.00 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 2 | ਪੀ.ਆਈ.ਡੀ.ਬੀ. | 35.62 | 32.30 | 3.32 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 3 | ਸਵੱਛ ਭਾਰਤ ਮਿਸ਼ਨ | 26.19 | 26.19 | 0.00 | ਸਵੱਛ ਭਾਰਤ ਦੇ ਕੰਮਾਂ ਤੇ ਖਰਚਾ ਕੀਤਾ ਗਿਆ |

Under Print
Not for Legal/Official use

| | | | | | |
|---|---|---|---|---|---|
| 4 | ਐਕਸਾਈਜ਼ ਡਿਊਟੀ | 82.05 | 82.05 | 0.00 | ਤਨਖਾਹਾਂ,ਰਿਟਾਇਰਮੈਂਟ ਡਿਊਜ਼, ਪੀ.ਐਫ,ਦਫਤਰੀ ਖਰਚੇ/ਸਟਰੀਟ ਲਾਈਟ ਬਿਲ ਆਦਿ |
| 5 | 14ਵੇਂ ਕੇਂਦਰੀ ਵਿੱਤ ਕਮਿਸ਼ਨ | 256.71 | 256.71 | 0.00 | ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਗਏ |
| 6 | ਪੰਜਾਬ ਮਿਉਂਸਪਲ ਫੰਡ (ਪੀ.ਐਮ਼ ਐਫ.ਐਕਟ 2006) | 853.52 | 853.52 | 0.00 | ਤਨਖਾਹਾਂ, ਰਿਟਾਇਰਮੈਂਟ ਡਿਊਜ਼, ਪੀ.ਐਫ, ਦਫਤਰੀ ਖਰਚੇ/ਸਟਰੀਟ ਲਾਈਟ ਬਿੱਲ ਆਦਿ |
| 7 | ਬਿਜਲੀ ਚੁੰਗੀ/ ਮਿਉਂਸਪਲ ਟੈਕਸ | 51.83 | 51.83 | 0.00 | ਬਿਜਲੀ ਦੇ ਬਕਾਇਆ ਬਿਲਾਂ ਵਿੱਚ ਐਡਜਸਟ ਕੀਤੀ ਗਈ |
| **ਕੁੱਲ ਜੋੜ** | | **1335.92** | **1332.60** | **3.32** | |

-----------

**ਭਲਾਈ ਪੈਨਸ਼ਨਾਂ ਵਿੱਚ ਵਾਧਾ ਕਰਨਾ**

361. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**:-ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-
(ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਦੀਆਂ 2017 ਵਿੱਚ ਹੋਈਆਂ ਚੋਣਾਂ ਦੇ ਦੌਰਾਨ ਕਾਂਗਰਸ ਪਾਰਟੀ ਨੇ ਆਪਣੇ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਵਿਧਵਾ ਪੈਨਸ਼ਨ **ਤੇ** ਓਲਡ ਏਜ਼ ਪੈਨਸ਼ਨ ਨੂੰ ਵਧਾ ਕੇ 2000/- ਰੁਪਏ ਪ੍ਰਤੀ ਮਹੀਨਾ ਕਰ ਦੇਵੇਗੀਸ ਜੇਕਰ ਅਜਿਹਾ ਹੈ ਤਾਂ ਪੈਨਸ਼ਨ ਵਿੱਚ ਵਾਧਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ;
(ਅ) ਭਲਾਈ ਪੈਨਸ਼ਨਾਂ ਅਰਥਾਤ ਬੁਢਾਪਾ, ਵਿਧਵਾ, ਅਨਾਥ ਅਤੇ ਅਪਾਹਜਾਂ ਦੀਆਂ ਪੈਨਸ਼ਨਾਂ ਲਈ ਹਲਕਾ ਜਗਰਾਓਂ ਤੋਂ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਤੇ ਕੀ ਇਨ੍ਹਾਂ ਸਾਰਿਆਂ ਨੂੰ ਪੈਨਸ਼ਨਾਂ ਲਾਗੂ ਹੋ ਗਈਆਂ ਹਨ?

Under Print
Not for Legal/Official use

**ਸ਼੍ਰੀਮਤੀ ਅਰੁਨਾ ਚੌਧਰੀ:** ਸ਼੍ਰੀਮਾਨ ਜੀ, (ੳ) ਨਹੀਂ ਜੀ। ਮਹੀਨਾ ਜੁਲਾਈ 2017 ਤੋ ਪੈਨਸ਼ਨ ਰਾਸ਼ੀ ਦੀ ਦਰ 500/- ਰੁਪਏ ਤੋ ਵਧਾ ਕੇ 750/- ਰੁਪਏ ਪ੍ਰਤੀ ਲਾਭਪਾਤਰੀ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਪੈਨਸ਼ਨ ਦੀ ਦਰ 750/- ਰੁਪਏ ਤੋਂ ਵਧਾ ਕੇ 1500/- ਰੁਪਏ ਪ੍ਰਤੀ ਮਹੀਨਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਇਨ੍ਹਾਂ ਸਕੀਮਾਂ ਅਧੀਨ ਹਲਕਾ ਜਗਰਾਓਂ ਵਿੱਚ ਮਿਤੀ 15.02.2020 ਤੱਕ 2414 ਅਰਜ਼ੀਆਂ ਪ੍ਰਾਪਤ ਹੋਈਆਂ ਸਨ ਅਤੇ ਜਿਨ੍ਹਾਂ ਵਿੱਚੋਂ ਯੋਗ 2344 ਵਿਅਕਤੀਆਂ ਨੂੰ ਪੈਨਸ਼ਨ ਮਨਜ਼ੂਰ ਕਰ ਦਿੱਤੀ ਗਈ ਹੈ ਅਤੇ 70 ਕੇਸ ਅਯੋਗ ਹੋਣ ਕਾਰਨ ਰੱਦ ਕਰ ਦਿੱਤੇ ਗਏ ਹਨ।

----------

**ਸਰਕਾਰੀ/ਪ੍ਰਾਈਵੇਟ ਬੱਸ ਸਰਵਿਸ ਮੁਹੱਈਆ ਕਰਵਾਉਣਾ**

371. **ਸ਼੍ਰੀ ਸੁਖਵਿੰਦਰ ਕੁਮਾਰ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬੰਗਾ ਤੋਂ ਔੜ ਵਾਇਆ ਮਜਾਰਾ ਨੌ ਆਬਾਦ ਅਤੇ ਬੰਗਾ ਤੋਂ ਚੇਤਾ ਵਾਇਆ ਕਟਾਰੀਆ ਨੂੰ ਸਰਕਾਰ ਵੱਲੋਂ ਇਲਾਕੇ ਦੇ ਲੋਕਾਂ ਲਈ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਬੱਸ ਸਰਵਿਸ ਮੁਹੱਈਆ ਨਹੀਂ ਕਰਵਾਈ ਗਈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਅਜਿਹਾ ਕਰਨ ਦੇ ਕੀ ਕਾਰਨ ਅਤੇ ਕਦੋਂ ਤੱਕ ਇਲਾਕਾ ਨਿਵਾਸੀਆਂ ਨੂੰ ਬੱਸ ਸਰਵਿਸ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਹਾਂ ਜੀ, ਇਸ ਇਲਾਕੇ ਵਿੱਚ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਬੱਸ ਸਰਵਿਸ ਮੁਹੱਈਆ ਨਹੀਂ ਕਰਵਾਈ ਜਾ ਰਹੀ ਹੈ।

(ਅ) ਪੰਜਾਬ ਰੋਡਵੇਜ਼/ਪਨਬੱਸ ਪਾਸ ਇਨ੍ਹਾਂ ਰੂਟਾਂ ਦਾ ਕਈ ਬੱਸ ਪਰਮਿਟ ਨਹੀਂ ਹੈ।ਇਨ੍ਹਾਂ ਰੂਟਾਂ ਉੱਪਰ ਪ੍ਰਾਈਵੇਟ ਮਿੰਨੀ ਬੱਸ ਦਾ ਇੱਕ ਰੂਟ ਪਰਮਿਟ ਸੀ, ਜੋ ਕਿ ਮਿਤੀ 03-*09-2008* ਤੋਂ ਖਤਮ ਹੋ ਚੁੱਕਾ ਹੈ।ਹਾਲ ਦੀ ਘੜੀ ਪੰਜਾਬ ਰੋਡਵੇਜ਼/ਪਨਬੱਸ ਵੱਲੋਂ ਇਸ ਰੂਟ ਤੇ ਬੱਸ ਪਰਮਿਟ ਲੈਣ ਦੀ ਕੋਈ ਤਜਵੀਜ਼ ਨਹੀਂ ਹੈ।

---------

**ਹਲਕਾ ਉੜਮੁੜ ਟਾਂਡਾ ਦੇ ਪਿੰਡ ਕਲਿਆਣਪੁਰ ਵਿਚ 66 K.V. ਦਾ ਬਿਜਲੀ ਘਰ ਬਣਾਉਣਾ**

380. **ਸਰਦਾਰ ਸੰਗਤ ਸਿੰਘ ਗਿਲਜ਼ੀਆਂ:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਉੜਮੁੜ ਟਾਂਡਾ ਦੇ ਪਿੰਡ ਕਲਿਆਣਪੁਰ ਵਿਚ 66 **K.V.** ਦਾ ਬਿਜਲੀ ਘਰ ਫਰਵਰੀ 2019 ਵਿਚ ਮਨਜ਼ੂਰ ਹੋਇਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਮਨਜ਼ੂਰ ਹੋਏ ਬਿਜਲੀ ਘਰ ਦੇ ਕੰਮ ਨੂੰ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਕਿੰਨੇ ਸਮੇਂ ਵਿਚ ਇਸ ਨੂੰ ਪੂਰਾ ਕਰ ਦਿੱਤਾ ਜਾਵੇਗਾ?

Under Print
Not for Legal/Official use

**ਕੈਪਟਨ ਅਮਰਿੰਦਰ ਸਿੰਘ:** ਹਾਂ ਜੀ, ਇਸ ਦੀ ਉਸਾਰੀ ਦਾ ਕੰਮ ਜਨਵਰੀ, 2020 ਵਿੱਚ ਸ਼ੁਰੂ ਹੋ ਚੁੱਕਾ ਹੈ, ਜੋ ਕਿ ਮਿਤੀ 31.05.2020 ਤੱਕ ਕੰਮ ਮੁਕੰਮਲ ਕਰ ਲਿਆ ਜਾਵੇਗਾ।

---------

**ਹਲਕਾ ਉੜਮੁੜ ਟਾਂਡਾ ਦੇ ਕੰਢੀ ਇਲਾਕੇ ਵਿਚ Armed Preparatory Institute ਖੋਲ੍ਹਣਾ**

381. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਉੜਮੁੜ ਟਾਂਡਾ ਦੇ ਕੰਢੀ ਇਲਾਕੇ ਵਿਚ ਸਰਕਾਰ ਵਲੋਂ Armed Preparatory Institute ਖੋਲ੍ਹਣ ਬਾਰੇ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਹਾਂ ਤਾਂ ਇਸ ਨੂੰ ਕਦੋਂ ਤੱਕ ਦਿੱਤਾ ਜਾਵੇਗਾ?

**ਸਰਦਾਰ ਚਰਨਜੀਤ ਸਿੰਘ ਚੰਨੀ:** ਪੰਜਾਬ ਸਰਕਾਰ ਵਲੋਂ ਹਲਕਾ ਉੜਮੁੜ ਟਾਂਡਾ ਦੇ ਕੰਢੀ ਇਲਾਕੇ ਵਿੱਚ ਕੋਈ ਵੀ Armed Force Preparatory Institute ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਉੜਮੁੜ ਟਾਂਡਾ ਤੋਂ ਸਿਰਫ 39 ਕਿਲੋਮੀਟਰ ਦੂਰੀ ਤੇ ਬਜਵਾੜਾ ਵਿਖੇ ਪੰਜਾਬ ਸਰਕਾਰ ਵਲੋਂ ਇੱਕ Armed Force Preparatory Institute ਖੋਲ੍ਹਣ ਦੀ ਪ੍ਰਵਾਨਗੀ ਹੋ ਚੁੱਕੀ ਹੈ ਜਿਸ ਨੂੰ 22 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾਣ ਦੀ ਤਜਵੀਜ਼ ਹੈ।

----------

**ਟਾਂਡਾ ਸ਼ਹਿਰ ਵਿੱਚ ਸਪੋਰਟਸ ਵਿੰਗ ਨੂੰ ਦੁਬਾਰਾ ਚਾਲੂ ਕਰਨਾ**

382. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਹਲਕਾ ਉੜਮੁੜ ਦੇ ਟਾਂਡਾ ਸ਼ਹਿਰ ਵਿੱਚ ਲਗਭਗ 20 ਸਾਲ ਪਹਿਲਾਂ SAI ਵੱਲੋਂ ਇੱਕ ਸਪੋਰਟਸ ਵਿੰਗ ਬਣਾਇਆ ਗਿਆ ਸੀ ਅਤੇ ਕੁਝ ਸਮੇਂ ਬਾਅਦ ਵਿੰਗ ਬੰਦ ਹੋਣ ਕਾਰਨ ਸਪੋਰਟਸ ਵਿੰਗ ਦੀ ਬਿਲਡਿੰਗ ਖੰਡਰ ਬਣਦੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਰਾਣਾ ਗੁਰਮੀਤ ਸਿੰਘ ਸੋਢੀ:** ਸ਼੍ਰੀਮਾਨ ਜੀ, ਇਹ ਠੀਕ ਹੈ ਕਿ ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਕਾਫੀ ਸਮਾਂ ਪਹਿਲਾਂ ਟਾਂਡਾ ਉੜਮੁੜ ਵਿਖੇ ਸਪੋਰਟਸ ਵਿੰਗ ਖੋਲ੍ਹਿਆ ਗਿਆ ਸੀ ਜੋ ਕਿ ਬਾਅਦ ਵਿੱਚ ਬੰਦ ਹੋ ਗਿਆ ਸੀ। ਖੇਡ ਵਿਭਾਗ, ਪੰਜਾਬ ਵੱਲੋਂ ਅਗਲੇ ਚਾਲੂ ਮਾਲੀ ਸਾਲ 2020-21 ਦੌਰਾਨ ਟਾਂਡਾ ਉੜਮੁੜ ਵਿਖੇ ਸਪੋਰਟਸ ਵਿੰਗ ਸਥਾਪਤ ਕਰ ਦਿੱਤਾ ਜਾਵੇਗਾ।

---------

**ਹਲਕਾ ਉੜਮੁੜ ਟਾਂਡਾ ਦੇ ਕੰਢੀ ਖੇਤਰ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ**

384. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਉੜਮੁੜ ਟਾਂਡਾ ਦੇ ਕੰਢੀ ਖੇਤਰ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਦਿੱਕਤ ਨੂੰ

Under Print
Not for Legal/Official use

ਧਿਆਨ ਵਿੱਚ ਰੱਖਦੇ ਹੋਏ ਕੰਢੀ ਦੇ ਪਿੰਡਾਂ ਵਾਸਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਵਿਧਾਨ ਸਭਾ ਹਲਕਾ ਅਧੀਨ ਕੁੱਲ 217 ਪਿੰਡ ਪੈਂਦੇ ਹਨ, ਜਿਨ੍ਹਾਂ ਵਿੱਚੋਂ 51 ਪਿੰਡ ਕੰਢੀ ਏਰੀਏ ਵਿੱਚ ਆਉਂਦੇ ਹਨ। ਇਨ੍ਹਾਂ 51 ਪਿੰਡਾਂ ਨੂੰ 21 ਜਲ ਸਪਲਾਈ ਸਕੀਮਾਂ ਨਾਲ ਪਾਣੀ ਮੁਹੱਈਆ ਕਰਵਾਇਆ ਜਾਂਦਾ ਹੈ। ਪਿਛਲੇ ਸਾਲਾਂ ਦੌਰਾਨ ਡੱਫਰ, ਮਾਨਗੜ੍ਹ ਅਤੇ ਰਘਵਾਲ ਸਕੀਮਾਂ ਦੇ ਚਾਰ ਪਿੰਡਾਂ ਵਿੱਚ 115.82 ਲੱਖ ਰੁਪਏ ਨਾਲ ਇੰਪਰੂਵਮੈਂਟ/ ਅਪਗਰੇਡੇਸ਼ਨ ਕੀਤੀ ਗਈ ਹੈ। ਇਸ ਹਲਕੇ ਅਧੀਨ ਪੈਂਦੀਆਂ ਕੰਢੀ ਏਰੀਏ ਦੀਆਂ ਦੋ ਜਲ ਸਪਲਾਈ ਸਕੀਮਾਂ ਦੇ ਸੁਧਾਰ ਲਈ ਪ੍ਰਸ਼ਾਸਕੀ ਪ੍ਰਵਾਨਗੀ (37.37 ਲੱਖ ਰੁਪਏ) ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਕੰਮ ਮਿਤੀ 30.06.2020 ਤੱਕ ਮੁਕੰਮਲ ਹੋ ਜਾਣਗੇ, ਜਿਸ ਨਾਲ ਚਾਰ ਪਿੰਡਾਂ ਦੀ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਸੁਧਾਰ ਹੋਵੇਗਾ। ਇਸ ਤੋਂ ਇਲਾਵਾ, ਕੰਢੀ ਪਿੰਡਾਂ ਵਿੱਚ ਤਿੰਨ ਸਕੀਮਾਂ (ਕੁੱਲ ਲਾਗਤ 191.50 ਲੱਖ ਰੁਪਏ) ਜਿਨ੍ਹਾਂ ਨਾਲ ਪੰਜ ਪਿੰਡ ਕਵਰ ਕੀਤੇ ਜਾਣੇ ਹਨ, ਦੀ ਤਜਵੀਜ਼ ਵਿੱਤੀ ਸਾਲ 2020-21 ਵਿੱਚ ਲਈ ਗਈ ਹੈ।

---------

## ਰਾਜ ਵਿੱਚ ਅਪ੍ਰੈਲ 2017 ਤੋਂ ਮਿਤੀ ਬੱਧ ਤੱਕ P.T.E.T., C.T.E.T ns/ U.G.E.-NET ਪਾਸ ਉਮੀਦਵਾਰਾਂ ਨੂੰ ਨੌਕਰੀ ਦੇਣਾ

394. **ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਅਪ੍ਰੈਲ, 2017 ਤੋਂ ਮਿਤੀ ਬੱਧ ਤੱਕ Punjab Teacher Eligibility Test, Central Teacher Eligibility Test ਅਤੇ UGE-NET ਪਾਸ ਕਰਨ ਵਾਲੇ ਉਮੀਦਵਾਰਾਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ, ਇਨ੍ਹਾਂ ਵਿੱਚੋਂ ਰਾਜ ਸਰਕਾਰ ਨੇ ਕਿੰਨੇ-ਕਿੰਨੇ ਉਮੀਦਵਾਰਾਂ ਨੂੰ ਇਨ੍ਹਾਂ ਦੀ ਯੋਗਤਾ ਅਨੁਸਾਰ ਟੀਚਰ ਦੀ ਸਰਕਾਰੀ ਨੌਕਰੀ ਦੇ ਦਿੱਤੀ ਹੈ ਅਤੇ ਕਿੰਨੇ ਉਮੀਦਵਾਰਾਂ ਨੂੰ ਨੌਕਰੀ ਦੇਣੀ ਪੈਂਡਿੰਗ ਹੈ;

(ਅ) ਪੈਂਡਿੰਗ ਬੇਰੋਜ਼ਗਾਰ ਅਧਿਆਪਕਾਂ ਨੂੰ ਜਦੋਂ ਤੱਕ ਸਰਕਾਰੀ ਨੌਕਰੀ ਦੇ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ ਅਤੇ ਇਹ ਯੋਗਤਾ ਰੱਖਣ ਵਾਲੇ ਉਮੀਦਵਾਰਾਂ ਲਈ ਸਬੰਧਤ ਵਿਭਾਗ ਕੋਲ ਕਿੰਨੀਆਂ ਅਸਾਮੀਆਂ ਉਪਲਬਧ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ)

- ਅਪ੍ਰੈਲ, 2017 ਤੋਂ ਹੁਣ ਤੱਕ P.T.E.T ਵਿੱਚ 57,628 ਉਮੀਦਵਾਰਾਂ ਨੇ ਟੈਸਟ ਪਾਸ ਕੀਤਾ।
- 4,020 ਉਮੀਦਵਾਰਾਂ ਨੂੰ ਯੋਗਤਾ ਅਨੁਸਾਰ ਟੀਚਰ ਦੀ ਨੌਕਰੀ ਦੇ ਦਿੱਤੀ ਗਈ।
- 53,608 ਉਮੀਦਵਾਰਾਂ ਨੂੰ ਨੌਕਰੀ ਦੇਣੀ ਪੈਂਡਿੰਗ ਹੈ।

Under Print
Not for Legal/Official use

- Central Teacher Eligibility Test ਦਾ ਸਬੰਧ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨਾਲ ਨਹੀਂ ਹੈ, ਫਿਰ ਵੀ 2017 ਤੋਂ ਹੁਣ ਤੱਕ ਪਾਸ ਹੋਣ ਵਾਲੇ ਉਮੀਦਵਾਰਾਂ ਸਬੰਧੀ ਸੂਚਨਾ ਲੈਣ ਲਈ ਮਿਤੀ 24.02.2020 ਨੂੰ ਡਾਇਰੈਕਟਰ, ਸੀ.ਬੀ.ਐਸ.ਈ, ਨਵੀਂ ਦਿੱਲੀ ਨੂੰ ਈ-ਮੇਲ ਕਰ ਦਿੱਤੀ ਗਈ ਸੀ ਪ੍ਰੰਤੂ ਅੱਜ ਮਿਤੀ 25.02.2020 ਸ਼ਾਮ 5:00 ਵਜੇ ਤੱਕ ਇਸ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ।
- UGE-NET ਦਾ ਸਬੰਧ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨਾਲ ਨਹੀਂ ਹੈ, ਫਿਰ ਵੀ 2017 ਤੋਂ ਹੁਣ ਤੱਕ ਪਾਸ ਹੋਣ ਵਾਲੇ ਉਮੀਦਵਾਰਾਂ ਸਬੰਧੀ ਸੂਚਨਾ ਲੈਣ ਲਈ ਮਿਤੀ 24.02.2020 ਨੂੰ ਸੈਕਟਰੀ, ਯੂ.ਜੀ.ਸੀ., ਨਵੀਂ ਦਿੱਲੀ ਨੂੰ ਈ-ਮੇਲ ਕਰ ਦਿੱਤੀ ਗਈ ਸੀ ਪ੍ਰੰਤੂ ਅੱਜ ਮਿਤੀ 25.02.2020 ਸ਼ਾਮ 5:00 ਵਜੇ ਤੱਕ ਇਸ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ

  (ਅ)

  - ਵਿਭਾਗ ਵਲੋਂ 2,182 ਅਸਾਮੀਆਂ ਨੂੰ ਭਰਨ ਸਬੰਧੀ ਕਾਰਵਾਈ ਆਰੰਭੀ ਹੋਈ ਹੈ ਅਤੇ ਬਾਕੀ ਰਹਿੰਦੀਆਂ ਅਸਾਮੀਆਂ ਨੂੰ ਭਰਨ ਲਈ ਜਲਦੀ ਹੀ ਯੋਗ ਉਪਰਾਲੇ ਕੀਤੇ ਜਾਣਗੇ।
  - P.T.E.T. ਯੋਗਤਾ ਰੱਖਣ ਵਾਲੇ ਉਮੀਦਵਾਰਾਂ ਲਈ ਸੰਬੰਧਿਤ ਵਿਭਾਗ ਕੋਲ 5,658 ਅਸਾਮੀਆਂ ਉਪਲਬਧ ਹਨ।

---------

**ਪਿੰਡ ਗੰਗਾ ਅਬਲੂ ਕੀ, ਗੋਨਿਆਣਾ, ਜਿਲ੍ਹਾ ਬਠਿੰਡਾ ਤੋਂ ਸਰਕਾਰੀ ਬੱਸਾਂ ਦੇ ਚਲਦੇ ਟਾਈਮ ਵਿੱਚ ਵਾਧਾ**

**396. ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਤੋਂ ਸਰਕਾਰੀ ਬੱਸਾਂ ਦੇ ਕੇਵਲ ਦੋ ਟਾਈਮ ਚਲਦੇ ਹਨ ਜੋ ਕਿ ਬਹੁਤ ਘੱਟ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਬੱਸਾਂ ਦੇ ਦੋ ਤੋਂ ਪੰਜ ਟਾਈਮ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਹਾਂ ਜੀ, ਇਹ ਠੀਕ ਹੈ ਕਿ ਇਸ ਸਮੇਂ ਸਰਕਾਰੀ ਬੱਸਾਂ ਦੇ ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਤੋਂ ਕੇਵਲ ਦੋ ਟਾਈਮ ਪੀ.ਆਰ.ਟੀ.ਸੀ., ਬਠਿੰਡਾ ਡਿਪੂ ਵਲੋਂ ਚਲਾਏ ਜਾ ਰਹੇ ਹਨ। ਇਸ ਸਬੰਧ ਵਿਚ ਬੱਸਾਂ ਦੇ ਦੋ ਤੋਂ ਪੰਜ ਟਾਈਮ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀ ਹੈ।

---------

**WELCOME ANNOUCEMENT BY THE SPEAKER**

Under Print
Not for Legal/Official use

**ਮਾਨਯੋਗ ਸਪੀਕਰ:** ਮੈਨੂੰ ਇਹ ਸੂਚਿਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰਦਾਰ ਜਸਬੀਰ ਸਿੰਘ ਗਿੱਲ ਡਿੰਪਾ, ਮਾਨਯੋਗ ਮੈਂਬਰ, ਲੋਕ ਸਭਾ ਹਾਊਸ ਦੀ ਕਾਰਵਾਈ ਦੇਖਣ ਲਈ ਗਵਰਨਰ ਗੈਲਰੀ ਵਿੱਚ ਮੌਜੂਦ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। ਹਾਂ ਜੀ, ਹਰਪਾਲ ਸਿੰਘ ਚੀਮਾ ਜੀ।

---------

**MATTER RAISED DURING ZERO HOUR AND STATEMENT BY THE MINSTER THEREON**

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਪੰਜਾਬ ਵਿੱਚ ਭਾਰ ਤੋਲ ਮਸ਼ੀਨਾਂ ਪੰਜਾਬ ਸਰਕਾਰ ਦੁਆਰਾ ਖਰੀਦੀਆਂ ਗਈਆਂ ਹਨ ਅਤੇ ਇੱਕ ਮਸ਼ੀਨ ਦਾ ਰੇਟ 7882/- ਰੁਪਏ ਹੈ। ਅੱਜ ਦੀ 'ਪੰਜਾਬੀ ਟ੍ਰਿਬਿਊਨ' ਦੀ ਖਬਰ ਹੈ ਕਿ ਜਿਹੜੀਆਂ ਮਸ਼ੀਨਾਂ 21 ਕਰੋੜ ਰੁਪਏ ਦੀਆਂ ਖਰੀਦੀਆਂ ਗਈਆਂ ਹਨ, ਉਹ ਮਸ਼ੀਨਾਂ 10 ਕਰੋੜ ਰੁਪਏ ਵਿੱਚ ਖਰੀਦੀਆਂ ਜਾ ਸਕਦੀਆਂ ਸਨ ਕਿਉਂਕਿ ਜਿਹੜੀ ਫਰਮ ਤੋਂ ਇਹ ਖਰੀਦੀਆਂ ਗਈਆਂ ਹਨ ਉਹ ਇੱਕ ਮਸ਼ੀਨ 4,000/- ਰੁਪਏ ਦੀ ਦਿੰਦੀ ਹੈ ਪਰੰਤੂ ਪੰਜਾਬ ਸਰਕਾਰ ਨੇ ਇੱਕ ਮਸ਼ੀਨ 8200/-ਰੁਪਏ ਵਿੱਚ ਖਰੀਦੀ ਹੈ। ਸਪੀਕਰ ਸਾਹਿਬ, ਇਹ ਬਹੁਤ ਵੱਡਾ ਘਪਲਾ ਹੈ। ਜਿਸ ਫਰਮ ਤੋਂ ਇਹ ਮਸ਼ੀਨਾਂ ਖਰੀਦੀਆਂ ਗਈਆਂ ਹਨ, ਉਸ ਫਰਮ ਨੇ ਇਹ ਮਸ਼ੀਨਾਂ ਜਿੱਥੋਂ ਖਰੀਦੀਆਂ ਹਨ, ਉਸ ਫਰਮ ਦੇ ਖਿਲਾਫ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਪਰਚੇ ਦਰਜ ਹਨ ਅਤੇ ਵਿਜੀਲੈਂਸ ਬਿਊਰੋ ਕਾਰਵਾਈ ਕਰ ਰਹੀ ਹੈ। ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਮਾਮਲਾ ਹੈ। ਇਹ ਮਸ਼ੀਨਾਂ ਪੰਜਾਬ ਦੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਜਾਣੀਆਂ ਹਨ, ਉਥੇ ਜਿਹੜੇ ਨਵਜੰਮੇ ਬੱਚੇ ਹਨ, ਉਨ੍ਹਾਂ ਦਾ ਭਾਰ ਤੋਲਿਆ ਜਾਣਾ ਹੈ। ਬਠਿੰਡਾ ਤੋਂ ਇਹ ਬਹੁਤ ਹੀ ਅਹਿਮ ਖਬਰ ਛਪੀ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਸੈਂਟਰ ਤੋਂ ਪੈਸਾ ਆਇਆ ਹੈ ਉਸ ਵਿੱਚ 50 ਪਰਸੈਂਟ ਪੈਸੇ ਦੀ ਚੋਰੀ ਹੋਈ ਹੈ। ਸਰ, ਮਨਿਸਟਰ ਸਾਹਿਬ ਇੱਥੇ ਆਏ ਹੋਏ ਹਨ, ਉਹ ਇਸ ਅਹਿਮ ਮਸਲੇ ਦਾ ਹੱਲ ਕਰਨ ਕਿਉਂਕਿ ਜਿਹੜੇ ਅਫਸਰ ਵਿੱਚ ਇਨਵਾਲਵ ਹਨ ਜਾਂ ਕੋਈ ਹੋਰ ਇਨਵਾਲਵ ਹੈ ਉਨ੍ਹਾਂ ਦੁਆਰਾ 50 ਪਰਸੈਂਟ ਪੈਸੇ ਦੀ ਵੱਡੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਮਨਿਸਟਰ ਸਾਹਿਬ ਬਿਆਨ ਦੇਣ ਕਿ ਕਿਨ੍ਹਾਂ ਅਫਸਰਾਂ ਨੇ ਠੱਗੀ ਮਾਰੀ ਹੈ ਜਾਂ ਇਸ ਵਿੱਚ ਕੌਣ-ਕੌਣ ਇਨਵਾਲਵ ਹੈ ਅਤੇ ਜਿਹੜੀ ਫਰਮ ਆਲਰੇਡੀ ਪੰਜਾਬ ਵਿੱਚ ਬੰਦ ਕਰ ਦਿੱਤੀ ਹੈ, ਜਿਸ ਤੇ ਆਲਰੇਡੀ ਮੁਕੱਦਮੇ ਦਰਜ ਹਨ ਅਤੇ ਉਸ ਫਰਮ ਦੇ ਮਾਲਕ ਜੇਲ੍ਹਾਂ ਵਿੱਚ ਗਏ ਹਨ, ਉਨ੍ਹਾਂ ਤੋਂ ਮਾਲ ਕਿਉਂ ਖਰੀਦਿਆ ਜਾ ਰਿਹਾ ਹੈ? ਇਸ ਤੋਂ ਪਤਾ ਲੱਗਦਾ ਹੈ ਕਿ 50 ਪਰਸੈਂਟ.....(ਵਿਘਨ)

Under Print
Not for Legal/Official use

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੌਰਾਨ ਬੋਲਣ ਲਈ ਆਗਿਆ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**Mr. Speaker:** Thank you, thank you. ਹਾਂ ਜੀ, ਸ਼ਰਨਜੀਤ ਸਿੰਘ ਢਿੱਲੋਂ। ਅੱਜ ਨਾਨ-ਆਫੀਸ਼ੀਅਲ ਡੇਅ ਹੈ, ਜ਼ੀਰੋ ਆਵਰ ਵਿੱਚ ਮੈਕਸੀਅਮ ਟਾਈਮ ਦਿਆਂਗੇ।(ਵਿਘਨ...) ਟਾਈਮ ਵਾਲੀ ਕੋਈ ਗੱਲ ਨਹੀਂ ਹੈ।(ਵਿਘਨ...ਸ਼ੋਰ) ਚਲੋ, ਬੈਠੋ, ਬੈਠੋ (ਵਿਘਨ) ਹਾਂ ਜੀ, ਸ਼ਰਨਜੀਤ ਸਿੰਘ ਢਿੱਲੋਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦੇ ਮਸਲੇ ਉੱਤੇ ਸੀ.ਐਮ. ਸਾਹਿਬ ਨੇ ਜਵਾਬ ਦਿੱਤਾ ਸੀ ਅਤੇ ਅਸੀਂ ਉਨ੍ਹਾਂ ਦੇ ਜਵਾਬ ਤੋਂ 100 ਪ੍ਰਤੀਸ਼ਤ satisfy ਹੋ ਕੇ ਬਿਲਕੁਲ ਹੀ ਰੌਲਾ-ਰੱਪਾ ਪਾਉਣਾ ਬੰਦ ਕਰ ਦਿੱਤਾ ਪਰ ਅੱਜ ਦਾ ਅਖਬਾਰ ਪੜ੍ਹ ਕੇ ਦੇਖੋ। ਬੜੀ ਹੈਰਾਨੀ ਹੋਈ ਹੈ, ਉਸ ਵਿੱਚ ਲਿਖਿਆ ਹੈ ਕਿ ਜਿਹੜੇ ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਦਰਸ਼ਨ ਕਰਕੇ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਨੂੰ ਥਾਣਿਆਂ ਦੇ ਵਿੱਚ ਲਿਜਾ-ਲਿਜਾ ਕੇ ਉਨ੍ਹਾਂ ਦੀ ਪੁੱਛ-ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ।(ਸ਼੍ਰੋਮਣੀ ਅਕਾਲੀ ਦਲ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਹ ਲੋਕ ਕੀ ਕਹਿ ਰਹੇ ਹਨ? ਲੋਕ ਕਹਿ ਰਹੇ ਹਨ ਕਿ ਸਾਨੂੰ ਉਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਤੁਸੀਂ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਆਏ ਹੋ, ਤੁਸੀਂ ਅੱਤਵਾਦੀ ਹੋ ਅਤੇ ਜਦੋਂ ਮੌਕੇ ਤੇ ਉਨ੍ਹਾਂ ਲੋਕਾਂ ਨੇ ਇਹ ਪੁੱਛਿਆ ਕਿ ਤੁਸੀਂ ਸਾਨੂੰ ਥਾਣਿਆਂ ਵਿੱਚ ਕਿਉਂ ਲੈ ਕੇ ਆਏ ਹੋ? ਇਹ ਕਿਸ ਦਾ ਹੁਕਮ ਹੈ? ਅਖਬਾਰ ਵਿੱਚ ਲਿਖਿਆ ਹੈ: ਵਿਭਾਗੀ ਹੁਕਮਾਂ ਰਾਹੀਂ ਵਿੱਚ ਹੋ ਰਹੀ ਪੁੱਛ-ਪੜਤਾਲ: ਥਾਣਾ ਮੁਖੀ ਨੇ ਕਿਹਾ। ਸਪੀਕਰ ਸਾਹਿਬ, ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਕਿ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ, ਸੀ.ਐਮ. ਸਾਹਿਬ ਖੁਦ ਆਪ ਅਤੇ ਅਸੀਂ ਸਾਰੇ ਉਥੇ ਜਾ ਕੇ ਆਏ ਹਨ, ਕੀ ਇਹ ਸਾਰੇ ਅੱਤਵਾਦੀ ਹਨ? (ਵਿਘਨ...) ਇਹ 'ਪੰਜਾਬੀ ਟ੍ਰਿਬਿਊਨ' ਦੀ ਖਬਰ ਹੈ।

**ਮਾਨਯੋਗ ਸਪੀਕਰ:** ਬੈਠੋ, ਤੁਹਾਡੀ ਗੱਲ ਆ ਗਈ ਹੈ।

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸਪੀਕਰ ਸਾਹਿਬ, ਮੈਂ ਜਵਾਬ ਦੇ ਦੇਵਾਂ ਜੀ।

**ਮਾਨਯੋਗ ਸਪੀਕਰ:** ਹਾਂ ਜੀ।

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਦੋਂ ਸਵੇਰੇ 'ਪੰਜਾਬੀ ਟ੍ਰਿਬਿਊਨ' ਅਖਬਾਰ ਪੜ੍ਹੀ ਤਾਂ ਸਭ ਤੋਂ ਪਹਿਲਾਂ ਮੈਂ 7:00 ਵਜੇ ਐਸ.ਐਸ.ਪੀ. ਗੁਰਦਾਸਪੁਰ ਨੂੰ ਟੈਲੀਫੋਨ ਕੀਤਾ ਕਿ ਇਹ ਜਿਹੜੇ ਡੇਅਰੀਵਾਲ ਦੇ ਬੰਦੇ ਹਨ, ਇਨ੍ਹਾਂ ਦਾ ਕੀ ਇਸ਼ੂ ਹੈ? ਉਨ੍ਹਾਂ ਨੇ ਮੈਨੂੰ ਕਿਹਾ ਕਿ ਐਡੀਸ਼ਨਲ ਡਿਪਟੀ ਇੰਸਪੈਕਟਰ, ਆਈ.ਬੀ. ਅੰਮ੍ਰਿਤਸਰ ਵੱਲੋਂ ਇਹ ਚਿੱਠੀ ਆਈ ਹੈ ਕਿ ਇਨ੍ਹਾਂ ਬੰਦਿਆਂ ਬਾਰੇ ਪਤਾ ਕਰਕੇ ਸਾਨੂੰ ਵਾਪਸ ਜਵਾਬ ਦਿੱਤਾ ਜਾਵੇ। ਜਿਸ ਕਰਕੇ ਉਸ ਲੈਟਰ ਦੇ ਅਗੇਂਸਟ

ਅਸੀਂ ਉਨ੍ਹਾਂ ਬੰਦਿਆਂ ਦੀ ਪੁੱਛ-ਪੜਤਾਲ ਕੀਤੀ ਹੈ। ਸਪੀਕਰ ਸਾਹਿਬ, ਐਡੀਸ਼ਨਲ ਡੀ.ਆਈ.ਜੀ, ਆਈ.ਬੀ. ਵੱਲੋਂ ਲੈਟਰ ਆਈ ਹੈ ਅਤੇ ਤੁਹਾਡੇ ਆਰਡਰਾਂ ਦੇ ਨਾਲ ਉਹ ਲੈਟਰ ਮੰਗਵਾ ਕੇ ਇੱਥੇ ਰੱਖੀ ਜਾਣੀ ਚਾਹੀਦੀ ਹੈ। (ਵਿਘਨ,ਸ਼ੋਰ)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਇਸ ਦਾ ਸਿਰਫ ਇੱਕੋ ਹੀ ਮਤਲਬ ਹੈ, ਪਹਿਲੀ ਗੱਲ ਤਾਂ ਇਹ ਜਿਹੜੇ ਮੇਰੇ ਇੱਧਰਲੇ ਸਾਥੀ ਬੈਠੇ ਸਨ ਕੀ ਇਨ੍ਹਾਂ ਨੂੰ ਕੋਈ ਦੁੱਖ ਨਹੀਂ ਹੋਇਆ? (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਜਿਹੜੇ ਸ਼ਰਧਾਲੂ ਉੱਧਰੋਂ ਆ ਰਹੇ ਹਨ, ਉਨ੍ਹਾਂ ਨੂੰ ਤੁਸੀਂ ਥਾਣਿਆਂ ਵਿੱਚ ਲਿਜਾ ਉਨ੍ਹਾਂ ਤੋਂ ਪੁੱਛ-ਗਿੱਛ ਕਰਨੀ ਕਦੋਂ ਤੋਂ ਸ਼ੁਰੂ ਕਰ ਦਿੱਤੀ? ਜਿਹੜੇ ਦਿਨਕਰ ਗੁਪਤਾ ਜੀ ਹਨ, ਜਿਨ੍ਹਾਂ ਬਾਰੇ ਤੁਸੀਂ ਕਹਿੰਦੇ ਹੋ ਕਿ ਉਨ੍ਹਾਂ ਨੇ ਮਾਫੀ ਮੰਗ ਲਈ ਹੈ, ਉਨ੍ਹਾਂ ਨੇ ਕੋਈ ਮਾਫੀ ਨਹੀਂ ਮੰਗੀ। ਉਸ ਨੇ ਤੁਹਾਡਾ ਮਜ਼ਾਕ ਉਡਾਇਆ ਹੈ। ਇਹ ਮਜ਼ਾਕ ਉਡਾਇਆ ਜਾ ਰਿਹਾ ਹੈ। ਮੈਂ ਇੱਥੇ ਮਤਾ ਲੈ ਕੇ ਆਵਾਂਗਾ। ਸ਼ਰਧਾਲੂਆਂ ਨੂੰ ਇਸ ਤਰ੍ਹਾਂ discourage ਕਰਨਾ, ਤੰਗ ਕਰਨਾ ਬਹੁਤ ਹੀ ਸ਼ਰਮਨਾਕ ਹੈ। ਅਜਿਹਾ DGP, ਦਿਨਕਰ ਗੁਪਤਾ ਦੇ ਬਿਆਨ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ। ਇਸ ਕਰਕੇ ਇਹ ਹਾਊਸ ਡੀ.ਜੀ.ਪੀ., ਦਿਨਕਰ ਗੁਪਤਾ ਦੀ ਮਾਫੀ ਨਾਲ ਸਹਿਮਤ ਨਹੀਂ ਹੈ। DGP, ਦਿਨਕਰ ਗੁਪਤਾ ਨੂੰ ਹੁਣੇ ਹੀ ਹਟਾਇਆ ਜਾਵੇ। ਇਸ ਦੇ ਲਈ ਮੈਂ ਮਤਾ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ:** ਹਾਂ ਜੀ, ਬਲਵਿੰਦਰ ਸਿੰਘ ਜੀ, ਬਲਵਿੰਦਰ ਸਿੰਘ ਜੀ।

(ਇਸ ਸਮੇਂ ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)

**ਮਾਨਯੋਗ ਸਪੀਕਰ:** ਤੁਸੀਂ ਬੋਲ ਲੈਣਾ... ਬੋਲ ਲੈਣਾ...ਤੁਸੀਂ ਬੈਠੋ, ਤੁਸੀਂ ਬਾਅਦ ਵਿੱਚ ਬੋਲ ਲੈਣਾ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅਹਿਮ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ DGP ਸਾਹਿਬ ਨੇ ਮਾਫੀ ਤਾਂ ਮੰਗ ਲਈ ਪਰ ਉੱਪਰਲੇ ਮਨੋਂ ਮੰਗੀ ਹੈ। ਉਨ੍ਹਾਂ ਨੇ ਮਨੋਂ ਮਾਫੀ ਨਹੀਂ ਮੰਗੀ। ਉਨ੍ਹਾਂ ਨੇ ਆਪਣੀ ਕਾਰਵਾਈ ਨੂੰ ਇੰਪਲੀਮੈਂਟੇਸ਼ਨ ਵੱਲ ਤੋਰਿਆ ਹੈ। ਸਪੀਕਰ ਸਾਹਿਬ, ਅੱਜ ਮੇਰੇ ਭਰਾ ਰੌਲਾ ਪਾਉਂਦੇ ਹਨ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਦੀ ਪਾਰਟੀ ਦੇ ਮੁੱਖ ਬੁਲਾਰੇ, ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਬੁਲਾਰਾ ਕਹਿੰਦਾ ਹੈ ਕਿ DGP ਦਾ ਬਿਆਨ ਬਿਲਕੁਲ ਸਹੀ ਹੈ। ਪਹਿਲਾਂ ਤੁਸੀਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਆਪਣੀ ਪੀੜ੍ਹੀ ਥੱਲੇ ਤਾਂ ਸੋਟਾ ਮਾਰ ਲਓ ਕਿ ਤੁਹਾਡਾ ਬੁਲਾਰਾ ਬੋਲ ਕੀ ਰਿਹਾ ਹੈ। (ਵਿਘਨ, ਸ਼ੋਰ) ਸਪੀਕਰ ਸਾਹਿਬ, 'ਅਜੀਤ' ਅਖਬਾਰ ਦੀ ਖਬਰ ਹੈ, ਇਨ੍ਹਾਂ ਦਾ ਮੁੱਖ ਬੁਲਾਰਾ ਅਜਿਹਾ ਬੋਲ ਰਿਹਾ ਹੈ। ਇਹ ਅਸਲ ਵਿੱਚ ਅੰਦਰੋਂ ਉਸ ਦੀ ਹਮਾਇਤ ਕਰਦੇ ਹਨ ਅਤੇ ਉਹ ਡੀ.ਜੀ.ਪੀ. ਉੱਤੋਂ ਉੱਤੋਂ ਮਾਫੀ ਮੰਗਦਾ ਹੈ।

Under Print
Not for Legal/Official use

**ਮਾਨਯੋਗ ਸਪੀਕਰ:** ਚਲੋ ਬੈਠੋ...ਬੈਠੋ... ਬੈਠੋ। ਤੁਹਾਡੀ ਗੱਲ ਆ ਗਈ ਹੈ... ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਉਸ ਤੇ ਮੁਕੱਦਮਾ ਦਰਜ ਕਰੋ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ... ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਢਿੱਲੋਂ ਜੀ। (ਇਸ ਸਮੇਂ ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) ਜਵਾਬ ਦੇਣ ਲਈ ਸਮੇਂ ਦੀ ਮੰਗ ਕਰ ਰਹੇ ਸਨ)

**ਮਾਨਯੋਗ ਸਪੀਕਰ:** ਇੱਕ ਮਿੰਟ, ਤੁਸੀਂ ਬੈਠੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਮੰਤਰੀ ਜੀ, ਸਾਰੇ ਜਵਾਬ ਇਕੱਠੇ ਹੀ ਦੇ ਦਿਓ।

**ਮਾਨਯੋਗ ਸਪੀਕਰ:** ਹਾਂ ਜੀ, ਬਾਅਦ ਵਿੱਚ ਸਾਰਿਆਂ ਦਾ ਜਵਾਬ ਦੇ ਦਿਓ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਮਾਹੌਲ ਨੂੰ ਖਰਾਬ ਨਹੀਂ ਕਰਨਾ ਚਾਹੁੰਦੇ। ਚਾਹੇ ਸੀ.ਐਮ. ਸਾਹਿਬ ਨਹੀਂ ਹਨ ਪਰ ਬ੍ਰਹਮ ਮਹਿੰਦਰਾ ਜੀ ਬੈਠੇ ਹਨ। ਇਹ ਘੱਟੋਂ ਘੱਟ ਸਰਕਾਰ ਵੱਲੋਂ ਬਿਆਨ ਤਾਂ ਦੇ ਦੇਣ ਕਿ ਜਿਹੜੇ ਉੱਥੇ ਸ਼ਰਧਾਲੂ ਜਾ ਰਹੇ ਹਨ ਉਨ੍ਹਾਂ ਨੂੰ ਬਿਲਕੁਲ ਵੀ ਤੰਗ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੂੰ ਅੱਤਵਾਦੀ ਨਹੀਂ ਕਿਹਾ ਜਾਵੇਗਾ। ਇਸ ਤਰ੍ਹਾਂ ਦਾ ਡਰ ਦਾ ਮਾਹੌਲ ਨਾ ਬਣਾਓ। ਇਕੱਲੇ ਮੰਤਰੀ ਜੀ ਦੇ ਕਹਿਣ ਨਾਲ ਗੱਲ ਨਹੀਂ ਬਣਨੀ। (ਵਿਘਨ,ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ ਜੀ, ਇੱਕ ਮਿੰਟ ਜੀ, ਤੁਸੀਂ ਬੈਠੋ। (ਵਿਘਨ,ਸ਼ੋਰ) ਇੱਕ ਮਿੰਟ ਜੀ। ਮੈਂ ਸਾਰੇ ਹਾਊਸ ਨੂੰ ਰਿਕੁਐਸਟ ਕਰਦਾ ਹਾਂ ਕਿ ਗੱਲ ਨੂੰ ਸਮਝਣ ਦੀ ਲੋੜ ਹੈ। ਇਹ ਮਸਲਾ IB ਦਾ ਹੈ। (ਵਿਘਨ,ਸ਼ੋਰ) ਸੁਣ ਲਓ... ਸੁਣ ਲਓ... ਸੁਣ ਲਓ... (ਵਿਘਨ,ਸ਼ੋਰ) ਸਰਕਾਰ ਦੇ ਇੱਕ ਜ਼ਿੰਮੇਵਾਰ ਵਜ਼ੀਰ ਨੇ ਇਹ ਗੱਲ ਕਹੀ ਹੈ ਕਿ IB ਦਾ ਮਸਲਾ ਹੈ। ਮੈਂ ਹਾਊਸ ਵੱਲੋਂ ਸਰਕਾਰ ਨੂੰ ਰਿਕੁਐਸਟ ਕਰਦਾ ਹਾਂ ਕਿ ਇਸ ਦੀ ਇਨਕੁਆਇਰੀ ਕਰੋ, ਇਸ ਦਾ ਪਤਾ ਕਰੋ ਕਿਉਂਕਿ ਮਾਮਲਾ ਬਹੁਤ ਸੀਰੀਅਸ ਹੈ। ਅਗਰ ਐਸਾ ਹੋਇਆ ਹੈ ਅਤੇ ਜਿਸ ਲੈਵਲ ਤੇ ਵੀ ਹੋਇਆ ਹੈ ਉਸ ਦੇ ਨਾਲ ਮੈਟਰ ਟੇਕ-ਅੱਪ ਕਰਕੇ ਇਸ ਗੱਲ ਨੂੰ ਐਨਸ਼ਿਓਰ ਕੀਤਾ ਜਾਵੇ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਅੱਗੋਂ ਵਾਸਤੇ ਨਾ ਹੋਣ। ਬਾਕੀ ਤੁਸੀਂ ਦੱਸੋ। ਹਾਂ ਜੀ, ਮਜੀਠੀਆ ਸਾਹਿਬ। (ਵਿਘਨ,ਸ਼ੋਰ) ਉਨ੍ਹਾਂ ਨੂੰ ਬੋਲ ਲੈਣ ਦਿਓ। (ਵਿਘਨ,ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, with all due respect, ਮੇਰੀ ਇੱਕ ਬੇਨਤੀ ਹੈ

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਬੈਠੋ, ਬੈਂਸ ਸਾਹਿਬ। ਮਜੀਠੀਆ ਜੀ, ਤੁਸੀਂ ਬੋਲੋ, ਪਲੀਜ਼, ਬੋਲੋ।

Under Print
Not for Legal/Official use

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਸਭ ਦੇ ਸਾਂਝੇ ਹੋ। ਮੈਨੂੰ ਇਸ ਗੱਲ ਦਾ ਪਤਾ ਹੈ ਕਿ ਤੁਸੀਂ ਵੀ ਇਸ ਗੱਲ ਤੇ ਬਹੁਤ ਚਿੰਤਤ ਹੋ ਕਿ ਜਿਹੜਾ ਵੀ ਸ਼ਰਧਾਲੂ ਕਰਤਾਰਪੁਰ ਸਾਹਿਬ ਜਾਂਦਾ ਹੈ ਉਸ ਦੇ ਨਾਲ ਇਸ ਤਰੀਕੇ ਦਾ ਵਤੀਰਾ ਨਾ ਹੋਵੇ। ਇੱਥੇ ਜਿਹੜੇ ਕੁਝ ਤੁਹਾਡੇ ਮੰਤਰੀ ਸਾਹਿਬ ਹਨ, ਇੱਥੇ misleading ਗੱਲਾਂ ਹੋ ਰਹੀਆਂ ਹਨ। ਇੱਥੇ ਥਾਣੇਦਾਰ ਦੀ ਰਿਪੋਰਟ ਹੈ, 'ਪੰਜਾਬੀ ਟ੍ਰਿਬਿਊਨ' ਦੀ ਖਬਰ ਹੈ ਹੁਣ ਤੁਸੀਂ IB ਦੀ ਗੱਲ ਕਰ ਦਿੱਤੀ। IB ਵਿੱਚ ਤਾਂ DGP ਸਾਹਿਬ ਰਹੇ ਹਨ। CAA ਵੇਲੇ ਤਾਂ ਕਹਿੰਦੇ ਸੀ ਕਿ ਅਸੀਂ ਕਿਸੇ ਨੂੰ ਵੀ ਨਹੀਂ ਮੰਨਦੇ। ਹੁਣ ਇਸ ਚਿੱਠੀ ਦੀ ਗੱਲ ਕਿਉਂ ਮੰਨੀ ਜਾਂਦੇ ਹੋ? ਤੁਸੀਂ ਸਖਤ ਆਰਡਰ ਕਰੋ। Suspend the SSP, suspend the SHO, dismiss them from service। ਇਨ੍ਹਾਂ ਨੇ SHO ਲਵਾਇਆ ਤਾਂ ਇਹ ਐਸ.ਐਚ.ਓ ਦੀ ਗੱਲ ਕਰ ਰਿਹਾ ਹੈ। SSP ਇਨ੍ਹਾਂ ਨੇ ਲਗਵਾਇਆ ਤਾਂ ਇਹ ਐਸ.ਐਸ.ਪੀ. ਦੀ ਤਰਫਦਾਰੀ ਕਰ ਰਿਹਾ ਹੈ।ਤੁਸੀਂ ਆਈ.ਬੀ. ਦੇ ਆਰਡਰ ਨੂੰ ਤਾਂ ਬਾਕੀ ਦੀਆਂ ਗੱਲਾਂ ਵਿੱਚ ਮੰਨਦੇ ਨਹੀਂ ਹੋ ਫੇਰ ਇਸ ਮਾਮਲੇ ਤੇ ਬੜੀ ਛੇਤੀ ਆਈ.ਬੀ. ਦੀ ਗੱਲ ਮੰਨ ਰਹੇ ਹੋ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਮਜੀਠੀਆ ਜੀ, ਸੁਣ ਕੇ ਜਾਓ। ਹਾਂ ਜੀ, ਰੰਧਾਵਾ ਜੀ। ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਜੇਲ੍ਹਾਂ ਮੰਤਰੀ :** ਇੱਕ ਮਿੰਟ ਮੇਰੀ ਗੱਲ ਸੁਣੋ, ਗੱਲ ਸੁਣੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਰੰਧਾਵਾ ਜੀ, ਤੁਸੀਂ ਬੋਲੋ। ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਜੇਲ੍ਹਾਂ ਮੰਤਰੀ:** ਇੱਕ ਮਿੰਟ ਮੇਰੀ ਗੱਲ ਸੁਣੋ। ਸਰ, ਇਹ ਲੈਟਰ ਗੌਰਮਿੰਟ ਆਫ ਇੰਡੀਆ ਤੋਂ ਆਇਆ ਹੈ। ਆਫਿਸ ਆਫ ਐਡੀਸ਼ਨਲ ਡਿਪਟੀ ਡਾਇਰੈਕਟਰ, ਇੰਟੈਲੀਜੈਂਸ ਬਿਊਰੋ, ਅੰਮ੍ਰਿਤਸਰ ਨੇ 17 ਫਰਵਰੀ ਨੂੰ ਇਹ ਲੈਟਰ ਐਸ.ਐਸ.ਪੀ., ਗੁਰਦਾਸਪੁਰ ਨੂੰ ਭੇਜੀ ਹੈ। ਇਸ ਵਿੱਚ ਜਿਹੜੇ ਬੰਦਿਆਂ ਦੇ ਨਾਂ ਲਿਖੇ ਹਨ: ਰਣਜੀਤ ਸਿੰਘ, ਪਿੰਡ ਮੇੜੀਵਾਲ ਡੋਗਰਾ, ਸੁਖਦੀਪ ਸਿੰਘ, ਪਿੰਡ ਡੱਡੂਆਂ ਧਾਰੀਵਾਲ, ਪ੍ਰਭਜੀਤ ਸਿੰਘ, ਪਿੰਡ ਕਲਾਨੌਰ, ਗੁਰਪ੍ਰੀਤ ਸਿੰਘ ਪੁੱਤਰ ਸਰਦੂਲ ਸਿੰਘ, ਪਿੰਡ ਪਿਛਾਰੀਵਾਲ। ਇਨ੍ਹਾਂ ਚਾਰ ਬੰਦਿਆਂ ਦੇ ਨਾਂ

** Not recorded as ordered by the chair.

ਐਡੀਸ਼ਨਲ ਡਿਪਟੀ ਡਾਇਰੈਕਟਰ, ਆਈ.ਬੀ. ਅੰਮ੍ਰਿਤਸਰ ਨੇ ਭੇਜੇ ਹਨ। ਜੇ ਐਸ.ਐਸ.ਪੀ. ਜਾਂ ਐਸ.ਐਚ.ਓ ਦਾ ਇਸ ਵਿੱਚ ਕਸੂਰ ਹੋਇਆ ਤਾਂ ਪੰਜਾਬ ਸਰਕਾਰ ਉਨ੍ਹਾਂ ਤੇ ਸਖਤ ਐਕਸ਼ਨ ਲਵੇਗੀ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਕੰਵਰ ਸੰਧੂ ਜੀ, ਕੰਵਰ ਸੰਧੂ ਜੀ। ਪਹਿਲਾਂ ਕੰਵਰ ਸੰਧੂ ਜੀ ਬੋਲਣਗੇ। ਚੀਮਾ ਜੀ ਤੁਸੀਂ ਪਹਿਲਾਂ ਬੋਲ ਲਏ ਹੋ। ਹਾਂ ਜੀ, ਸੰਧੂ ਜੀ। (ਵਿਘਨ...) ਸੰਧੂ ਜੀ, ਤੁਸੀਂ ਬਾਅਦ ਵਿੱਚ ਬੋਲਣਾ। ਪਹਿਲਾਂ ਹਰਪਾਲ ਸਿੰਘ ਚੀਮਾ ਜੀ ਬੋਲਣਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਸਾਰਿਆਂ ਨੂੰ ਪਤਾ ਹੈ ਕਿ ਦਿਨਕਰ ਗੁਪਤਾ ਜੀ ਅੱਠ ਸਾਲ ਆਈ.ਬੀ. ਵਿੱਚ ਰਹੇ ਹਨ, ਉਨ੍ਹਾਂ ਦੇ ਪੁਰਾਣੇ ਲਿੰਕ ਹਨ।(ਵਿਘਨ..ਸ਼ੋਰ)

--------

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸ੍ਰੀ ਕਰਤਾਰਪੁਰ ਸਾਹਿਬ ਤੋਂ ਵਾਪਸ ਆਏ ਸ਼ਰਧਾਲੂਆਂ ਦੀ ਪੁਲਿਸ ਵੱਲੋਂ ਪੁੱਛ ਪੜਤਾਲ ਕਰਨ ਦੇ ਮਾਮਲੇ ਤੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

## MATTERS RAISED DURING ZERO HOUR AND STATEMENT BY MINISTER *(RESUMPTION)*

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਸਾਰਿਆਂ ਨੂੰ ਪਤਾ ਹੈ ਕਿ ਦਿਨਕਰ ਗੁਪਤਾ ਜੀ ਅੱਠ ਸਾਲ ਆਈ.ਬੀ. ਵਿੱਚ ਰਹਿ ਕੇ ਆਏ ਏਲ, ਉਨ੍ਹਾਂ ਦੇ ਪੁਰਾਣੇ ਲਿੰਕ ਹਨ। ਇਸ ਲਈ ਉਨ੍ਹਾਂ ਨੇ ਜਿਹੜੀ ਸਟੇਟਮੈਂਟ ਦਿੱਤੀ ਸੀ, ਉਸ ਨੂੰ ਆਪਣੇ ਅਧਿਕਾਰੀਆਂ ਰਾਹੀਂ ਲਾਗੂ ਕਰਵਾ ਰਹੇ ਹਨ। ਉਹ ਟੇਢੇ ਢੰਗ ਨਾਲ ਇਸ ਨੂੰ ਲਾਗੂ ਕਰਵਾ ਰਹੇ ਹਨ। ਇਸ ਮਾਮਲੇ ਤੇ ਐਸ.ਐਸ.ਪੀ., ਐਸ.ਐਚ.ਓ. ਸਸਪੈਂਡ ਹੋਣੇ ਚਾਹੀਦੇ ਹਨ ਕਿਉਂਕਿ ਇਹ ਇੱਕ ਬਹੁਤ ਹੀ ਅਹਿਮ ਮਾਮਲਾ ਹੈ। ਸੀ.ਐਮ. ਸਾਹਿਬ ਇੱਥੇ ਬਿਆਨ ਕੁਝ ਹੋਰ ਦਿੰਦੇ ਹਨ ਅਤੇ ਕਾਰਵਾਈ ਕੁਝ ਹੋਰ ਹੁੰਦੀ ਹੈ। ਆਈ.ਬੀ. ਕਹਿ ਰਹੀ ਹੈ ਕਿ ਸਾਡੇ ਕੋਲ ਇਨਪੁਟ ਹੈ ਅਤੇ ਡੀ.ਜੀ.ਪੀ ਸਾਹਿਬ ਕਹਿੰਦੇ ਹਨ ਕਿ ਮੇਰੇ ਤੋਂ ਗਲਤ ਬਿਆਨ ਦਿੱਤਾ ਗਿਆ ਤੇ ਮੈਂ ਮੁਆਫੀ ਮੰਗਦਾ ਹਾਂ। ਸੀ.ਐਮ ਸਾਹਿਬ ਕਹਿੰਦੇ ਹਨ ਕਿ ਇਹ ਬਿਆਨ ਟਾਲਿਆ ਜਾ ਸਕਦਾ ਸੀ ਪਰ ਅੱਜ ਇਸ ਦੇ ਸਿੱਟੇ ਸਾਡੇ ਸਾਹਮਣੇ ਆ ਰਹੇ ਹਨ। ਸੋ, ਇੱਥੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਡੀ.ਜੀ.ਪੀ. ਸਾਹਿਬ ਪੰਜਾਬ ਦੀ ਸ਼ਾਂਤੀ

---

** Not recorded as ordered by the Chair.

ਨੂੰ ਭੰਗ ਕਰਨਾ ਚਾਹੁੰਦੇ ਹਨ ਅਤੇ ਇਸ ਨੂੰ ਤੋੜਨਾ ਚਾਹੁੰਦੇ ਹਨ। ਖਾਸ ਤੌਰ ਤੇ ਕਰਤਾਰਪੁਰ ਕਾਰੀਡੋਰ ਨੂੰ ਲੈ ਕੇ ਜਿਹੜਾ ਆਪਸੀ ਭਾਈਚਾਰਾ ਬਣਿਆ ਹੋਇਆ ਹੈ, ਉਸ ਨੂੰ ਵੀ ਤੋੜਨਾ ਚਾਹੁੰਦੇ ਹਨ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਇਸ ਤੇ ਬਿਆਨ ਦੇਣ। ਅੱਜ ਸੀ.ਐਮ. ਸਾਹਿਬ ਨੂੰ ਆਉਣਾ ਚਾਹੀਦਾ ਹੈ। (ਵਿਘਨ ....ਸ਼ੋਰ)

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ...(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਰੰਧਾਵਾ ਜੀ, ਤੁਸੀਂ ਇਕੱਠਾ ਹੀ ਜਵਾਬ ਦੇ ਦਿਓ। ਬਾਅਦ ਵਿੱਚ ਬੋਲ ਲਿਓ। ਤੁਸੀਂ ਇਸ ਨੂੰ ਨੋਟ ਕਰ ਲਓ। ਬਾਅਦ ਵਿੱਚ ਜਵਾਬ ਦੇ ਦਿਓ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਹ ਰੰਧਾਵਾ ਸਾਹਿਬ ਜੀ ਦਾ ਡਿਪਾਰਟਮੈਂਟ ਨਹੀਂ ਹੈ। ਇਹ ਤਾਂ ਆਪਣੇ ਐਸ.ਐਚ.ਓ. ਨੂੰ ਪ੍ਰੋਟੈਕਟ ਕਰ ਰਹੇ ਹਨ।

(ਇਸ ਸਮੇਂ ਸਰਦਾਰ ਹਰਪਾਲ ਸਿੰਘ ਚੀਮਾ ਵਿਰੋਧੀ ਧਿਰ ਦੇ ਨੇਤਾ ਅਤੇ ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) ਆਪਸ ਵਿੱਚ ਬਹਿਸੋ ਬਹਿਸੀ ਹੋ ਰਹੇ ਸਨ।)

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਸਰਕਾਰ ਵੱਲੋਂ ਕੋਈ ਤਾਂ ਜਵਾਬ ਦੇਵੇਗਾ। ਸੀ.ਐਮ. ਸਾਹਿਬ ਨਹੀਂ ਹਨ। ਇਸ ਲਈ ਸਰਕਾਰ ਵੱਲੋਂ ਕੋਈ ਤਾਂ ਜਵਾਬ ਦੇਵੇਗਾ।(ਵਿਘਨ...ਸ਼ੋਰ) ਬੈਠੋ... ਬੈਠੋ... ਬੈਠੋ, ਤੁਹਾਡੀ ਗੱਲ ਆ ਗਈ... ਤੁਹਾਡੀ ਗੱਲ ਆ ਗਈ। ਹਾਂ ਜੀ, ਕੰਵਰ ਸੰਧੂ ਸਾਹਿਬ... ਸੰਧੂ ਸਾਹਿਬ। (ਵਿਘਨ...ਸ਼ੋਰ) ਰੰਧਾਵਾ ਸਾਹਿਬ, ਤੁਸੀਂ ਬੈਠੋ। ਤੁਸੀਂ ਇਕੱਠਾ ਜਵਾਬ ਦੇ ਦਿਓ। ਤੁਸੀਂ ਗੌਰਮਿੰਟ ਵੱਲੋਂ ਬੋਲਣਾ ਹੈ, ਨੋਟ ਕਰ ਲਓ।(ਵਿਘਨ...ਸ਼ੋਰ) ਚੀਮਾ ਜੀ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ। ਪਲੀਜ਼ ਬਾਕੀ ਬੈਠੋ... ਬੈਠੋ... ਬੈਠੋ।(ਵਿਘਨ...ਸ਼ੋਰ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। ਚੀਮਾ ਜੀ, ਬੈਠੋ। (ਵਿਘਨ...ਸ਼ੋਰ) ਚੀਮਾ ਜੀ, ਬੈਠੋ। (ਵਿਘਨ...ਸ਼ੋਰ) ਚੀਮਾ ਜੀ, ਬੈਠ ਜਾਉ। ਹਾਂ ਜੀ, ਸ਼੍ਰੀ ਕੰਵਰ ਸੰਧੂ ਸਾਹਿਬ।(ਵਿਘਨ) ਕੁਲਤਾਰ ਜੀ, ਪਲੀਜ਼ ਬੈਠ ਜਾਉ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਵੇਂ ਕੱਲ੍ਹ ਸਾਡੇ ਸਾਥੀ ਹਰਜੋਤ ਕਮਲ ਜੀ ਨੇ ਦੱਸਿਆ ਸੀ ਕਿ ਕੁਝ ਮੈਂਬਰ ਇਹੋ ਜਿਹੇ ਹਨ ਜੋ ਉਠਦੇ ਹਨ ਤੇ ਆਪਣੀ ਗੱਲ ਕਹਿ ਕੇ, ਇਸ ਤੋਂ ਪਹਿਲਾਂ ਕਿ ਕੋਈ ਹੋਰ ਮੈਂਬਰ ਆਪਣੀ ਗੱਲ ਕਹੇ, ਵੈੱਲ ਆਫ ਦਿ ਹਾਊਸ ਵਿੱਚ ਜਾ ਕੇ ਤੇ ਰੌਲਾ ਪਾ ਕੇ ਬਾਹਰ ਚਲੇ ਜਾਂਦੇ ਹਨ। ਇਸ ਤਰ੍ਹਾਂ ਉਹ ਸਾਰਾ ਹੀ ਮਾਹੌਲ ਡਿਸਟਰਬ ਕਰਦੇ ਹਨ । ਜਿਹੜਾ ਅਸਲੀ ਮਸਲਾ ਹੁੰਦਾ ਹੈ ਉਸ ਨੂੰ ਇੱਥੇ ਡਿਸਕਸ ਕਰਨ ਦੀ ਬਜਾਏ ਬਾਹਰ ਜਾ ਕੇ ਮੀਡੀਆ ਦੇ ਸਾਹਮਣੇ ਡਿਸਕਸ ਕਰਦੇ ਹਨ, ਇਹ ਕਿਹੜਾ ਲੋਕਤੰਤਰ ਹੈ, ਇਹ ਕਿਹੜੀ ਵਿਧਾਨ ਸਭਾ ਦੀ ਇਹ ਪ੍ਰਣਾਲੀ ਹੈ ਜਿਸ ਨੂੰ ਇਹ ਫਾਲੋ ਕਰ ਰਹੇ ਹਨ? ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਦਾ ਹਾਂ ਕਿ ਇਸ ਚੀਜ਼ ਦੇ ਉਤੇ ਠੱਲ੍ਹ ਪਾਈ ਜਾਵੇ ਤਾਂ ਕਿ ਜਿਹੜੀ ਡਿਸਕਸ਼ਨ ਹੋਣੀ ਹੈ ਇਥੇ ਹੋਵੇ ਅਤੇ ਸਾਰਿਆਂ ਨੂੰ ਟਾਈਮ ਦਿੱਤਾ ਜਾਵੇ।

Under Print
Not for Legal/Official use

**ਮਾਨਯੋਗ ਸਪੀਕਰ:** ਸੰਧੂ ਸਾਹਿਬ, ਮੈਂ ਤਾਂ ਕੱਲ੍ਹ ਵੀ ਰਿਕੁਐਸਟ ਕੀਤੀ ਸੀ ਕਿ ਸਾਰਿਆਂ ਨੂੰ ਬੋਲਣ ਦਿਉ ਅਤੇ ਇਸ ਵਾਸਤੇ ਸਾਰਿਆਂ ਨੂੰ ਪ੍ਰਾਰਥਨਾ ਕੀਤੀ ਹੈ, ਸਾਰਿਆਂ ਨੂੰ ਪ੍ਰਾਰਥਨਾ ਕੀਤੀ ਹੈ।

**ਸ਼੍ਰੀ ਕੰਵਰ ਸੰਧੂ:** ਨਹੀਂ ਜੀ, ਅੱਜ ਵੀ ਇਹੀ ਹੋਇਆ ਹੈ। ਅੱਜ ਵੀ ਉਨ੍ਹਾਂ ਨੇ ਆਪਣੀ ਗੱਲ ਕਹਿ ਕੇ ਹਾਊਸ ਵਿੱਚ ਰੌਲਾ ਪਾ ਦਿੱਤਾ ਅਤੇ ਫਿਰ ਬਾਹਰ ਚਲੇ ਗਏ। ਸਪੀਕਰ ਸਾਹਿਬ, ਮੇਰਾ ਕਹਿਣ ਦਾ ਮਤਲਬ ਹੈ ਕਿ ਜਿਹੜਾ ਅੱਜ ਦਾ ਮਸਲਾ ਇੱਕ ਮਾਨਯੋਗ ਮੈਂਬਰ ਨੇ ਅਖਬਾਰ ਦੇ ਹਵਾਲੇ ਤੋਂ ਚੁੱਕਿਆ ਹੈ, ਇਹ ਬਹੁਤ ਸੀਰੀਅਸ ਮਸਲਾ ਹੈ। ਬੇਸੀਕਲੀ ਇਸ ਦੀ ਜੜ੍ਹ ਇਹ ਹੈ ਕਿ ਜਿਸ ਵੇਲੇ ਪੰਜਾਬ ਦੇ ਡੀ.ਜੀ.ਪੀ. ਸ਼੍ਰੀ ਦਿਨਕਰ ਗੁਪਤਾ ਜੀ ਨੇ ਬਿਆਨ ਦਿੱਤਾ ਸੀ ਤਾਂ ਉਸ ਉਤੇ ਸਹੀ ਕਾਰਵਾਈ ਕੋਈ ਨਹੀਂ ਹੋਈ। ਮੁੱਖ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿੱਚ ਇਹ ਤਾਂ ਕਹਿ ਦਿੱਤਾ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਾ ਰਹੇਗਾ ਅਤੇ ਇਸ ਨੂੰ ਬੰਦ ਨਹੀਂ ਕੀਤਾ ਜਾਵੇਗਾ ਪਰ ਉਸ ਤੋਂ ਬਾਅਦ ਜਿਹੜੇ ਉਨ੍ਹਾਂ ਨੇ ਅੰਕੜੇ ਪੇਸ਼ ਕੀਤੇ ਕਿ ਅਸੀਂ ਇੰਨੇ ਮੋਡਿਊਲ ਬ੍ਰਸਟ ਕਰ ਦਿੱਤੇ, ਅਸੀਂ ਇੰਨੇ ਟੈਰਾਰਿਸਟ ਫੜ ਲਏ ਆਦਿ। ਉਹ ਤਾਂ ਮਸਲਾ ਹੈ ਹੀ ਨਹੀਂ ਸੀ। ਇਹ ਜਿਹੜੇ ਮੋਡਿਊਲ ਬ੍ਰਸਟ ਹੋ ਰਹੇ ਹਨ, ਟੈਰੋਰਿਸਟ ਫੜੇ ਜਾ ਰਹੇ ਹਨ, ਇਹ ਤਾਂ 1984-85 ਜਾਂ 1986 ਦਾ ਹੀ ਮਸਲਾ ਚੱਲ ਰਿਹਾ ਹੈ, ਇਹ ਇਨ੍ਹਾਂ ਤੋਂ ਪਹਿਲੀ ਸਰਕਾਰ ਵੇਲੇ ਵੀ ਹੁੰਦਾ ਸੀ ਤੇ ਹੁਣ ਵੀ ਚੱਲ ਰਿਹਾ ਹੈ। ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਤਾਂ ਉਸ ਦਾ ਮਤਲਬ ਹੀ ਕੋਈ ਨਹੀਂ ਸੀ, ਉਸ ਨਾਲ ਰੈਲੇਵੈਂਸੀ ਹੀ ਕੋਈ ਨਹੀਂ ਸੀ ਪਰ ਅਸੀਂ ਉਸ ਨੂੰ ਲਿੰਕ ਕਰਕੇ ਇਕ ਤਰੀਕੇ ਨਾਲ ਡੀ.ਜੀ.ਪੀ. ਦਾ ਜਿਹੜਾ ਬਿਆਨ ਸੀ, ਉਸ ਨੂੰ ਜਸਟੀਫਾਈ ਕੀਤਾ। ਸਪੀਕਰ ਸਾਹਿਬ, ਇਸ ਦਾ ਹੀ ਰਿਜ਼ਲਟ ਹੈ ਜਿਹੜੀ ਅੱਜ ਕਿਸੇ ਦੀ ਜੁਰੱਅਤ ਪਈ ਹੈ। ਇੱਕ ਐਸ.ਐਚ.ਓ. ਦੀ ਜੁਰਅਤ ਪਈ ਕਿ ਜਿਹੜੇ ਸ਼ਰਧਾਲੂ ਵਾਪਸ ਆ ਰਹੇ ਹਨ ਉਨ੍ਹਾਂ ਦੀ ਜਵਾਬਤਲਬੀ ਕੀਤੀ ਜਾਵੇ। ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਆਈ.ਬੀ. ਦੀ ਚਿੱਠੀ ਆਈ ਹੈ । ਮੈਨੂੰ ਇਹ ਦੱਸਣ ਕਿ ਜਿਹੜਾ ਲਾਅ ਐਂਡ ਆਰਡਰ ਹੈ ਇਹ ਸੈਂਟਰਲ ਸਬਜੈਕਟ ਹੈ ਜਾਂ ਸਟੇਟ ਸਬਜੈਕਟ ਹੈ? ਜੇ ਸਟੇਟ ਸਬਜੈਕਟ ਹੈ ਤਾਂ ਫਿਰ ਸੈਂਟਰ ਦੀ ਚਿੱਠੀ ਉਤੇ ਇੱਕ ਐਸ.ਐਚ.ਓ. ਬਿਨਾਂ ਸਰਕਾਰ ਦੀ ਪਰਮਿਸ਼ਨ ਲਏ ਕਿਵੇਂ ਕਿਸੇ ਦੀ ਜਵਾਬ ਤਲਬੀ ਕਰ ਰਿਹਾ ਹੈ?

**ਮਾਨਯੋਗ ਸਪੀਕਰ:** ਸੰਧੂ ਸਾਹਿਬ, ਇੱਕ ਮਿੰਟ ਪਲੀਜ਼। Sandhu sahib, you are a responsible, very educated and well informed man. Do you think that state police works in isolation from the central agencies?

**ਸ਼੍ਰੀ ਕੰਵਰ ਸੰਧੂ:** ਬਿਲਕੁਲ ਨਹੀਂ ਜੀ ਲੇਕਿਨ law and order is a state subject ਜੇ ਆਈ.ਬੀ. ਦੀ ਚਿੱਠੀ ਆਈ ਹੈ that letter ought to be referred to the DGP.

**Mr. Speaker**: Yes,yes.

**ਸ਼੍ਰੀ ਕੰਵਰ ਸੰਧੂ:** This is the system. I know the system Speaker sahib, I have been a journalist.

Under Print
Not for Legal/Official use

**ਮਾਨਯੋਗ ਸਪੀਕਰ:** ਹਾਂ ਜੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, I have been an Editor for 40 years.

**Mr. Speaker:** Yes.

**Shri Kanwar Sandhu:** So there is no way the IB can function independently of the State Police because law and order is a state subject and this is a border state**.**

**Mr. Speaker**: Yes.

**ਸ਼੍ਰੀ ਕੰਵਰ ਸੰਧੂ:** ਸੋ, ਅੱਜ ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀ ਆਈ.ਬੀ. ਦੀ ਚਿੱਠੀ ਹੈ, ਉਸ ਨੂੰ ਸੀ.ਐਮ. ਕਾਲ ਕਰਨ ਕਿਉਂਕਿ ਸੀ.ਐਮ. ਸਾਹਿਬ ਹੋਮ ਮਨਿਸਟਰ ਵੀ ਹਨ, ਉਸ ਨੂੰ ਕਾਲ ਕਰਨ ਕਿ ਇਹ ਚਿੱਠੀ ਆਈ ਕਿਵੇਂ ਹੈ? ਕੀ ਇਸ ਚਿੱਠੀ ਦਾ ਲਿੰਕ ਡੀ.ਜੀ.ਪੀ. ਦੀ ਉਸ ਦਿੱਲੀ ਵਿਚਲੀ ਮੀਟਿੰਗ, ਜਿਸ ਤੋਂ ਬਾਅਦ ਉਨ੍ਹਾਂ ਨੇ ਬਿਆਨ ਦਿੱਤਾ, ਕੀ ਉਸ ਨਾਲ ਲਿੰਕਡ ਹੈ? ਜੇ ਨਹੀਂ ਲਿੰਕਡ ਤਾਂ ਫਿਰ ਇੱਕ ਐਸ.ਐਚ.ਓ. ਕਿਵੇਂ ਵਾਪਸ ਆਉਂਦੇ ਸ਼ਰਧਾਲੂਆਂ ਤੋਂ ਜਵਾਬ ਤਲਬੀ ਕਰ ਸਕਦਾ ਹੈ? ਅੱਜ ਵੀ ਜਿਹੜਾ ਡੀ.ਜੀ.ਪੀ.ਨੇ ਬਿਆਨ ਦਿੱਤਾ ਹੈ, ਉਨ੍ਹਾਂ ਦੀ ਜਵਾਬ ਤਲਬੀ ਹੋਣੀ ਜ਼ਰੂਰ ਬਣਦੀ ਹੈ। ਉਨ੍ਹਾਂ ਨੂੰ ਕਲੀਨ ਚਿੱਟ ਦੇ ਦੇਣੀ ਕਿ ਉਨ੍ਹਾਂ ਤੋਂ ਗਲਤੀ ਹੋ ਗਈ, ਗਲਤੀ ਨਹੀਂ he is the DGP, the Head of the Police force.

**Mr. Speaker**: Matter needs to be inquired into.

**Shri Kanwar Sandhu:** Matter needs to be inquired ਜਾਂ ਇਸ ਮੈਟਰ ਉੱਤੇ ਹਾਊਸ ਦੀ ਕਮੇਟੀ ਬਣਾਈ ਜਾਵੇ ਜਾਂ ਡੀ.ਜੀ.ਪੀ.ਸਾਹਿਬ ਦੀ ਜਵਾਬ ਤਲਬੀ ਹੋਵੇ।He should be asked in writing and perhaps given a severe reprimand. This can't go on. We can't justify IB. ਆਈ.ਬੀ. ਸਟੇਟ ਗੌਰਮਿੰਟ ਤੋਂ ਇੰਡੀਪੀਡੈਂਟ ਨਹੀਂ ਹੈ। India is a union of states and Punjab is an important state. We can't be left at the mercy of anybody or any IB official at large.

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਤੁਹਾਡੀ ਗੱਲ ਆ ਗਈ ਹੈ । ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਸ਼ੁਕਰੀਆ । ਸਪੀਕਰ ਸਾਹਿਬ , ਨਾਗਰਿਕਤਾ ਸੋਧ ਬਿਲ ਨੂੰ ਲੈ ਕੇ ਸਾਡੇ ਦੇਸ਼ ਦੀ ਰਾਜਧਾਨੀ ਵਿੱਚ ਹਾਲਾਤ ਬੜੇ ਤਣਾਅਪੂਰਨ ਹਨ, ਅਗਜ਼ਨੀ ਹੋ ਰਹੀ ਹੈ, ਬੰਦੇ ਮਰ ਰਹੇ ਹਨ। ਸਾਡੇ ਦੇਸ਼ ਦੇ ਅੰਦਰ ਘੱਟ ਗਿਣਤੀਆਂ ਦਾ ਭਵਿੱਖ ਅਸੁੱਰਿਸਖਤ ਹੈ। ਸੋ, ਜਿਹੜਾ ਡੀ.ਜੀ.ਪੀ. ਸਾਹਿਬ ਵਾਲਾ ਮਸਲਾ ਹੈ ਇਸ ਬਾਰੇ genius journalists ਦੱਸਦੇ ਹਨ ਕਿ ਸਾਡੇ ਦੇਸ਼ ਦੇ

Under Print
Not for Legal/Official use

ਸੁਰੱਖਿਆ ਸਲਾਹਕਾਰ/ਪ੍ਰਧਾਨ ਮੰਤਰੀ ਦਫਤਰ, ਮਿਸਟਰ ਡੋਵਾਲ ਨੇ ਡੀ.ਜੀ.ਪੀ ਸਾਹਿਬ ਤੋਂ ਸਟੇਟਮੈਂਟ ਦਿਵਾਈ ਸੀ ਅਤੇ ਡੀ.ਜੀ.ਪੀ ਸਾਹਿਬ ਨੇ under pressure ਮਾਫੀ ਮੰਗੀ ਕਿਉਂਕਿ ਪੰਜਾਬ ਵਿੱਚ ਸਾਡੇ ਗੁਰਧਾਮਾਂ ਪ੍ਰਤੀ ਕੋਈ ਦਖਲਅੰਦਾਜ਼ੀ ਕਰੇਗਾ ਤਾਂ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਤੇ pressure create ਹੋ ਗਿਆ, ਉਨ੍ਹਾਂ ਨੇ ਮਾਫੀ ਤਾਂ ਜ਼ਰੂਰ ਮੰਗ ਲਈ ਪਰ ਆਪਣੇ ਮੰਸ਼ੇ ਨੂੰ ਲਾਗੂ ਕਰਾਉਣ ਵਾਸਤੇ ਜੋ ਅੱਜ ਦੇ ਪ੍ਰਮੁੱਖ ਅਖਬਾਰਾਂ ਵਿੱਚ ਖਬਰ ਛਪੀ ਹੈ ਕਿ ਆ ਰਹੇ ਸ਼ਰਧਾਲੂਆਂ ਨੂੰ ਫੜ ਕੇ ਥਾਣਿਆਂ ਵਿੱਚ ਲਿਜਾ ਰਹੇ ਹਨ, ਇਹ ਸਾਜਿਸ਼ ਕੀਤੀ ਹੈ। ਇਕ ਸਾਜਿਸ਼ ਦੇ ਅਧੀਨ ਡੀ.ਜੀ.ਪੀ ਦਾ ਬਿਆਨ ਦਿੱਤਾ ਗਿਆ ਹੈ। ਮੁੱਖ ਮੰਤਰੀ ਸਾਹਿਬ ਨੇ ਸਟੇਟਮੈਂਟ ਦਿੱਤੀ ਕਿ ਉਹ ਲਾਹੌਰ ਗਏ, ਪਸ਼ੌਰ ਗਏ, ਅਸਾਲਟ ਆ ਰਹੀ ਹੈ, ਰਿਵਾਲਵਰ ਆ ਰਹੇ ਹਨ, ਪਿਸਟਲ ਆ ਰਹੇ ਹਨ ਪਰ ਡੀ.ਜੀ.ਪੀ ਸਾਹਿਬ ਦੇ ਬਿਆਨ ਦੀ ਸਾਜਿਸ਼ ਹੁਣ ਸਾਮ੍ਹਣੇ ਆ ਚੁੱਕੀ ਹੈ ਕਿਉਂਕਿ ਸ਼ਰਧਾਲੂਆਂ ਨੂੰ ਫੜ ਕੇ ਥਾਣਿਆਂ ਵਿੱਚ ਲਿਜਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਤੁਸੀਂ ਟੈਰੋਰਿਜ਼ਮ ਫੈਲਾਉਣ ਵਾਲੇ ਹੋ, ਤੁਸੀਂ ਅੱਤਵਾਦੀ ਹੋ, ਟ੍ਰੇਨਿੰਗ ਲੈ ਕੇ ਆ ਰਹੇ ਹੋ। ਸੋ, ਸਾਡੇ ਦੇਸ਼ ਦੇ ਹਾਲਾਤ ਕਿਹੋ ਜਿਹੇ ਬਣੇ ਹੋਏ ਹਨ। ਡੀ.ਜੀ.ਪੀ ਸਾਹਿਬ ਨੂੰ ਤੁਰੰਤ ਚਲਦਾ ਕਰੋ, ਉਸ ਤੇ ਐਫ.ਆਈ.ਆਰ ਦਰਜ ਕਰੋ ਤਾਂ ਜੋ ਕਿਸੇ ਬਿਊਰੋਕ੍ਰੇਟ ਦੀ, ਕਿਸੇ ਅਫਸਰ ਦੀ ਜੁਅਰਤ ਨਾ ਹੋਵੇ ਕਿ ਉਹ ਸਾਡੇ ਧਰਮ ਵਿੱਚ ਦਖਲਅੰਦਾਜ਼ੀ ਕਰੇ, ਗੁਰੂ ਅਸਥਾਨਾਂ ਸਬੰਧੀ ਦਖਲਅੰਦਾਜ਼ੀ ਕਰੇ।

**Mr. Speaker** : Thank you, thank you.

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ)** : ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡਾ ਬਹੁਤ ਹੀ ਅਹਿਮ ਮੁੱਦੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਵੱਖ ਵੱਖ ਅਖਬਾਰਾਂ ਮੇਰੇ ਕੋਲ ਹਨ। ਤੁਸੀਂ ਵੀ ਰਾਤ ਨੂੰ ਚੈਨਲਾਂ ਤੇ ਦੇਖਿਆ ਹੋਵੇਗਾ। ਜੇ ਤੁਹਾਡੀ ਇਜ਼ਾਜਤ ਹੋਵੇ ਤਾਂ ਮੈਂ ਥੋੜ੍ਹਾ ਜਿਹਾ ਪੜ੍ਹ ਕੇ ਦੱਸ ਦਿੰਦਾ ਹਾਂ। ਇਸ ਵਿੱਚ ਲਿਖਿਆ ਹੈ – 'ਤਿੰਨ ਭਾਜਪਾ ਆਗੂਆਂ ਖਿਲਾਫ ਕੇਸ ਦਰਜ ਕਰਨ ਬਾਰੇ ਨਿਰਦੇਸ਼' – 'ਦਿੱਲੀ ਹਿੰਸਾ ਬਾਰੇ ਸਖਤ ਟਿੱਪਣੀਆਂ ਕਰਨ ਵਾਲੇ ਜੱਜ ਮੁਰਲੀਧਰ ਦਾ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਤਬਾਦਲਾ' – 'ਦਿੱਲੀ ਹਾਈਕੋਰਟ ਦੇ ਚੀਫ ਜਸਟਿਸ ਡੀ.ਐਨ ਪਟੇਲ ਦੀ ਅਦਾਲਤ 'ਚ ਅੱਜ ਹੋਵੇਗੀ ਸੁਣਵਾਈ'। ਉਤਰੀ ਪੂਰਬੀ ਦਿੱਲੀ ਵਿੱਚ ਸੀ.ਏ.ਏ ਖਿਲਾਫ ਭੜਕੀ ਫਿਰਕੂ ਹਿੰਸਾ ਦਾ ਗੰਭੀਰ ਨੋਟਿਸ ਲੈਂਦਿਆਂ ਦਿੱਲੀ ਹਾਈ ਕੋਰਟ ਨੇ ਅੱਜ ਕਿਹਾ ਹੈ ਕਿ ਉਹ ਦਿੱਲੀ ਵਿੱਚ 1984 ਦੇ ਦੰਗਿਆਂ ਵਰਗੇ ਹਾਲਾਤ ਬਣਾਉਣ ਦੀ ਆਗਿਆ ਨਹੀਂ ਦੇਵੇਗੀ। ਹਾਈ ਕੋਰਟ ਨੇ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ ਉਹ ਨਫਰਤੀ ਤਕਰੀਰਾਂ ਕਰਨ ਵਾਲੇ ਤਿੰਨ ਭਾਜਪਾ ਆਗੂਆਂ ਖਿਲਾਫ ਕੇਸ ਦਰਜ ਕਰਨ ਸਬੰਧੀ 'ਸੁਚੇਤ ਫੈਸਲਾ' ਲਏ। ਅਦਾਲਤ ਨੇ ਦਿੱਲੀ ਪੁਲਿਸ ਨੂੰ ਭਲਕੇ ਵੀਰਵਾਰ ਤੱਕ ਸੂਚਿਤ ਕਰਨ ਲਈ ਕਿਹਾ ਹੈ। ਇਨ੍ਹਾਂ ਆਗੂਆਂ ਵਿੱਚ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ, ਸੰਸਦ ਮੈਂਬਰ ਪਰਵੇਸ਼ ਵਰਮਾ ਤੇ ਕਪਿਲ ਮਿਸ਼ਰਾ ਸ਼ਾਮਲ ਹਨ।

Under Print
Not for Legal/Official use

ਦੱਸਣਾ ਬਣਦਾ ਹੈ ਕਿ ਇਨ੍ਹਾਂ ਤਿੰਨਾਂ ਆਗੂਆਂ ਨੇ ਦਿੱਲੀ ਅਸੈਂਬਲੀ ਚੋਣਾਂ ਦੇ ਪ੍ਰਚਾਰ ਦੌਰਾਨ ਕਥਿਤ ਨਫਰਤੀ ਤਕਰੀਰਾਂ ਕੀਤੀਆਂ ਸਨ। ਇਸ ਦੌਰਾਨ ਕਾਨੂੰਨ ਤੇ ਨਿਆਂ ਮੰਤਰਾਲਾ ਨੇ ਅੱਜ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਦਿੱਲੀ ਹਿੰਸਾ ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਐਸ. ਮੁਰਲੀਧਰ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਤਬਦੀਲ ਕਰ ਦਿੱਤਾ ਹੈ।

**ਮਾਨਯੋਗ ਸਪੀਕਰ** : ਤੁਸੀਂ ਬਾਕੀ ਨੂੰ 'ਪੜ੍ਹਿਆ ਗਿਆ' ਕਹਿ ਲਓ।

**ਮੰਤਰੀ**: ਸਪੀਕਰ ਸਾਹਿਬ, ਇਸ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਮੁੱਦਾ ਕੌਮੀ ਰਾਜਧਾਨੀ ਦਾ ਹੈ। ਜਿਸ ਦਿਨ ਇਕ ਸਟੇਟ ਮਨਿਸਟਰ ਨੇ ਕਿਹਾ ਕਿ ਗੋਲੀ ਚੱਲੇਗੀ, ਉਸ ਤੋਂ ਅਗਲੇ ਦਿਨ ਗੋਲੀ ਚੱਲੀ ਸੀ। ਜਿਸ ਦਿਨ ਦੋ ਭਾਜਪਾ ਲੀਡਰਾਂ ਨੇ ਕਿਹਾ ਕਿ ਇੱਥੇ ਅੱਗਾਂ ਲੱਗਣਗੀਆਂ, ਉਸੇ ਰਾਤ ਨੂੰ ਅੱਗਾਂ ਲੱਗੀਆਂ ਸਨ। ਆਪਾਂ ਕਹਿੰਦੇ ਹਾਂ ਕਿ ਧਰਮ ਇਨਸਾਨੀਅਤ ਲਿਆਉਂਦਾ ਹੈ ਅਤੇ ਜੇਕਰ ਇਨਸਾਨੀਅਤ ਹੀ ਖਤਰੇ ਵਿੱਚ ਪੈ ਜਾਵੇਗੀ, ਫੇਰ ਧਰਮ ਕਿੱਥੇ ਜਾ ਕੇ ਖਲੋਏਗਾ? ਆਪਾਂ ਕਦੀ ਕਹਿ ਦਿੰਦੇ ਹਾਂ ਕਿ ਹਿੰਦੂ ਧਰਮ ਖਤਰੇ ਵਿੱਚ ਪੈ ਗਿਆ ਹੈ, ਕਦੀ ਕਹਿੰਦੇ ਹਾਂ ਕਿ ਪੰਥ ਖਤਰੇ ਵਿੱਚ ਪੈ ਗਿਆ ਹੈ। ਮੈਂ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਤੁਹਾਡੇ ਰਾਹੀਂ ਮੁਬਾਰਕਬਾਦ ਦਿੰਦਾ ਹਾਂ ਅਤੇ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਨੇ ਇਨਸਾਨੀਅਤ ਦੇ ਨਾਤੇ ਬੜੀ ਵੱਡੀ ਗੱਲ ਕਹੀ ਹੈ ਕਿ ਦਿੱਲੀ ਹਿੰਸਾ ਦੇ ਪੀੜਤਾਂ ਲਈ ਸਿੱਖ ਭਾਈਚਾਰਾ ਅੱਗੇ ਆਵੇ। ਪਾਰਲੀਮੈਂਟ ਵਿੱਚ ਸਾਡੇ ਇਥੋਂ ਦੇ ਅਕਾਲੀ ਦਲ ਦੇ ਪ੍ਰਧਾਨ ਇਹ ਕਹਿੰਦੇ ਹਾਂ ਕਿ ਅਸੀਂ....(ਵਿਘਨ)

**ਸਰਦਾਰ ਬਲਵਿੰਦਰ ਸਿੰਘ ਬੈਂਸ**: ਮੰਤਰੀ ਜੀ, ਬੰਦੇ ਨੂੰ ਪਾਸਪੋਰਟ ਇਨਕੁਆਇਰੀ ਹੋਣ ਤੋਂ ਬਾਅਦ ਮਿਲਦਾ ਹੈ। ਉਹ ਆਨਲਾਈਨ ਅਪਲਾਈ ਕਰਦਾ ਹੈ, ਫੇਰ ਇਨਕੁਆਇਰੀ ਹੁੰਦੀ ਹੈ ਫੇਰ ਇਕ ਦੋ ਮਹੀਨੇ ਬਾਅਦ ਬੰਦੇ ਨੂੰ ਪਾਸਪੋਰਟ ਮਿਲਦਾ ਹੈ।

**ਮੰਤਰੀ** : ਉਸ ਤੇ ਹੀ ਜਵਾਬ ਦੇ ਰਿਹਾ ਹਾਂ।

**ਸਰਦਾਰ ਬਲਵਿੰਦਰ ਸਿੰਘ ਬੈਂਸ**: ਅਗਲਾ ਗੁਰਧਾਮਾਂ ਤੇ ਜਾਂਦਾ ਹੈ ਪਰ ਤੁਸੀਂ ਫੜ ਕੇ ਥਾਣੇ ਲੈ ਜਾਓ।

**ਮੰਤਰੀ** : ਆਪਾਂ ਫੇਰ ਇਹ ਹੋਣ ਦੇਈਏ?

**ਮਾਨਯੋਗ ਸਪੀਕਰ** : ਰੰਧਾਵਾ ਜੀ, ਤੁਸੀਂ ਇੱਧਰ ਗੱਲ ਕਰੋ।

**ਮੰਤਰੀ** : ਮੈਂ ਉਸੇ ਤੇ ਆ ਰਿਹਾ ਹਾਂ। ਬੈਂਸ ਸਾਹਿਬ, ਅਸੀਂ ਇਹ ਗੱਲ ਕਰੀਏ ਕਿ ਨਾ ਕਰੀਏ?(ਵਿਘਨ...ਸ਼ੋਰ) ** ** ਬਾਹਰ ਨਹੀਂ ਨਿਕਲੇ, ਇਸ ਕਰਕੇ ਗੱਲ ਨਾ ਕਰੀਏ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਰੰਧਾਵਾ ਜੀ....

---

** Expunged as ordered by the Chair.

Under Print
Not for Legal/Official use

**ਜੇਲ੍ਹਾਂ ਮੰਤਰੀ:** ਇਨਸਾਨੀਅਤ ਦਾ ਕਤਲ ਹੋ ਰਿਹਾ ਹੈ ਜੀ। ਕੇਂਦਰ ’ਤੇ ਕਾਬਜ਼ ਧਿਰਾਂ, ਜਿਨ੍ਹਾਂ ਦੀ ਗੌਰਮਿੰਟ ਹੈ, ਉਹ ਦਿੱਲੀ ਵਿਚ ਨਫਰਤਵਾਦ ਦੀਆਂ ਸਪੀਚਾਂ ਦੇ ਰਹੀਆਂ ਹਨ...(ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਕਈ ਮੈਂਬਰ ਖੜ੍ਹੇ ਹੋ ਕੇ ਬੋਲਣ ਲੱਗ ਪਏ।)

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕੇਂਦਰ ਲਫਜ਼ ਕਿਹਾ ਹੈ। ਮੰਨ ਤਾਂ ਲਵੋ, ਇਨ੍ਹਾਂ ਨੇ ਕੇਂਦਰ ਕਿਹਾ ਹੈ। ** ** ਲਫਜ਼ ਵਿਚ ਨਹੀਂ ਆਵੇਗਾ।

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇਹ ਕਾਰਵਾਈ ਵਿਚੋਂ ਕੱਢ ਦਿਉ ਜੀ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਇਹ ਇਸ਼ੂ ਰੇਜ਼ ਕੀਤਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਮੁੱਦੇ ’ਤੇ action against ਐਸ.ਐਸ.ਪੀ. ਜਾਂ ਐਸ.ਐਚ.ਓ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਉਸ ਇਸ਼ੂ ਤੇ ਮੰਤਰੀ ਜੀ ਨੇ ਜੋ ਜਵਾਬ ਦੇਣਾ ਸੀ, ਉਹ ਦੇ ਦਿੱਤਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਕੀ ਜਵਾਬ ਦੇ ਦਿੱਤਾ ਹੈ?

**ਮਾਨਯੋਗ ਸਪੀਕਰ:** ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇਸ ਦਾ ਮਤਲਬ ਤਾਂ ਇਹ ਹੈ ਕਿ ਇਹ ਚਾਹੁੰਦੇ ਹਨ ਕਿ ਦਿੱਲੀ ਵਿਚ ਇਹ ਚੀਜ਼ਾਂ ਹੋਣ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ:** ਇਹ ਦਿੱਲੀ ਇਸ਼ੂ ਹੈ। ਪਲੀਜ਼, ਬੈਠ ਜਾਓ। ਇਹ ਦਿੱਲੀ ਇਸ਼ੂ ਹੈ।

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਫਿਰ ਮੈਂ ਇਨ੍ਹਾਂ ਨੂੰ ਪੁੱਛ ਲੈਂਦਾ ਹਾਂ ਕਿ ਇਹ ਇਸ ਇਸ਼ੂ ਤੇ ਚੁੱਪ ਕਿਉਂ ਬੈਠੇ ਹਨ? ਇਹ ਦਿੱਲੀ ਮਾਮਲੇ ਤੇ ਕਿਉ ਨਹੀਂ ਬੋਲਦੇ? (ਵਿਘਨ)

**ਮਾਨਯੋਗ ਸਪੀਕਰ:** ਇਹ ਦਿੱਲੀ ਇਸ਼ੂ ਹੈ।

**ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇਹ ਜਿਹੜੇ ਮੁੱਦੇ ਹਨ ਇਹ ਬੜੀ ਖਤਰਨਾਕ ਗੱਲ ਹੈ ਕਿਉਂਕਿ ਜਿਸ ਦਿਨ ਅਮੈਰਿਕਨ ਪ੍ਰੈਜ਼ੀਡੈਂਟ ਉਥੇ ਬੈਠੇ ਡਿਨਰ ਕਰ ਰਹੇ ਸਨ ਤਾਂ ਬਾਹਰ ਅੱਗਾਂ ਲੱਗੀਆਂ ਹੋਈਆਂ ਹਨ। ਇਸ ਸਭ ਕੁਝ ਤੋਂ ਆਪਾਂ ਆਪਣੀ ਕੰਟਰੀ ਬਾਰੇ ਕੀ ਦਿਖਾਉਣਾ ਚਾਹੁੰਦੇ ਹਾਂ ਕਿ ਅਸੀਂ ਇੱਕ ਧਰਮ ਦੇ ਅਗੇਂਸਟ ਹਾਂ? ਅਜੇ ਤੱਕ ਐਨ.ਏ.ਐਸ.ਏ. ਦਾ ਕਿਸੇ ਨੂੰ ਪਤਾ ਨਹੀਂ ਸੀ। ਕੀ ਇਹ ਦੱਸਣਾ ਚਾਹੁੰਦੇ ਹਨ ਕਿ ਕੋਈ ਐਨ.ਐਸ.ਏ ਹਿੰਦੁਸਤਾਨ ਵਿਚ ਰੂਲ ਕਰ ਰਿਹਾ ਹੈ? ਉਹ ਜਾ ਕੇ ਕੰਟਰੋਲ ਕਰਦੇ ਹਨ ਪਰ ਤਿੰਨ ਦਿਨ ਦਿੱਲੀ ਪੁਲਿਸ ਨੇ ਕਿਉਂ ਕੋਈ ਐਕਸ਼ਨ ਨਹੀਂ ਲਿਆ? ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡਾ ਦੇਸ਼ ਇੱਕ ਸੈਕੂਲਰ ਸਟੇਟ ਹੈ। ਇਹ ਕੋਈ ਕਿਸੇ ਇੱਕ ਧਰਮ ਦਾ ਕੰਟਰੀ ਨਹੀਂ ਹੈ। ਇਥੇ ਸਾਰੇ ਧਰਮਾਂ ਦਾ

---

** Expunged as ordered by the Chair.

Under Print
Not for Legal/Official use

ਬਰਾਬਰ ਦਾ ਸਤਿਕਾਰ ਹੈ। ਇਹ ਜਿਹੜੀਆਂ ਚੀਜ਼ਾਂ ਹੋ ਰਹੀਆਂ ਹਨ, ਇਹ ਬੜਾ ਸੀਰੀਅਸ ਮਾਮਲਾ ਹੈ, ਸਾਨੂੰ ਸਾਰਿਆਂ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਨਹੀਂ ਤਾਂ ਜੋ ਇਹ ਦਿੱਲੀ ਦੀ ਅੱਗ ਹੈ, ਇਹ ਪੰਜਾਬ ਤੱਕ ਵੀ ਪਹੁੰਚਣੀ ਹੈ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਵਾਰੀ ਵਾਰੀ ਸਾਰੇ ਬੋਲ ਲੈਣਾ, ਹੁਣ ਬੈਠੋ। ਸਰਦਾਰ ਬਲਵਿੰਦਰ ਸਿੰਘ ਜੀ, ਬੋਲੋ। ਇਹ ਲਾਡੀ ਸਾਹਿਬ ਦੇ ਹਲਕੇ ਦਾ ਇਸ਼ੂ ਹੈ।

**ਸਰਦਾਰ ਬਲਵਿੰਦਰ ਸਿੰਘ:** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਪੀ.ਡਬਲਿਊ.ਡੀ. ਦੇ ਮਨਿਸਟਰ ਸਾਹਿਬ ਇਥੇ ਬੈਠੇ ਹਨ। ਸਾਡੇ ਹਲਕੇ ਵਿੱਚ ਮੰਡੀ ਬੋਰਡ ਦੀਆਂ ਸੜਕਾਂ ਹਨ ਜਾਂ ਜਿੰਨੀਆਂ ਪੇਂਡੂ ਵਿਕਾਸ ਵਿਭਾਗ ਨਾਲ ਸਬੰਧਤ ਲਿੰਕ ਸੜਕਾਂ ਹਨ, ਮੈਂ ਉਨ੍ਹਾਂ ਦੇ ਸਬੰਧ ਵਿਚ ਗੱਲ ਕਰਨੀ ਹੈ। ਆਉਣ ਵਾਲੇ ਇਕ-ਦੋ ਮਹੀਨਿਆਂ ਵਿਚ ਕਣਕ ਵੱਢੀ ਜਾਣੀ ਹੈ ਅਤੇ ਜਿੰਨੀਆਂ ਪੰਜਾਬ ਦੀਆਂ ਸੜਕਾਂ ਹਨ, ਇਹ ਪਹਿਲੀ ਵਾਰ ਹੋਇਆ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਵਿਚਕਾਰਲੇ ਸਾਲ ਵਿਚ ਹੀ ਪੰਜਾਬ ਦੀਆਂ ਸਾਰੀਆਂ ਸੜਕਾਂ ਦੀ ਰਿਪੇਅਰ ਕਰਨ ਵਾਸਤੇ ਕਿਹਾ ਹੈ ਅਤੇ ਨਵੀਆਂ ਬਣਾਉਣ ਵਾਸਤੇ ਕਿਹਾ ਹੈ। ਸੋ, ਜਿੰਨੀਆਂ ਸੜਕਾਂ ਤੇ ਪ੍ਰੀਮਿਕਸ ਪੈ ਚੁੱਕਾ ਹੈ, ਜਿਹੜੇ ਸਾਡੇ ਕਿਸਾਨ ਵੀਰ ਹਨ ਜਾਂ ਜਿਨ੍ਹਾਂ ਦੀ ਜ਼ਮੀਨ ਨਾਲ ਸੜਕ ਲੱਗਦੀ ਹੈ, ਉਨ੍ਹਾਂ ਨੇ ਸੜਕਾਂ ਬਿਲਕੁਲ ਵੱਢ ਲਈਆਂ ਹਨ। ਮੈਂ ਤੁਹਾਨੂੰ ਬੇਨਤੀ ਕਰਨੀ ਹੈ ਕਿ .....

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਤਾਂ ਅਸੀਂ ਕਰੀ ਜਾਣੀਆਂ ਹਨ ਪਰ ਸਾਡੇ ਤਾਂ ਗੁਰੂਧਾਮ ਖਤਰੇ ਵਿਚ ਪੈ ਗਏ ਹਨ। (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਵਲੋਂ ਕਈ ਮੈਂਬਰਜ਼ ਅਤੇ ਲੋਕ ਇਨਸਾਫ ਪਾਰਟੀ ਦੇ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਸੰਧਵਾਂ ਸਾਹਿਬ, ਉਨ੍ਹਾਂ ਨੂੰ ਬੋਲਣ ਦਾ ਹੱਕ ਹੈ He is an hon'ble member of the House. Let him speak.

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਵਿਰੋਧਤਾ ਨਹੀਂ ਕਰਦਾ। ਮੈਂ ਤਾਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ ਪਰ ਵੱਡਾ ਇਸ਼ੂ ਕਰਤਾਰਪੁਰ ਸਾਹਿਬ ਦਾ ਹੈ। ਸਾਡਾ ਡੀ.ਜੀ.ਪੀ. ਸਾਨੂੰ ਅੱਤਵਾਦੀ ਬਣਾਉਣ ਲੱਗਿਆ ਹੋਇਆ ਹੈ।

**ਸਰਦਾਰ ਬਲਵਿੰਦਰ ਸਿੰਘ:** ਉਹ ਗੱਲ ਹੋ ਗਈ ਹੈ। ਉਸ ਦਾ ਮੰਤਰੀ ਸਾਹਿਬ ਨੇ ਜਵਾਬ ਦੇ ਦਿੱਤਾ ਹੈ।

Under Print
Not for Legal/Official use

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਉਹ ਗੱਲ ਨਹੀਂ ਹੋਈ, ਉਸ ਦਾ ਜਵਾਬ ਨਹੀਂ ਦਿੱਤਾ। ਉਸ ਗੱਲ ਦਾ ਜਵਾਬ ਨਹੀਂ ਆਇਆ। ਇਹ ਉਨ੍ਹਾਂ ਖਿਲਾਫ ਕੀ ਕਾਰਵਾਈ ਕਰ ਰਹੇ ਹਨ? ਤੁਸੀਂ ਕੀ ਕਾਰਵਾਈ ਕਰ ਰਹੇ ਹੋ?

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਨੂੰ ਬੋਲ ਲੈਣ ਦਿਉ। ਬੋਲ ਲੈਣ ਦਿਉ ਜੀ। (ਵਿਘਨ)(ਸ਼ੋਰ)

**ਸਰਦਾਰ ਬਲਵਿੰਦਰ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਦੇ ਘਰ ਅੱਜ ਅੱਗ ਲੱਗੀ ਹੈ, ਅੱਜ ਉਨ੍ਹਾਂ ਨੂੰ ਪੁੱਛੋ। ਦਿੱਲੀ ਦੇ ਵਿੱਚ ਅੱਜ ਤੁਹਾਡੀ ਸਰਕਾਰ ਹੈ। ਅੱਜ ਜੋ ਵਟਸਐਪ ਤੇ ਵੀਡਿਉਜ਼ ਆ ਰਹੀਆਂ ਹਨ, ਅੱਜ ਉਨ੍ਹਾਂ ਮਾਸੂਮ ਬੱਚਿਆਂ ਵੱਲ ਵੇਖੋ। ਨੌਜਵਾਨ ਲੜਕੀਆਂ ਕਿਸ ਤਰ੍ਹਾਂ ਫਾਹਾ ਲੈ ਕੇ ਮਰ ਰਹੀਆਂ ਹਨ, ਸਾਨੂੰ ਕੋਈ ਸ਼ਰਮ ਹੋਣੀ ਚਾਹੀਦੀ ਹੈ ਕਿ ਸਾਡਾ ਲੋਕਤੰਤਰ ਹੈ, ਸਾਡਾ ਹਿੰਦੁਸਤਾਨ ਇੰਨਾ ਵੱਡਾ ਲੋਕਤੰਤਰੀ ਦੇਸ਼ ਹੈ। ਅੱਜ ਕੁਝ ਫਿਰਕਿਆਂ ਦੇ ਨਾਲ ਇਹ ਕੁਝ ਹੋ ਰਿਹਾ ਹੈ। ਸਾਨੂੰ ਇੱਥੇ ਆ ਕੇ ਸਿਆਸੀ ਬਾਣ ਨਹੀਂ ਛੱਡਣੇ ਚਾਹੀਦੇ। (ਵਿਘਨ)

**ਮਾਨਯੋਗ ਸਪੀਕਰ:** ਕੁਝ ਰਹਿ ਗਿਆ ਹੈ ਜੀ?

**ਸਰਦਾਰ ਬਲਵਿੰਦਰ ਸਿੰਘ:** ਹਾਂ ਜੀ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਹੈ ਕਿ ਜਿੰਨੀਆਂ ਵੀ ਸੜਕਾਂ ਹਨ, ਸਾਰੀਆਂ ਸੜਕਾਂ ਦੇ ਨਾਲ ਮਿੱਟੀ ਲਗਾਈ ਜਾਵੇ। ਜਿਥੇ ਅਸੀਂ ਗੁਰੂ ਸਾਹਿਬ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ, ਅਸੀਂ ਸਾਰਾ ਸਾਲ ਇਹ ਦਿਹਾੜਾ ਮਨਾਉਣਾ ਹੈ, ਉਨ੍ਹਾਂ ਸੜਕਾਂ ਤੇ ਦਰੱਖਤ ਲੱਗ ਜਾਣ ਤਾਂ ਕਿ ਜਿਹੜੀਆਂ ਸਾਡੀਆਂ ਬੱਚੀਆਂ ਸਕੂਲਾਂ ਤੋਂ ਆਉਂਦੀਆਂ ਹਨ, ਉਹ ਚਾਹੇ ਸਕੂਟਰੀ ਤੇ ਆਉਂਦੀਆਂ ਹਨ ਜਾਂ ਸਾਈਕਲਾਂ ਤੇ, ਕਮ-ਅਜ਼-ਕਮ ਉਨ੍ਹਾਂ ਵਾਸਤੇ ਸੜਕ ਦੇ ਕਿਨਾਰੇ ਤੋਂ ਲੰਘਣ ਦਾ ਰਸਤਾ ਤਾਂ ਬਣ ਜਾਵੇ ਕਿਉਂਕਿ ਹੁਣ ਸੜਕਾਂ ਦੇ ਆਲੇ-ਦੁਆਲੇ ਲੰਘਣ ਦਾ ਰਸਤਾ ਹੀ ਨਹੀਂ ਹੁੰਦਾ। ਦੂਸਰੀ ਮੇਰੀ ਬੇਨਤੀ ਹੈ ਕਿ ਅਵਾਰਾ ਕੁੱਤਿਆਂ ਕਾਰਨ ਹਰ ਦਿਨ ਸਾਡੀ ਜ਼ਿੰਦਗੀ ਕੋਈ ਨਾ ਕੋਈ ਖਤਰੇ ਵਿਚ ਪਈ ਰਹਿੰਦੀ ਹੈ, ਚਾਹੇ ਉਹ ਬਜ਼ੁਰਗ ਹੈ, ਚਾਹੇ ਬੱਚਾ ਹੈ ਜਾਂ ਬੇਟੀ ਹੈ, ਅਵਾਰਾ ਕੁੱਤੇ ਉਸ ਨੂੰ ਨੋਚ ਕੇ ਖਾ ਜਾਂਦੇ ਹਨ। ਉਨ੍ਹਾਂ ਦਾ ਕੋਈ ਪ੍ਰਬੰਧ ਜ਼ਰੂਰ ਕੀਤਾ ਜਾਵੇ ਅਤੇ ਜਿਹੜੇ ਅਵਾਰਾ ਪਸ਼ੂ ਹਨ, ਮੇਰੇ ਹਲਕੇ ਬਾਬਾ ਬਕਾਲਾ ਵਿਖੇ ਹਜ਼ਾਰਾਂ ਦੀ ਤਾਦਾਦ ਵਿਚ ਗਾਈਆਂ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਵਾਸਤੇ ਜ਼ਰੂਰ ਕੋਈ ਨਾ ਕੋਈ ਪ੍ਰਬੰਧ ਕੀਤਾ ਜਾਵੇ ਕਿਉਂਕਿ ਇਨ੍ਹਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ।

**ਮਾਨਯੋਗ ਸਪੀਕਰ:** ਇਸ ਮੁੱਦੇ ਤੇ ਅੱਜ ਮਤਾ ਆ ਰਿਹਾ ਹੈ। ਬੈਠੋ ਜੀ, ਹਾਂ ਜੀ ਮਾਣੂਕੇ ਜੀ।(ਵਿਘਨ..ਸ਼ੋਰ) ਮਾਣੂਕੇ ਜੀ ਨੂੰ ਬੋਲਣ ਦਿਓ।ਟੀਨੂ ਜੀ, ਤੁਸੀਂ ਬੋਲਣਾ ਹੈ, ਬਾਅਦ ਵਿਚ ਬੋਲ ਲੈਣਾ।ਮਾਣੂਕੇ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਜ਼ੀਰੋ ਆਵਰ ਵਿਚ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

Under Print
Not for Legal/Official use

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਰੌਸ਼ਨੀਆਂ ਦੇ ਸ਼ਹਿਰ ਜਗਰਾਓਂ ਤੋਂ ਆਈ ਹਾਂ ਤੇ ਉਹ ਸ਼ਹਿਰ ਅੱਜ ਵਿਕਾਊ ਪਿਆ ਹੈ। ਜਗਰਾਓਂ ਸ਼ਹਿਰ ਵਿਚ ਰਾਣੀ ਝਾਂਸੀ ਚੌਂਕ ਦੇ ਆਸੇ ਪਾਸੇ ਨਗਰ ਕੌਂਸਲ ਦੀਆਂ ਦੁਕਾਨਾਂ ਹਨ। ਪਤਾ ਨਹੀਂ ਕਿਸ ਤਰ੍ਹਾਂਸਰਕਾਰ ਦੇ ਨੁਮਾਇੰਦਿਆਂ ਨੇ, ਉਥੋਂ ਦੇ ਤਹਿਸੀਲਦਾਰ ਸਾਹਿਬ, ਈ.ਓ. ਸਾਹਿਬ ਨੇ ਉਨ੍ਹਾਂ ਦੀਆਂ ਰਜਿਸਟਰੀਆਂ ਕਰਵਾ ਦਿੱਤੀਆਂ। ਮੈਂ ਇਹ ਮੁੱਦਾ ਸ਼ਿਕਾਇਤ ਨਿਵਾਰਣ ਕਮੇਟੀ ਵਿਚ ਵੀ ਚੁੱਕਿਆ ਸੀ। ਮੈਨੂੰ ਸਮਝ ਨਹੀਂ ਆਉਂਦੀ ਕਿ ਨਗਰ ਕੌਂਸਲ ਪਿਛਲੇ 58 ਸਾਲਾਂ ਤੋਂ ਉਨ੍ਹਾਂ ਦੁਕਾਨਾਂ ਦਾ ਕਿਰਾਇਆ ਕਿਸ ਤਰ੍ਹਾਂ ਵਸੂਲ ਕਰ ਰਹੀ ਸੀ ਅਤੇ ਜੇਕਰ ਕਿਰਾਇਆ ਲੈ ਰਹੀ ਸੀ ਤਾਂ ਉਨ੍ਹਾਂ ਨੇ ਕਿਹੜੇ ਅਧਿਕਾਰੀਆਂ ਨਾਲ ਮਿਲ ਕੇ ਦੁਕਾਨਾਂ ਦੀਆਂ ਰਜਿਸਟਰੀਆਂ ਆਪਣੇ ਨਾਮ ਕਰਵਾ ਲਈਆਂ। ਸਪੀਕਰ ਸਾਹਿਬ, ਮੇਰੇ ਸ਼ਹਿਰ ਦਾ ਇਹ ਬਹੁਤ ਭਿਆਨਕ ਮਸਲਾ ਹੈ, ਇਹ ਲੋਕਾਂ ਦੀ ਰੋਜ਼ੀ ਰੋਟੀ ਦਾ ਮਸਲਾ ਹੈ। ਕਿਰਪਾ ਕਰਕੇ ਇਸ ਤੇ ਧਿਆਨ ਦਿਓ।ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜਾ ਅੱਜ ਭਖਦਾ ਮਸਲਾ ਹੈ, ਮੈਂ ਇਕ ਧੀ ਹੋਣ ਦੇ ਨਾਤੇ, 1984 ਹੰਢਾਉਣ ਦੇ ਨਾਤੇ ਕਿਉਂਕਿ ਮੇਰਾ ਆਪਣਾ ਭਰਾ 1984 ਵਿਚ ਮਰਿਆ ਸੀ, ਉਸ ਨੂੰ ਸ਼ਰਧਾਂਜਲੀ ਦੇਣ ਦੇ ਨਾਤੇ, ਮੈਂ ਇਕ ਗੱਲ ਕਹਿਣਾ ਚਾਹੁੰਦੀ ਹਾਂ। ਆਪਾਂ ਇੱਥੇ ਕਹਿ ਰਹੇ ਹਾਂ ਕਿ ਇਹ ਕਰਨਾ ਹੈ ਜਾਂ ਉਹ ਕਰਨਾ ਹੈ ਪਰ ਸਪੀਕਰ ਸਾਹਿਬ, ਸਾਡੇ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਜੀ ਕੇਂਦਰ ਵਿਚ ਬੈਠੇ ਹਨ, ਆਪਾਂ ਉਨ੍ਹਾਂ ਨੂੰ ਇਹ ਗੱਲ ਕਹੀਏ। ਸਾਡੇ ਸ਼ਰਧਾਲੂਆਂ ਨਾਲ ਜਿਹੜਾ ਖਿਲਵਾੜ ਹੋਇਆ ਹੈ, ਉਸ ਬਾਰੇ ਉਹ ਕੇਂਦਰ ਵਿਚ ਆਪਣੇ ਬੰਦਿਆਂ ਨਾਲ ਮੀਟਿੰਗ ਕਰਨ। ਆਪਾਂ ਇੱਥੇ ਬੈਠ ਕੇ ਉਦੋਂ ਤੱਕ ਕੁਝ ਨਹੀਂ ਕਰ ਸਕਦੇ, ਜਦ ਤੱਕ ਆਪਾਂ ਜਿਹੜੇ ਸਾਡੇ ਕੇਂਦਰ ਵਿਚ ਮੰਤਰੀ ਹਨ, ਉਨ੍ਹਾਂ ਨੂੰ ਜਾ ਕੇ ਨਹੀਂ ਮਿਲਦੇ। ਬੀਬਾ ਹਰਸਿਮਰਤ ਕੌਰ ਬਾਦਲ ਜੀ ਨੂੰ ਜਾ ਕੇ ਮਿਲੀਏ ਤੇ ਬੇਨਤੀ ਕਰੀਏ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਜ਼ੀਰੋ ਆਵਰ ਵਿਚ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। (ਵਿਘਨ..ਸ਼ੋਰ) ਅੱਜ ਨਾਨ ਆਫੀਸ਼ੀਅਲ ਡੇਅ ਹੈ, ਅੱਜ ਤੁਹਾਨੂੰ ਸਭ ਨੂੰ ਬੁਲਾਵਾਂਗੇ। ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਬਹੁਤ ਹੀ ਗੰਭੀਰ ਮੁੱਦੇ ਤੇ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਅੰਗਰੇਜ਼ੀ 'ਟ੍ਰਿਬਿਊਨ' ਦੀ ਖਬਰ ਹੈ: ਸਕਾਲਰਸ਼ਿਪ ਬੈਨੀਫਿਸ਼ਰੀਜ਼ ਪ੍ਰੋਟੈਸਟ। ਜਲੰਧਰ ਅਤੇ ਪੂਰੇ ਦੁਆਬੇ ਵਿਚ ਐਸ.ਸੀ. ਵਿਦਿਆਰਥੀ ਸੜਕਾਂ ਤੇ ਬੈਠੇ ਹਨ। ਸਾਢੇ ਚਾਰ ਹਜ਼ਾਰ ਬੱਚੇ ਨੂੰ ਜਲੰਧਰ ਵਿਚ ਇਸ ਕਰਕੇ ਰੋਲ ਨੰਬਰ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਉਨ੍ਹਾਂ ਦੀ ਫੀਸ ਨਹੀਂ ਆਈ।

Under Print
Not for Legal/Official use

**ਮਾਨਯੋਗ ਸਪੀਕਰ:** ਮੈਂ ਇਕ ਬੇਨਤੀ ਕਰ ਲਵਾਂ। (ਵਿਘਨ...ਸ਼ੋਰ) ਪਹਿਲਾਂ ਮੇਰੀ ਬੇਨਤੀ ਸੁਣ ਲਓ। ਮੈਂ ਸਾਰੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਬਜਟ ਸੈਸ਼ਨ ਹੈ। ਤੁਸੀਂ ਗਵਰਨਰ ਐਡਰੈਸ ਤੇ ਬੋਲੇ ਹੋ, ਤੁਸੀਂ ਬਜਟ ਤੇ ਵੀ ਬੋਲਣਾ ਹੈ। ਜ਼ੀਰੋ ਆਵਰ ਵਿਚ ਕੋਈ ਭਖਦਾ ਮਸਲਾ ਹੁੰਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਇਹ ਭਖਦਾ ਮਸਲਾ ਹੈ।ਅੱਜ ਦੇ ਅਖਬਾਰ ਦੀ ਖਬਰ ਹੈ(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਸੁਣੋ, ਤੁਸੀਂ ਗੱਲ ਨਹੀਂ ਸੁਣਦੇ।ਅਖਬਾਰ ਫਾਈਨਲ ਅਥਾਰਟੀ ਨਹੀਂ ਹੈ। ਮੇਰੀ ਗੱਲ ਸੁਣ ਲਓ, ਮੈਂ ਕੀ ਕਹਿਣਾ ਚਾਹੁੰਦਾ ਹਾਂ। (ਵਿਘਨ...ਸ਼ੋਰ) ਤੁਸੀਂ ਗੱਲ ਵੀ ਸੁਣਨ ਨੂੰ ਤਿਆਰ ਨਹੀਂ। ਮੈਂ ਕਹਿ ਰਿਹਾ ਹਾਂ ਕਿ ਤੁਸੀਂ ਆਪਣੀ ਗੱਲ ਰੱਖੋ ਲੇਕਿਨ ਸਮਾਂ ਘੱਟ ਲਓ ਤਾਂ ਕਿ ਬਾਕੀ ਮੈਂਬਰ ਵੀ ਆਪਣੀ ਗੱਲ ਰੱਖ ਸਕਣ।

**ਸ਼੍ਰੀ ਪਵਨ ਕੁਮਾਰ ਟੀਨੂ:** ਮੈਂ ਆਪਣੀ ਗੱਲ ਰੱਖ ਲਵਾਂ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਰੱਖੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਸਾਢੇ ਚਾਰ ਹਜ਼ਾਰ ਐਸ.ਸੀ. ਬੱਚਿਆਂ ਨੂੰ ਕਾਲਜ ਰੋਲ ਨੰਬਰ ਨਹੀਂ ਦੇ ਰਹੇ। ਇਹ ਕੋਈ ਛੋਟੀ ਗੱਲ ਨਹੀਂ ਹੈ, ਇਹ ਤਾਜ਼ਾ ਖਬਰ ਹੈ। ਸਪੀਕਰ ਸਾਹਿਬ, ਦੂਜੀ ਗੱਲ, ਇਹ ਕਿੰਨੀ ਬੇਇਨਸਾਫੀ ਹੈ, ਇਹ ਹਿਊਮਨ ਰਾਈਟਸ ਦਾ ਮਾਮਲਾ ਹੈ । ਸਾਲ 2017, 2018 ਅਤੇ 2019 ਵਿਚ, ਜਿਨ੍ਹਾਂ ਐਸ.ਸੀ. ਬੱਚਿਆਂ ਨੇ ਪ੍ਰਾਈਵੇਟ ਤੇ ਸਰਕਾਰੀ ਕਾਲਜਾਂ ਵਿਚੋਂ ਆਪਣੀਆਂ ਡਿਗਰੀਆਂ ਕੰਪਲੀਟ ਕਰ ਲਈਆਂ ਹਨ, ਉਨ੍ਹਾਂ ਬੱਚਿਆਂ ਨੂੰ ਕਾਲਜ ਡਿਗਰੀਆਂ ਨਹੀਂ ਦੇ ਰਹੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਸਰਕਾਰੀ ਕਾਲਜਾਂ ਨੂੰ ਚਿੱਠੀ ਜਾਰੀ ਕੀਤੀ ਹੈ ਕਿ ਕਿਸੇ ਐਸ.ਸੀ. ਬੱਚੇ ਨੂੰ, ਜਿਨ੍ਹਾਂ ਨੇ ਫੀਸ ਨਹੀਂ ਦਿੱਤੀ, ਡਿਗਰੀ ਨਾ ਦਿੱਤੀ ਜਾਵੇ। ਸਪੀਕਰ ਸਾਹਿਬ, ਇਹ ਛੋਟੀ ਗੱਲ ਨਹੀਂ ਹੈ। ਅਸੀਂ 34 ਜਣੇ ਇੱਥੇ ਬੈਠੇ ਹਾਂ ਤੇ 36 ਫੀਸਦੀ ਸਾਡੀ ਆਬਾਦੀ ਹੈ, ਸਾਡੇ ਨਿਆਣੇ ਸੜਕਾਂ ਤੇ ਰੁਲ ਰਹੇ ਹਨ। ਪੋਸਟ ਮੈਟਰਿਕ ਸਕਾਲਰਸ਼ਿਪ ਦਾ ਪੈਸਾ ਵੀ ਨਹੀਂ ਆਇਆ।

**ਮਾਨਯੋਗ ਸਪੀਕਰ:** ਬੈਠੋ। ਜ਼ੀਰੋ ਆਵਰ ਖਤਮ ਹੁੰਦਾ ਹੈ। (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਵਿਚ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਹੋ ਗਿਆ, ਹੋ ਗਿਆ, ਬੈਠੋ।

---------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ ਪੇਸ਼ ਕਰਨਗੇ।

Under Print
Not for Legal/Official use

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੈਂ ਮੱਦ ਨੰਬਰ 1 ੳ ਅਧੀਨ ਦਰਸਾਏ ਗਏ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹੈ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ:-

(i) ਸਾਲ 2017-18 ਲਈ ਰਾਜ ਦੀ ਵਿੱਤੀ ਵਿਵਸਥਾ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ;

(ii) ਸਾਲ 2017-18 ਲਈ ਸਰਕਾਰੀ ਖੇਤਰ ਦੇ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ;

(iii) ਸਾਲ 2017-18 ਲਈ ਮਾਲੀਆ ਖੇਤਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ; ਅਤੇ

(iv) ਸਾਲ 2017-18 ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ (ਗੈਰ-ਸਰਕਾਰੀ ਅਦਾਰਿਆਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ।

---------

## PRESENTATION OF REPORT OF THE COMMITTEE

**ਮਾਨਯੋਗ ਸਪੀਕਰ :** ਸਰਦਾਰ ਇੰਦਰਬੀਰ ਸਿੰਘ ਬੁਲਾਰੀਆ, ਚੇਅਰਮੈਨ, ਕੁਐਸਚਨ ਅਤੇ ਰੈਫਰੈਂਸਿਜ਼ ਕਮੇਟੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਕੁਐਸਚਨ ਅਤੇ ਰੈਫਰੈਂਸਿਜ਼ ਕਮੇਟੀ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ):** ਮਾਨਯੋਗ ਸਪੀਕਰ ਸਾਹਿਬ, ਮੈਂ 2019-20 ਲਈ ਗਠਿਤ ਕੀਤੀ ਗਈ ਕੁਐਸਚਨ ਅਤੇ ਰੈਫਰੈਂਸਿਜ਼ ਕਮੇਟੀ ਦਾ ਸਭਾਪਤੀ ਕਮੇਟੀ ਵੱਲੋਂ ਅਧਿਕਾਰ ਦਿੱਤੇ ਜਾਣ ਤੇ ਇਸ ਦੀ 13ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

---------

## FINANCIAL BUSINESS

## (i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2019-20

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

Under Print
Not for Legal/Official use

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਬੋਲਣ ਨੂੰ ਇਹੀ ਮੈਂਬਰ ਰਹਿ ਗਏ ਜੀ। ਇਹ ਹਾਊਸ ਦੀ ਹਰ ਗੱਲ ਦੇ ਵਿੱਚ ਬੋਲਦੇ ਹਨ। ਬਾਕੀਆਂ ਨੂੰ ਗੱਲ ਨਹੀਂ ਕਰਨ ਦਿੰਦੇ।

**ਮਾਨਯੋਗ ਸਪੀਕਰ: (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ)** ਸੁਣੋ ਤਾਂ ਸਹੀ, ਮੇਰੀ ਗੱਲ ਸੁਣੋ। ਜ਼ੀਰੋ ਆਵਰ ਦੇ ਵਿੱਚ ਸਰਕਾਰ ਜਵਾਬ ਦੇਣ ਲਈ ਪਾਬੰਦ ਨਹੀਂ ਹੁੰਦੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਤੁਸੀਂ ਹੀ ਅਲਾਓ ਕੀਤਾ ਸੀ ਜੀ। ਪਹਿਲਾਂ ਤੁਸੀਂ ਹੀ ਅਲਾਓ ਕੀਤਾ ਸੀ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਚਾਹਿਆ ਸੀ। (ਵਿਘਨ,ਸ਼ੋਰ) ਨੋ, ਨੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਤੁਸੀਂ ਹੀ ਅਲਾਓ ਕੀਤਾ ਸੀ ਜੀ। ਮੰਤਰੀ ਸਾਹਿਬ ਨੇ ਕਿਹਾ ਸੀ ਕਿ ਸੀ.ਐਮ ਸਾਹਿਬ ਜਵਾਬ ਦੇਣਗੇ।

**ਮਾਨਯੋਗ ਸਪੀਕਰ:** ਤੁਸੀਂ ਮੇਰੀ ਰਿਕੁਐਸਟ ਤਾਂ ਸੁਣੋ। ਮੈਂ ਉਨ੍ਹਾਂ ਨੂੰ ਫਰਠਬਕ; ਨਹੀਂ ਕਰ ਸਕਦਾ। ਉਹ ਚਾਹੁੰਣ ਤਾਂ ਜਵਾਬ ਦੇ ਸਕਦੇ ਹਨ ਪਰ ਮੈਂ ਉਨ੍ਹਾਂ ਨੂੰ ਫਰਠਬਕ; ਨਹੀਂ ਕਰ ਸਕਦਾ। ਸਪੀਕਰ ਜ਼ੀਰੋ ਆਵਰ ਦੇ ਵਿੱਚ ਫਰਠਬਕ; ਨਹੀਂ ਕਰ ਸਕਦਾ। ਤੁਸੀਂ ਆਪਣੀ ਗੱਲ ਕਰ ਲਈ ਤੇ ਆਪਣਾ ਆਪਣਾ ਇਸ਼ੂ ਉਠਾ ਲਿਆ ਹੈ। ਸਰਕਾਰ ਦੇ ਨੋਟਿਸ ਵਿੱਚ ਆ ਗਿਆ ਹੈ। ਤੁਹਾਡਾ ਜਿਹੜਾ ਕਨਸਰਨ ਹੈ ਉਹ ਹਾਊਸ ਦੇ ਨੋਟਿਸ ਵਿੱਚ ਆ ਗਿਆ ਹੈ। (ਵਿਘਨ,ਸ਼ੋਰ) ਸਰਕਾਰ ਦੇ ਨੋਟਿਸ ਵਿੱਚ ਆ ਗਿਆ ਹੈ ਲੇਕਿਨ ਮੈਂ ਜਵਾਬ ਦੇਣ ਵਾਸਤੇ ਉਨ੍ਹਾਂ ਨੂੰ ਫਰਠਬਕ; ਨਹੀਂ ਕਰ ਸਕਦਾ।

**ਮਾਨਯੋਗ ਸਪੀਕਰ:** ਹੁਣ ਚੇਅਰਮੈਨ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨਗੇ। (ਵਿਘਨ...ਸ਼ੋਰ)

## (ii) PRESENTATION OF THE REPORT OF THE COMMITTEE ON ESTIMATES ON SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2019-20

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਦਿਆਲ ਸਿੰਘ ਕੰਬੋਜ):** ਸ਼੍ਰੀਮਾਨ ਜੀ, ਮੈਂ ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਸੰਬੰਧੀ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਸਰਦਾਰ ਪਿਰਮਲ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸ਼੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਪਰਤੇ ਪਿੰਡ ਡੇਅਰੀਵਾਲ ਦੇ ਸ਼ਰਧਾਲੂਆਂ ਦੀ ਥਾਣਾ ਧਾਰੀਵਾਲ ਦੀ ਪੁਲਿਸ ਵੱਲੋਂ ਕੀਤੀ ਜਾ ਰਹੀ ਬੇਲੋੜੀ ਪੁੱਛ-ਪੜਤਾਲ ਦੇ ਮੁੱਦੇ ਤੇ ਸਬੰਧਤ ਮੰਤਰੀ ਵੱਲੋਂ ਕੋਈ ਬਿਆਨ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

## (iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2019-20

### (1) DISCUSSION ON THE ESTIMATES OF THE EXPENDITURE CHARGED ON REVENUE OF THE STATE

**ਮਾਨਯੋਗ ਸਪੀਕਰ:** ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਬਹਿਸ। ਜੇਕਰ ਕੋਈ ਮਾਨਯੋਗ ਮੈਂਬਰ ਕਿਸੇ ਆਈਟਮ ਤੇ ਬੋਲਣਾ ਚਾਹੁੰਦੇ ਹਨ ਤਾਂ ਉਹ ਬੋਲ ਸਕਦੇ ਹਨ।

(ਇਸ ਸਮੇਂ ਕੋਈ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

### (2) VOTING ON DEMANDS FOR SUPPLEMENTARY GRANTS

**ਮਾਨਯੋਗ ਸਪੀਕਰ:** ਅੱਜ ਦੀ ਕਾਰਜਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ 42 ਅਨੁਪੂਰਕ ਮੰਗਾਂ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮੰਗ ਨੰ:** 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,16,57,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

---

** Not recorded as ordered by the Chair.

Under Print
Not for Legal/Official use

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,63,13,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,000 ਰੁਪਏ ਤੋਂ ਵੱਧ ਨਾ ਹੋਵੇ,31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,83,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਨਿਕ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 5

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 103,65,68,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 6

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 7

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,65,75,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Under Print
Not for Legal/Official use

ਮੰਗ ਨੰ: 8

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,98,83,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 9

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,60,03,61,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 10

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,26,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 11

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,30,24,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 36,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,10,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਿਹ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,05,18,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 29,72,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ

Under Print
Not for Legal/Official use

ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 80,72,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 15

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 96,93,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 16

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,73,82,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,50,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,40,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 19

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,06,000 ਰੁਪਏ ਅਤੇ ਪੂੰਜੀਗਤ ਲੇਖੇ

Under Print
Not for Legal/Official use

ਤੇ 8,66,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 20

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,03,47,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,36,73,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,38,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,48,69,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 24

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,01,52,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Under Print
Not for Legal/Official use

ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,99,46,26,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,28,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14,20,80,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11,59,44,000 ਰੁਪਏ ਅਤੇ ਪੂੰਜੀਗਤ ਲੇਖੇ ਤੇ 19,92,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,27,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Under Print
Not for Legal/Official use

ਮੰਗ ਨੰ: 31

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 75,81,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪੱਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 32

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,15,37,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 33

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 34

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 31,17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 35

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,17,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 36

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,42,45,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 37

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,87,32,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ

Under Print
Not for Legal/Official use

ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 38

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 39

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,12,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਛਪਾਈ ਅਤੇ ਲੇਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 40

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 41

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 42

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Under Print
Not for Legal/Official use

**ਮਾਨਯੋਗ ਸਪੀਕਰ:** ਜਿਹੜਾ ਮਾਨਯੋਗ ਮੈਂਬਰ ਜਿਸ ਮੰਗ ਤੇ ਵੀ ਬੋਲਣਾ ਚਾਹੁੰਦਾ ਹੋਵੇ, ਉਸ ਮੰਗ ਦਾ ਜ਼ਿਕਰ ਜ਼ਰੂਰ ਕਰ ਦੇਵੇ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ 1 ਤੋਂ 42, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਜੋ 35 ਸੌ 67 ਕਰੋੜ 43 ਲੱਖ ਅਤੇ 12 ਹਜ਼ਾਰ ਤੋਂ ਵੱਧ ਨਾ ਹੋਣ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਅਨੁਪੂਰਕ ਮੰਗਾਂ ਲਈ ਗਰਾਂਟਾਂ ਇੱਕਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾ: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,16,57,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,63,13,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,000 ਰੁਪਏ ਤੋਂ ਵੱਧ ਨਾ ਹੋਵੇ,31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4.**

Under Print
Not for Legal/Official use

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,83,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਨਿਕ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 103,65,68,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,65,75,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,98,83,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9.**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,60,03,61,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Under Print
Not for Legal/Official use

**ਮੰਗ ਨੰ: 10.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,26,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,30,24,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 36,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,10,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,05,18,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 29,72,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 80,72,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 96,93,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ

Under Print
Not for Legal/Official use

ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,73,82,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,50,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,40,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,06,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,66,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 20.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,03,47,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21.**

Under Print
Not for Legal/Official use

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,36,73,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,38,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,48,69,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,01,52,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,99,46,26,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 26.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,28,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ

Under Print
Not for Legal/Official use

ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 27.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14,20,80,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11,59,44,000 ਰੁਪਏ ਅਤੇ ਪੂੰਜੀਗਤ ਲੇਖੇ ਤੇ 19,92,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,27,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 31.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 75,81,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 32.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,15,37,99,000 ਰੁਪਏ ਤੋਂ

Under Print
Not for Legal/Official use

ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 33.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 34.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 31,17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 35.**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,17,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 36.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,42,45,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 37.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,87,32,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 38.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ

Under Print
Not for Legal/Official use

ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 39.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,12,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਛਪਾਈ ਅਤੇ ਲੇਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 40.**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 41.**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 42**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

(ਇਸ ਸਮੇਂ ਸਰਦਾਰ ਪਿਰਮਲ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸ਼੍ਰੀ ਕਰਤਾਰਪੁਰ ਸਾਹਿਬ

Under Print
Not for Legal/Official use

ਦੇ ਦਰਸ਼ਨ ਕਰਕੇ ਪਰਤੇ ਪਿੰਡ ਡੇਅਰੀਵਾਲ ਦੇ ਸ਼ਰਧਾਲੂਆਂ ਦੀ ਥਾਣਾ ਧਾਰੀਵਾਲ ਦੀ ਪੁਲਿਸ ਵੱਲੋਂ ਕੀਤੀ ਜਾ ਰਹੀ ਬੇਲੋੜੀ ਪੁੱਛ-ਪੜਤਾਲ ਦੇ ਮੁੱਦੇ ਤੇ ਸਬੰਧਤ ਮੰਤਰੀ ਵੱਲੋਂ ਕੋਈ ਬਿਆਨ ਨਾ ਦਿੱਤੇ ਜਾਣ ਦੇ ਰੋਸ ਵੱਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ: **** ਨਾਅਰੇ ਰਿਕਾਰਡ ਨਾ ਕੀਤੇ ਜਾਣ।

## (iv) THE PUNJAB APPROPRIATION BILL, 2020

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2020 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ ਬਿਲ, 2020 ਪੇਸ਼ ਕਰਦਾ ਹਾਂ।ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

---

** Not recorded as ordered by the Chair.

Under Print
Not for Legal/Official use

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

---------

**WALK OUT**

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸ਼੍ਰੀ ਕੰਵਰ ਸੰਧੂ, ਸ਼੍ਰੀ ਅਮਨ ਅਰੋੜਾ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੂੰ ਛੱਡ ਕੇ ਸ੍ਰੀ ਕਰਤਾਰਪੁਰ ਸਾਹਿਬ ਤੋਂ ਵਾਪਿਸ ਆਏ ਸ਼ਰਧਾਲੂਆਂ ਦੀ ਪੁਲਿਸ ਵੱਲੋਂ ਪੁੱਛ-ਪੜਤਾਲ ਕਰਨ ਦੇ ਮਾਮਲੇ ਤੇ ਰੋਸ ਵਜੋਂ ਅਤੇ ਡੀ.ਜੀ.ਪੀ. ਪੰਜਾਬ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

---------

**THE PUNJAB APPROPRIATION BILL, 2020 *(RESUMPTION)***

**ਸ਼ਡਿਊਲ**

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1**

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

ਮਾਨਯੋਗ ਸਪੀਕਰ : ਪ੍ਰਸ਼ਨ ਹੈ -

---

** Expunged as ordered by the Chair.

Under Print
Not for Legal/Official use

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿੱਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ ਬਿੱਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ ਬਿੱਲ, 2020 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---------

**ਮਾਨਯੋਗ ਸਪੀਕਰ**: ਮਤੇ, ਸ਼੍ਰੀ ਅਮਨ ਅਰੋੜਾ। ਇੱਕ ਮਿੰਟ ਅਮਨ ਜੀ, ਤੁਹਾਡੇ ਬੋਲਣ ਤੋਂ ਪਹਿਲਾਂ ਮੈਂ ਤੁਹਾਡੇ ਕੱਲ੍ਹ ਦੇ ਇੱਕ ਮਸਲੇ ਦਾ ਜਵਾਬ ਦੇਣਾ ਹੈ, ਮੈਂ ਇੱਕ ਰੂਲਿੰਗ ਦੇਣੀ ਹੈ। ਉਹ ਸੁਣ ਲਉ। ਬੈਠ ਕੇ ਸੁਣ ਲਉ।

**RULING BY THE SPEAKER**

**ਮਾਨਯੋਗ ਸਪੀਕਰ** : ਕੱਲ੍ਹ ਮਿਤੀ 26, ਫਰਵਰੀ, 2020 ਨੂੰ ਸ਼੍ਰੀ ਅਮਨ ਅਰੋੜਾ ਨੇ ਉਨ੍ਹਾਂ ਦਾ ਪ੍ਰਾਈਵੇਟ ਮੈਂਬਰ ਬਿੱਲ ਰਿਜੈਕਟ ਹੋਣ ਬਾਰੇ ਮਸਲਾ ਉਠਾਇਆ ਸੀ ਅਤੇ ਕਿਹਾ ਸੀ ਕਿ ਇਹ ਸੈਕਸ਼ਨ 115 ਦੇ ਤਹਿਤ ਗਲਤ ਰਿਜੈਕਟ ਕੀਤਾ ਗਿਆ ਅਤੇ ਸੈਕਸ਼ਨ 115 ਇਹ ਕਹਿੰਦਾ ਹੈ ਕਿ 15 ਦਿਨ ਪਹਿਲਾਂ ਬਿੱਲ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਅੱਜ 15 ਦਿਨ ਪੂਰੇ ਹੋ ਗਏ ਹਨ ਅਤੇ ਕੱਲ੍ਹ ਨੂੰ ਸੋਲਵਾਂ ਦਿਨ ਹੈ। ਇਹ ਤੁਸੀਂ ਕਿਹਾ ਸੀ ਕੱਲ੍ਹ।

ਇਸ ਸਬੰਧੀ ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਬਿੱਲ ਪੇਸ਼ ਕਰਨ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦਾ ਨਿਯਮ 115 ਇਸ ਤਰ੍ਹਾਂ ਹੈ: –

"115. Any member desiring to move for leave to introduce a Bill, shall give fifteen days' notice of his intention, and shall, together with his

notice, submit a copy of the Bill and a full Statement of Objects and Reasons :"

ਇਸ ਤੋਂ ਇਲਾਵਾ ਜੇਕਰ ਕਿਸੇ ਬਿੱਲ ਵਿੱਚ ਵਿੱਤ ਸਬੰਧੀ ਧਾਰਾ ਸ਼ਾਮਲ ਹੋਵੇ ਤਾਂ ਇਸ ਸਬੰਧੀ ਰੂਲ 116(1) ਵਿੱਚ ਇਸ ਤਰ੍ਹਾਂ ਹੈ।

"116. (1) If the Bill or amendment given notice of by a private member is a Bill or amendment which, under the Constitution, cannot be introduced without the previous sanction of the President or recommendation of the Governor, the member shall annex to his notice, a copy of such sanction or recommendation, as the case may be, and the notice shall not be valid until this requirement is complied with."

ਜੋ ਕੱਲ੍ਹ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਵੱਲੋਂ ਸਦਨ ਵਿੱਚ ਮੁੱਦਾ ਚੁੱਕਿਆ ਗਿਆ ਹੈ ਅਤੇ ਇਸ ਮੁੱਦੇ ਤੇ ਇਨ੍ਹਾਂ ਦੀ ਪਾਰਟੀ ਵੱਲੋਂ ਵਾਕ ਆਊਟ ਕੀਤਾ ਗਿਆ, ਉਸ ਸਬੰਧੀ ਮੈਂ ਸਥਿਤੀ ਸਪੱਸ਼ਟ ਕਰ ਦੇਣਾ ਉਚਿਤ ਸਮਝਦਾ ਹਾਂ ਕਿ ਸਬੰਧਿਤ ਮੈਂਬਰ ਵੱਲੋਂ ਮੈਨੂੰ 19 ਫਰਵਰੀ, 2020 ਨੂੰ ਤਿੰਨ ਪ੍ਰਾਈਵੇਟ ਮੈਂਬਰਜ਼ ਬਿੱਲ ਦਿੱਤੇ ਗਏ ਸਨ ਅਤੇ ਨਿਯਮ 115 ਅਧੀਨ ਲੋੜੀਂਦੀ 15 ਦਿਨ ਦੀ ਸ਼ਰਤ ਮਿਤੀ 5 ਮਾਰਚ, 2020 ਨੂੰ ਪੂਰੀ ਹੁੰਦੀ ਹੈ।

ਸ਼੍ਰੀ ਅਮਨ ਅਰੋੜਾ ਵੱਲੋਂ ਦਿੱਤੇ ਗਏ Punjab State Liquor Corporation Bill ਵਿੱਚ ਵਿੱਤੀ ਮੈਮੋਰੰਡਮ ਇਨ੍ਹਾਂ ਵੱਲੋਂ ਹੀ ਨਾਲ ਨੱਥੀ ਕੀਤਾ ਗਿਆ ਹੈ, ਜਿਸ ਵਿੱਚ 100 ਕਰੋੜ ਰੁਪਏ ਦੇ ਕਾਰਪਸ ਫੰਡ ਦਾ ਜ਼ਿਕਰ ਹੈ। ਇਸ ਲਈ ਉਪਰੋਕਤ ਦੱਸੇ ਰੂਲ 116(1) ਅਧੀਨ ਗਵਰਨਰ ਸਾਹਿਬ ਦੀ ਮਨਜ਼ੂਰੀ ਵੀ ਇਸ ਨਾਲ ਲਗਾਉਣੀ ਜ਼ਰੂਰੀ ਸੀ ਜਿਹੜੀ ਕਿ ਸਬੰਧਤ ਮੈਂਬਰ ਵੱਲੋਂ ਨਹੀਂ ਲਗਾਈ ਗਈ। ਮਿਤੀ 19.02.2020 ਨੂੰ ਮੈਂਬਰ ਵੱਲੋਂ ਜਿਹੜਾ ਬਿੱਲ ਦੇ ਨਾਲ ਫਾਰਵਰਡਿੰਗ ਲੈਟਰ ਲਗਾਇਆ ਗਿਆ ਹੈ ਉਸ ਵਿੱਚ ਬਿੱਲ ਦਾ ਨਾਂ Punjab State Liquor Corporation Bill, 2019 ਦਿੱਤਾ ਗਿਆ ਹੈ ਜਦ ਕਿ ਇਸ ਨਾਲ ਅਟੈਚ ਕੀਤੇ ਗਏ ਬਿੱਲ ਤੇ ਨਾਮ Punjab State Liquor Corporation Bill, 2020 ਲਿਖਿਆ ਗਿਆ ਹੈ, ਜਿਹੜਾ ਆਪਣੇ ਆਪ ਵਿੱਚ contradictory ਹੈ। ਇਸ ਤਰ੍ਹਾਂ ਇਨ੍ਹਾਂ ਵੱਲੋਂ ਆਪਣੇ ਬਿੱਲ ਨੂੰ ਰਿਜੈਕਟ ਕਰਨ ਸਬੰਧੀ ਜੋ ਕੱਲ੍ਹ ਸਦਨ ਵਿੱਚ ਗਲਤ ਬਿਆਨਬਾਜ਼ੀ ਕੀਤੀ ਗਈ ਹੈ, ਉਹ ਨਿੰਦਣਯੋਗ ਹੈ।

ਦੂਸਰਾ, ਸ਼੍ਰੀ ਅਮਨ ਅਰੋੜਾ ਵੱਲੋਂ ਸਰਕਾਰੀ ਬਿੱਲਾਂ ਬਾਰੇ ਜੋ ਕਿਹਾ ਗਿਆ ਹੈ, ਇਸ ਸਬੰਧ ਵਿੱਚ ਵੀ ਮੈਂ ਦੱਸਣਾ ਉਚਿਤ ਸਮਝਦਾ ਹਾਂ ਕਿ ਸਰਕਾਰ ਵੱਲੋਂ ਪ੍ਰਾਪਤ ਬਿੱਲਾਂ ਨੂੰ ਉਸ ਸਮੇਂ ਹੀ ਸਵੀਕਾਰ ਕੀਤਾ ਜਾਂਦਾ ਹੈ, ਜਦੋਂ ਉਨ੍ਹਾਂ ਨਾਲ ਨਿਯਮਾਂ ਅਨੁਸਾਰ ਜ਼ਰੂਰੀ ਕਾਗਜ਼-ਪੱਤਰ ਅਟੈਚ ਹੁੰਦੇ ਹਨ।

ਸ਼੍ਰੀ ਅਮਨ ਅਰੋੜਾ ਜੀ ਵੱਲੋਂ ਕੱਲ੍ਹ ਜੋ ਸਦਨ ਵਿੱਚ ਬੋਲਿਆ ਗਿਆ ਹੈ ਇਹ ਤੱਥਾਂ ਤੇ ਆਧਾਰਤ ਨਹੀਂ ਹੈ ਅਤੇ ਇਨ੍ਹਾਂ ਵੱਲੋਂ ਗਲਤ ਬਿਆਨੀ ਕਰਕੇ ਚੇਅਰ ਤੇ ਉਂਗਲ ਉਠਾਈ ਗਈ ਹੈ ਅਤੇ ਸਦਨ ਨੂੰ ਗੁੰਮਰਾਹ ਕੀਤਾ ਗਿਆ ਹੈ। ਇਨ੍ਹਾਂ ਵੱਲੋਂ ਆਪਣੇ ਦਿੱਤੇ ਗਏ ਤੱਥਾਂ ਨੂੰ ਹੀ ਸਦਨ ਵਿੱਚ ਗਲਤ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਸਦਨ ਵਿੱਚ ਗਲਤ ਤੱਥ ਪੇਸ਼ ਕਰਨੇ ਮੈਂਬਰ ਨੂੰ ਸ਼ੋਭਾ ਨਹੀਂ ਦਿੰਦੇ। ਮੈਂਬਰ ਨੂੰ ਸਦਨ ਦੇ ਨਿਯਮਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਜੇਕਰ ਮੈਂਬਰ ਨੂੰ ਖੁਦ ਹੀ ਨਿਯਮਾਂ ਦਾ ਗਿਆਨ ਨਹੀਂ ਹੈ ਤਾਂ ਉਹ ਲਾਅਮੇਕਰ ਹੋਣ ਦੀ ਸਹੀ ਭੂਮਿਕਾ ਨਹੀਂ ਨਿਭਾ ਸਕਦਾ। ਸਦਨ ਵਿੱਚ ਇਸ ਤਰ੍ਹਾਂ ਦੀ ਗਲਤ ਬਿਆਨੀ ਅਤੇ ਗੁੰਮਰਾਹਕੁੰਨ ਬਿਆਨ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਵਿਸ਼ਾ ਬਣਦਾ ਹੈ। ਮੈਂਬਰ ਦੇ ਹਿੱਤ ਵਿੱਚ ਸਲਾਹ ਦਿੱਤੀ ਜਾਂਦੀ ਹੈ ਕਿ ਅੱਗੇ ਤੋਂ ਸਹੀ ਤੱਥਾਂ ਦੇ ਆਧਾਰ ਤੇ ਅਤੇ ਨਿਯਮਾਂ ਦਾ ਗਿਆਨ ਲੈ ਕੇ ਸਦਨ ਵਿੱਚ ਆਪਣੀ ਗੱਲ ਕੀਤੀ ਜਾਵੇ ਤਾਂ ਕਿ ਸਦਨ ਦਾ ਮਹੱਤਵਪੂਰਨ ਅਤੇ ਕੀਮਤੀ ਸਮਾਂ ਬਰਬਾਦ ਨਾ ਹੋਵੇ। ਅਮਨ ਅਰੋੜਾ ਜੀ, ਹੁਣ ਬੋਲੋ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਬਹੁਤ-ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਜੋ ਤੁਸੀਂ ਕਿਹਾ, ਤੁਹਾਡਾ ਹੁਕਮ ਸਿਰ ਮੱਥੇ ਹੈ ਪਰ ਇਸ ਵਿੱਚ ਮੈਂ ਇੱਕ-ਦੋ ਚੀਜ਼ਾਂ ਜ਼ਰੂਰ ਕਲੀਅਰ ਕਰਨੀਆਂ ਚਾਹਾਂਗਾ।

**Mr. Speaker**: It is based on facts. It is based on facts.

**Shri Aman Arora**: That is absolutely right. ਐਕਚੁਲੀ ਇੱਕ-ਦੋ ਚੀਜ਼ਾਂ ਹਨ। ਪਹਿਲੀ ਗੱਲ ਮੈਂ ਇਹ ਬਿੱਲ 12 ਤਰੀਕ ਨੂੰ ਦਿੱਤਾ ਸੀ।

**ਮਾਨਯੋਗ ਸਪੀਕਰ:** ਹੁਣ ਤੁਸੀਂ ਮਤੇ ਤੇ ਆ ਜਾਓ। ਇਹ ਰੂਲਿੰਗ ਹੈ। It is a ruling, which is not debatable.

**Shri Aman Arora**: Sir, I agree, I agree.

**ਮਾਨਯੋਗ ਸਪੀਕਰ:** ਤੁਸੀਂ ਮੈਨੂੰ 19 ਤਰੀਕ ਨੂੰ ਮਿਲ ਕੇ ਇਹ ਆਪ ਦੇ ਕੇ ਗਏ ਹੋ।

**ਸ਼੍ਰੀ ਅਮਨ ਅਰੋੜਾ:** ਸਰ, ਮੈਂ 19 ਤਰੀਕ ਨੂੰ ਨਹੀਂ ਦਿੱਤਾ ਹੈ ਜੀ।

**ਮਾਨਯੋਗ ਸਪੀਕਰ:** ਤੁਸੀਂ 19 ਤਰੀਕ ਨੂੰ ਦਿੱਤਾ ਹੈ। ਮੰਨ ਲਓ।

**ਸ਼੍ਰੀ ਅਮਨ ਅਰੋੜਾ:** ਨਹੀਂ ਸਰ। ਸਰ, ਮੈਂ ਤੁਹਾਨੂੰ 12 ਤਰੀਕ ਨੂੰ ਦੇ ਕੇ ਗਿਆ ਹਾਂ।

**ਮਾਨਯੋਗ ਸਪੀਕਰ:** ਨਹੀਂ, ਨਹੀਂ।

(**ਕੁਝ ਆਵਾਜ਼ਾਂ:** ਇਹ ਰੂਲਿੰਗ ਹੈ।)

**ਸ਼੍ਰੀ ਅਮਨ ਅਰੋੜਾ:** ਅੱਛਾ, ਇੱਕ ਸੈਕਿੰਡ, ਇੱਕ ਸੈਕਿੰਡ। ਬ੍ਰਦਰ, ਇੱਕ ਸੈਕਿੰਡ। (ਵਿਘਨ...) ਵੀਰ ਮੇਰੇ ਮੈਨੂੰ ਗੱਲ ਕਰ ਲੈਣ ਦਿਓ। ਸਰ, ਦੂਜੀ ਗੱਲ ਇਹ ਹੈ ਕਿ ਜਿੱਥੇ ਫਾਈਨਾਂਸ਼ੀਅਲ ਮੈਟਰ ਇਨਵਾਲਵ ਹੋ

Under Print
Not for Legal/Official use

ਜਾਂਦਾ ਹੈ, ਉਹ ਫਾਈਨਾਂਸ਼ੀਅਲ ਬਿੱਲ ਬਣ ਜਾਂਦਾ ਹੈ। ਮੈਂ ਇੱਕ ਵਾਰੀ ਪਹਿਲਾ ਐਮ.ਐਲ.ਏ. ਲੈਡ ਬਿਲ ਤੇ ਦਿੱਤਾ ਸੀ ਤੇ ਦੂਜਾ ਜਿਹੜੀ 100 ਕਰੋੜ ਦੀ ਇਸ ਵਿੱਚ ਪ੍ਰੋਵੀਜ਼ਨ ਕੀਤੀ ਹੈ ਉਸ ਵਾਸਤੇ ਇਹ ਦੋਨੋਂ ਫਾਈਨਾਂਸ਼ੀਅਲ ਬਿੱਲ ਬਣਦੇ ਹਨ।

**ਮਾਨਯੋਗ ਸਪੀਕਰ:** ਤੁਸੀਂ ਹੁਣ ਮਤੇ ਤੇ ਆ ਜਾਓ। ਮਤੇ ਤੇ ਆ ਜਾਓ।

**ਸ਼੍ਰੀ ਅਮਨ ਅਰੋੜਾ:** ਸਰ, ਮੈਨੂੰ ਤਾਂ ਬੋਲ ਲੈਣ ਦਿਓ।

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਮਤੇ ਤੇ ਆ ਜਾਓ। ਤੁਸੀਂ ਮੈਨੂੰ ਕਿੰਨੀ ਤਰੀਕ ਨੂੰ ਬਿੱਲ ਦੇ ਕੇ ਗਏ ਸੀ?

**ਸ਼੍ਰੀ ਅਮਨ ਅਰੋੜਾ:** ਸਰ, ਮੈਂ 12 ਤਰੀਕ ਨੂੰ ਦੇ ਕੇ ਗਿਆ ਸੀ।

**ਮਾਨਯੋਗ ਸਪੀਕਰ:** ਤੁਸੀਂ 12 ਤਰੀਕ ਨੂੰ ਦੇ ਗਏ ਸੀ? ਇਹ ਮੇਰੇ ਕੋਲ ਤੁਹਾਡੀ ਆਪਣੀ ਪਾਈ ਹੋਈ 17 ਤਰੀਕ ਹੈ। ਤੁਸੀਂ ਅੱਜ ਵੀ ਸਦਨ ਨੂੰ ਗੁੰਮਰਾਹ ਕਰ ਰਹੇ ਹੋ। ਇਹ ਬਿੱਲ ਤੇ 17 ਤਰੀਕ ਲਿਖੀ ਹੈ, ਤੁਹਾਡੇ ਹੱਥ ਦੀ ਲਿਖੀ ਹੋਈ ਚਿੱਠੀ ਹੈ। ਇਸ ਦੇ ਉਤੇ 17 ਤਰੀਕ ਹੈ।

**ਸ਼੍ਰੀ ਅਮਨ ਅਰੋੜਾ:** ਸਰ, ਫਿਰ ਇਹ ਕਲੈਰੀਕਲ ਮਿਸਟੇਕ ਹੈ।

**ਮਾਨਯੋਗ ਸਪੀਕਰ:** ਇਹ ਤੁਹਾਡੀ ਕਲੈਰੀਕਲ ਮਿਸਟੇਕ ਹੈ, ਮੇਰੀ ਨਹੀਂ ਹੈ। ਇਸ ਤੇ ਕੋਈ ਕਟਿੰਗ ਨਹੀਂ ਹੈ। ਪਹਿਲੀ ਗੱਲ ਸੁਣੋ, ਪਹਿਲੀ ਗੱਲ ਸੁਣੋ, ਇਸ ਤੇ ਕੋਈ ਕਟਿੰਗ ਨਹੀਂ ਹੈ। ਇਹ ਕੋਈ ਦੁਬਾਰਾ ਨਹੀਂ ਹੋਇਆ। ਤੁਹਾਡੇ ਦਸਤਖਤ ਹਨ, ਤੁਹਾਡੀ ਹੀ ਡੇਟ ਪਾਈ ਹੋਈ ਹੈ। Again you are misleading the House.

**Shri Aman Arora**: No, sir, I am not misleading.

**Mr. Speaker**: And ruling is not challengeable. ਤੁਸੀਂ ਹੁਣ ਮਤੇ ਤੇ ਬੋਲੋ... ਮਤੇ ਤੇ ਬੋਲੋ। I have full facts with me.

**ਸ਼੍ਰੀ ਅਮਨ ਅਰੋੜਾ:** ਸਰ, ਜਿਹੜਾ ਫਾਈਨਾਂਸ਼ੀਅਲ ਬਿੱਲ ਵਿਧਾਨ ਸਭਾ ਵਿੱਚ ਦੇਣਾ ਹੁੰਦਾ ਹੈ.....

**Mr. Speaker**: I have full facts with me. 17 ਤਰੀਕ ਤੁਹਾਡੀ ਆਪਣੀ ਲਿਖੀ ਹੋਈ ਹੈ।

**Shri Aman Arora**: I will come over to you and we will discuss the facts.

**Mr. Speaker**: Most welcome, most welcome.

**ਸ਼੍ਰੀ ਅਮਨ ਅਰੋੜਾ:** ਹੁਣ ਸਰ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਬਹੁਤ ਹੀ ਇੰਪਾਰਟੈਂਟ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ:** ਪਹਿਲਾਂ ਮਤਾ ਪੇਸ਼ ਕਰੋ।

**ਸ਼੍ਰੀ ਅਮਨ ਅਰੋੜਾ:** ਸਰ, ਅਜੇ ਤੱਕ ਮੇਰੇ ਕੋਲ ਆਇਆ ਨਹੀਂ ਹੈ।

**ਮਾਨਯੋਗ ਸਪੀਕਰ:** ਤੁਹਾਡਾ ਮਤਾ ਤਾਂ ਤੁਹਾਡੇ ਕੋਲ ਹੁੰਦਾ ਹੈ ਜੀ, ਮੇਰੇ ਕੋਲ ਨਹੀਂ। ਲਿਸਟ ਆਫ ਬਿਜ਼ਨਸ ਵਿੱਚ ਤੁਹਾਨੂੰ ਦਿੱਤਾ ਹੋਇਆ ਹੈ, ਲਿਸਟ ਆਫ ਬਿਜ਼ਨਸ ਦੇਖੋ।

Under Print
Not for Legal/Official use

---------

**RESOLUTION REG. RECOMMENDATION TO THE STATE GOVERNMENT TO TACKLE THE PROBLEM OF STRAY CATTLE IN THE STATE**

**ਸ਼੍ਰੀ ਅਮਨ ਅਰੋੜਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਦਿਨ ਪ੍ਰਤੀ ਦਿਨ ਵਿਕਰਾਲ ਹੁੰਦੀ ਜਾ ਰਹੀ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਮਕਸਦ ਨਾਲ ਦੇਸੀ ਨਸਲ ਦੀਆਂ ਗਾਵਾਂ ਦੀ ਗਊਸ਼ਾਲਾਵਾਂ ਵਿੱਚ ਸੰਭਾਲ ਕੀਤੀ ਜਾਵੇ ਅਤੇ ਅਮਰੀਕੀ/ ਐਚ.ਐਫ. ਨਸਲ ਦੇ ਢੱਠਿਆਂ ਨੂੰ ਬੁੱਚੜਖਾਨੇ ਭੇਜਿਆ ਜਾਵੇ ਤਾਂ ਜੋ ਲੋਕਾਂ ਦੀ ਜਾਨ ਮਾਲ ਅਤੇ ਫਸਲਾਂ ਦੀ ਰੱਖਿਆ ਹੋ ਸਕੇ ਅਤੇ ਇਹ ਅਵਾਰਾ ਪਸ਼ੂ ਵੀ ਗੰਦਗੀ ਦੇ ਢੇਰਾਂ ਤੋਂ ਪਲਾਸਟਿਕ ਖਾ-ਖਾ ਕੇ ਰੋਜ਼ ਰੋਜ਼ ਮਰਨ ਨਾਲੋਂ ਇੱਕੋ ਵਾਰੀ ਛੁਟਕਾਰਾ ਪਾ ਸਥਦ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ-

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਦਿਨ ਪ੍ਰਤੀ ਦਿਨ ਵਿਕਰਾਲ ਹੁੰਦੀ ਜਾ ਰਹੀ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਮਕਸਦ ਨਾਲ ਦੇਸੀ ਨਸਲ ਦੀਆਂ ਗਾਵਾਂ ਦੀ ਗਊਸ਼ਾਲਾਵਾਂ ਵਿੱਚ ਸੰਭਾਲ ਕੀਤੀ ਜਾਵੇ ਅਤੇ ਅਮਰੀਕੀ/ ਐਚ.ਐਫ. ਨਸਲ ਦੇ ਢੱਠਿਆਂ ਨੂੰ ਬੁੱਚੜਖਾਨੇ ਭੇਜਿਆ ਜਾਵੇ ਤਾਂ ਜੋ ਲੋਕਾਂ ਦੀ ਜਾਨ ਮਾਲ ਅਤੇ ਫਸਲਾਂ ਦੀ ਰੱਖਿਆ ਹੋ ਸਕੇ ਅਤੇ ਇਹ ਅਵਾਰਾ ਪਸ਼ੂ ਵੀ ਗੰਦਗੀ ਦੇ ਢੇਰਾਂ ਤੋਂ ਪਲਾਸਟਿਕ ਖਾ-ਖਾ ਕੇ ਰੋਜ਼ ਰੋਜ਼ ਮਰਨ ਨਾਲੋਂ ਇੱਕੋ ਵਾਰੀ ਛੁਟਕਾਰਾ ਪਾ ਸਕਣ।"

**ਸ਼੍ਰੀ ਅਮਨ ਅਰੋੜਾ (ਸੁਨਾਮ):** ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਇੱਕ ਬਹੁਤ ਹੀ ਇੰਪਾਰਟੈਂਟ ਇਸ਼ੂ ਦੇ ਉੱਪਰ ਅੱਜ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਇਸ ਮੁੱਦੇ ਦੀ ਇੰਨੀ ਇੰਪਾਰਟੈਂਸ ਬਣੀ ਹੋਈ ਹੈ ਕਿ ਆਨਰੇਬਲ ਸੀ.ਐਮ. ਸਾਹਿਬ ਨੇ ਵੀ ਕੱਲ੍ਹ ਆਪਣੇ ਗਵਰਨਰ ਐਡਰੈਸ ਵਿੱਚ ਅਤੇ ਮੇਰੇ ਛੋਟੇ ਵੀਰ ਗੋਲਡੀ ਜੀ ਨੇ ਵੀ ਅਤੇ ਅੱਜ ਐਮ.ਐਲ.ਏ. ਸਾਹਿਬਾਨ ਨੇ ਵੀ ਕਿਹਾ ਹੈ ਕਿ ਅਵਾਰਾ ਪਸ਼ੂਆਂ ਦੀ ਸਮੱਸਿਆ ਦਿਨ ਪ੍ਰਤੀ ਦਿਨ ਬਹੁਤ ਜ਼ਿਆਦਾ ਗੰਭੀਰ ਹੁੰਦੀ ਜਾ ਰਹੀ ਹੈ। ਸਰ, ਇਸ ਦੇ ਦੋ-ਤਿੰਨ ਕਾਰਨ ਹਨ, please let me explain ਕਿਉਂਕਿ ਇਸ ਵਿੱਚ ਬਹੁਤ ਲੰਮੇ-ਚੌੜੇ ਫੈਕਟਸ ਹਨ।

**ਮਾਨਯੋਗ ਸਪੀਕਰ:** ਖੁੱਲ੍ਹ ਕੇ ਬੋਲੋ, ਮਤਾ ਲਗਾਇਆ ਹੈ, ਇਸੇ ਕਰਕੇ ਲਗਾਇਆ ਹੈ।

**ਸ਼੍ਰੀ ਅਮਨ ਅਰੋੜਾ:** ਮਿਹਰਬਾਨੀ, ਬਹੁਤ-ਬਹੁਤ ਧੰਨਵਾਦ ਜੀ। ਸਰ, ਐਕਚੁਲੀ ਹੋਇਆ ਕੀ ਸੀ ਕਿ ਜਦੋਂ 1968 ਵਿੱਚ ਮੁਰੱਬਾਬੰਦੀ ਹੋਈ ਹੈ ਉਦੋਂ ਪੂਰੇ ਮੁਲਕ ਵਿੱਚ 3,32,50,000 ਏਕੜ ਜ਼ਮੀਨ ਸਿਰਫ ਗਊ

ਚਰਾਂਦਾਂ ਵਾਸਤੇ ਅਤੇ ਗਊਆਂ ਦੀ ਸਾਂਭ-ਸੰਭਾਲ ਵਾਸਤੇ ਰੱਖੀ ਗਈ ਸੀ ਪਰ ਅਨਫਾਰਚੂਨੇਟਲੀ ਜਿਵੇਂ ਆਪਣਾ ਸਿਸਟਮ ਬਣਿਆ ਹੋਇਆ ਹੈ ਹੌਲੀ-ਹੌਲੀ ਰਸੂਖਦਾਰ ਲੋਕ ਇਸ ਜ਼ਮੀਨ ਤੇ ਕਬਜ਼ਾ ਕਰਦੇ ਰਹੇ। ਝਾਰਖੰਡ ਸਰਕਾਰ ਦੇ ਇੱਕ ਕੇਸ ਵਿੱਚ ਸਾਲ, 2011 ਵਿੱਚ ਸੁਪਰੀਮ ਕੋਰਟ ਦਾ ਆਰਡਰ ਵੀ ਹੈ ਕਿ ਜਿਹੜੀਆਂ ਗਊ-ਚਰਾਂਦਾ ਦੀਆਂ ਜਗ੍ਹਾ ਹਨ ਉਨ੍ਹਾਂ ਦਾ ਟਾਈਟਲ ਚੇਂਜ ਨਹੀਂ ਹੋ ਸਕਦਾ ਪਰ ਫਿਰ ਵੀ ਅਜਿਹਾ ਚੱਲਦਾ ਰਿਹਾ। ਅੱਜ ਇਹ ਸਮੱਸਿਆ ਬਣੀ ਹੋਈ ਹੈ ਕਿ ਦੇਸੀ ਗਊਆਂ ਘੱਟ ਹਨ ਅਤੇ ਅਮਰੀਕੀ ਨਸਲ ਦੇ ਢੱਠੇ-ਗਾਵਾਂ ਜ਼ਿਆਦਾ ਹਨ। ਸਰ, ਇਹ ਰੇਸ਼ੋ ਉਦੋਂ ਵਧੀ ਜਦੋਂ ਮੁਲਕ ਦੇ ਵਿੱਚ ਵਾਈਟ ਰੈਵੋਲਿਊਸ਼ਨ ਆਇਆ। ਇਨ੍ਹਾਂ ਦੀ ਮਿਲਕ ਯੀਲਡ ਵੱਧ ਹੋਣ ਕਰਕੇ ਇਹ ਸਾਡੇ ਦੇਸ਼ ਵਿੱਚ ਆਉਣੇ ਸ਼ੁਰੂ ਹੋਏ। ਅੱਜ ਹਾਲਾਤ ਕੀ ਬਣੇ ਪਏ ਹਨ? ਪਿਛਲੇ ਦਿਨੀਂ ਇੱਕ ਡਾਕਟਰ ਰਾਵਲ ਦੀ ਰਿਪੋਰਟ ਆਈ ਹੈ ਜੋ ਕਿ ਐਗਰੀਕਲਚਰ ਐਕਸਪਰਟ ਹਨ। ਉਨ੍ਹਾਂ ਨੇ ਕਿਹਾ ਹੈ ਕਿ ਆਉਣ ਵਾਲੇ 7 ਸਾਲਾਂ ਵਿੱਚ ਹਿੰਦੁਸਤਾਨ ਦੀਆਂ ਸੜਕਾਂ ਉੱਪਰ 28 ਕਰੋੜ ਅਵਾਰਾ ਪਸ਼ੂ ਹੋ ਜਾਣਗੇ, ਜਿਨ੍ਹਾਂ ਨੂੰ ਸੰਭਾਲਣ ਲਈ ਹਰ ਸਾਲ 5 ਲੱਖ 40 ਹਜ਼ਾਰ ਕਰੋੜ ਦਾ ਬਜਟ ਚਾਹੀਦਾ ਹੋਵੇਗਾ। ਸਰ, ਅੱਜ ਆਪਣੇ ਮੁਲਕ ਦਾ ਰੱਖਿਆ ਬਜਟ ਮਹਿਜ਼ 3 ਲੱਖ ਕਰੋੜ ਹੈ। ਹੁਣ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਜਿੱਥੇ ਆਪਾਂ ਵਰਲਡ ਕਲਾਸ ਇਕਾਨਮੀ ਬਣਨ ਦੀ ਗੱਲ ਕਰਦੇ ਹਾਂ, ਉੱਥੇ ਅਵਾਰਾ ਪਸ਼ੂਆਂ ਨੂੰ ਸਾਂਭਣ ਲਈ ਇੰਨਾ ਪੈਸਾ ਬਰਬਾਦ ਕਰਾਂਗੇ ਤਾਂ ਆਪਾਂ ਕਿਹੜੇ ਪਾਸੇ ਨੂੰ ਜਾਵਾਂਗੇ? ਸਰ, ਪੰਜਾਬ ਦੀ ਗੱਲ ਕਰ ਲਈਏ ਤਾਂ ਪੰਜਾਬ ਵਿੱਚ ਇਸ ਟਾਈਮ ਤਕਰੀਬਨ ਢਾਈ ਲੱਖ ਅਵਾਰਾ ਪਸ਼ੂ ਸੜਕਾਂ ਉੱਪਰ ਘੁੰਮ ਰਿਹਾ ਹੈ, ਜਿਸ ਦੀ ਵਜ੍ਹਾ ਕਰਕੇ ਹਰ ਸਾਲ ਤਕਰੀਬਨ 150 ਮੌਤਾਂ ਐਕਸੀਡੈਂਟਸ ਔਰ ਅਵਾਰਾ ਪਸ਼ੂਆਂ ਦੇ ਭਿੜਨ ਕਰਕੇ ਹੋ ਜਾਂਦੀਆਂ ਹਨ ਅਤੇ ਹਰ ਸਾਲ ਤਕਰੀਬਨ 200 ਕਰੋੜ ਦਾ ਫਸਲਾਂ ਅਤੇ ਪ੍ਰਾਪਰਟੀ ਦਾ ਨੁਕਸਾਨ ਹੋ ਜਾਂਦਾ ਹੈ। ਸਰਕਾਰ ਵੱਲੋਂ 9 ਆਈਟਮਾਂ ਜਿਵੇਂ ਕਿ ਮੈਰਿਜ ਪੈਲੇਸ ਦੇ ਉੱਪਰ, ਸ਼ਰਾਬ ਦੇ ਉੱਪਰ, ਬਿਜਲੀ ਦੇ ਉੱਪਰ, ਕਾਓ ਸੈੱਸ ਲਗਾਉਣ ਦੇ ਬਾਵਜੂਦ ਵੀ ਇਸ ਸਮੱਸਿਆ ਦਾ ਕੋਈ ਪੁਖਤਾ ਅਤੇ ਪੱਕਾ ਹੱਲ ਨਹੀਂ ਨਿਕਲ ਰਿਹਾ ਹੈ। ਇਹ ਅਸੀਂ ਹਰ ਰੋਜ਼ ਆਪਣੇ ਹਲਕਿਆਂ ਦੇ ਵਿੱਚ, ਇਲਾਕਿਆਂ ਦੇ ਵਿੱਚ ਦੇਖ ਰਹੇ ਹਾਂ।

ਸਰ, ਮੈਂ ਜਿੰਨੀ-ਕੁ ਸਟੱਡੀ ਇਸ ਉੱਤੇ ਕੀਤੀ ਹੈ, ਇਸ ਸਮੱਸਿਆ ਦਾ ਸਾਲਿਊਸ਼ਨ ਇਹ ਹੈ ਕਿ ਦੇਸੀ ਗਾਂ ਅਤੇ ਅਮਰੀਕਨ ਨਸਲ ਦੀ ਗਾਂ ਅਤੇ ਢੱਠੇ ਨੂੰ differentiate ਕਰਨਾ ਪਵੇਗਾ। ਸਾਡੇ ਆਪਣੇ ਹਿੰਦੂ ਧਰਮ ਦੇ ਵਿੱਚ ਕਿਹਾ ਜਾਂਦਾ ਸੀ ਕਿ "ਧੰਨ ਗਊ ਦਾ ਜਾਇਆ ਜਿਸ ਨੇ ਸਾਰਾ ਜੱਗ ਵਸਾਇਆ।" ਅਜਿਹਾ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਦੇਸੀ ਗਾਂ ਦੁੱਧ ਦਿੰਦੀ ਸੀ, ਉਸ ਦੇ ਨਾਲ ਘਰ ਦੇ ਬੱਚੇ ਅਤੇ ਪਰਿਵਾਰ ਪਾਲਦਾ ਸੀ ਅਤੇ ਬਲਦ ਖੇਤ ਦੇ ਵਿੱਚ ਕਿਸਾਨ ਦੇ ਪੁੱਤ ਵਾਂਗ ਕੰਮ ਕਰਦਾ ਸੀ। ਵਾਈਟ ਰੈਵੋਲਿਊਸ਼ਨ ਤੋਂ ਬਾਅਦ ਅਮਰੀਕਨ ਗਊਆਂ ਦੀ ਆਮਦ ਹੋਈ ਪਰ they are poles apart, ਦੋਹਾਂ ਨਸਲਾਂ ਦਾ ਆਪਸ ਵਿੱਚ ਕੋਈ ਲਿੰਕ ਹੀ ਨਹੀਂ ਹੈ। ਹੁਣ ਮੈਂ ਥੋੜ੍ਹੀ ਜਿਹੀ differentiation ਦੀ ਗੱਲ ਕਰ

ਲਵਾਂ, ਜੇ ਦੇਸੀ ਗਾਂ ਦੀ ਗੱਲ ਕਰਦੇ ਹਾਂ ਤਾਂ Desi cow is called Bos indicus  ਇਸ ਕੈਟਾਗਰੀ ਵਿੱਚ ਟੋਟਲ 37 ਬ੍ਰੀਡਜ਼ ਹਨ, ਜਿਹੜੀਆਂ ਦੇਸੀ ਗਊਆਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਵਿਚ mainly ਸਾਹੀਵਾਲ, ਗਿਰ, ਲਾਲ ਸਿੰਧੀ, ਥਰਪਾਰਕਰ, ਰਾਠੀ, ਇਹ ਟੋਟਲ 37 ਬ੍ਰੀਡਜ਼ ਹਨ। ਸਰ, ਜਦੋਂ ਅਮਰੀਕਨ ਗਊ ਦੀ ਗੱਲ ਕਰਦੇ ਹਾਂ ਤਾਂ ਉਸ ਨੂੰ bos taurus ਕਿਹਾ ਜਾਂਦਾ ਹੈ। ਹੋਲਸਟੀਨ ਫਰੇਜ਼ਨ, ਜਿਸ ਨੂੰ ਆਪਾਂ ਐਚ.ਐਫ. ਕੁਆਲਟੀ ਕਹਿ ਦਿੰਦੇ ਹਾਂ, Jersey, Brown Swiss, Guernsey, Red Dane ਗਊਆਂ ਅਮਰੀਕੀ ਨਸਲ ਵਿੱਚ ਆਉਂਦੀਆਂ ਹਨ। ਜਿਹੜੀ ਆਪਣੀ ਦੇਸੀ ਗਾਂ ਹੈ, ਉਸ ਦੇ ਦੁੱਧ ਵਿੱਚ ਵਿਟਾਮਿਨ A2 ਪਾਇਆ ਜਾਂਦਾ ਹੈ, ਜਿਹੜਾ ਕਿ ਪਰੋਲੀਨ ਅਮੀਨੋ ਐਸਿਡ ਪ੍ਰੋਡਿਊਸ ਕਰਦਾ ਹੈ ਅਤੇ ਇਹ ਬਹੁਤ ਵਧੀਆ ਮੰਨਿਆ ਜਾਂਦਾ ਹੈ। ਤੁਸੀਂ ਅਮਰੀਕਾ, ਕੈਨੇਡਾ ਵਿੱਚ ਚਲੇ ਜਾਓ, ਉੱਥੇ ਵੀ ਇਹ ਦੁੱਧ 3-4 ਰੁਪਿਆ ਮਹਿੰਗਾ ਵਿਕਦਾ ਹੈ ਪਰੰਤੂ ਇਸ ਦੇ ਆਪੋਜ਼ਿਟ ਅਮਰੀਕੀ ਗਾਂ ਦੇ ਦੁੱਧ ਵਿੱਚ ਪ੍ਰੋਟੀਨ A1 ਪਾਇਆ ਜਾਂਦਾ ਹੈ, ਜੋ ਕਿ ਹਿਸਟੀਡਾਈਨ ਐਮੀਨੋ ਐਸਿਡ ਹੈ ਅਤੇ ਇਹ BCM ਪ੍ਰੋਡਿਉਸ ਕਰਦਾ ਹੈ ਜੋ ਕਿ ਬਾਹਰਲੇ ਮੁਲਕਾਂ ਵਿੱਚ ਵੀ ਇੰਨਾ ਵਧੀਆ ਨਹੀਂ ਮੰਨਿਆ ਗਿਆ। ਇਸੇ ਤਰ੍ਹਾਂ ਜਿਹੜੀ ਦੇਸੀ ਗਾਂ ਹੈ, ਉਹ ਬੜੀ ਠੰਢੀ ਤਸੀਰ ਦੀ ਹੁੰਦੀ ਹੈ। ਤੁਸੀਂ ਦੇਸੀ ਗਾਂ ਕਿਸੇ ਨੂੰ ਮਾਰਦੇ ਨਹੀਂ ਦੇਖਿਆ ਹੋਵੇਗਾ ਅਤੇ ਨਾ ਕਦੇ ਸੁਣਿਆ ਹੋਵੇਗਾ ਪਰੰਤੂ ਅਮਰੀਕੀ ਨਸਲ ਕਿਉਂਕਿ ਯੂਰਪ ਤੋਂ ਆਈ ਹੈ ਜੋ ਕਿ ਠੰਢਾ ਇਲਾਕਾ ਹੈ ਜਿੱਥੇ -25 ਜਾਂ -30 ਡਿਗਰੀ ਟੈਂਪਰੇਚਰ ਹੁੰਦਾ ਹੈ ਉਸ ਕਾਰਨ ਅਮਰੀਕੀ ਨਸਲ ਦੀ ਗਰਮ ਤਸੀਰ ਹੈ। ਜੇ ਅਸੀਂ ਪਿੰਡਾਂ ਵਿੱਚ ਜਾ ਕੇ ਵੀ ਪੁੱਛ ਲਈਏ ਤਾਂ ਕਹਿੰਦੇ ਹਨ ਕਿ ਦੇਸੀ ਗਾਂ ਟੋਭੇ ਵਿੱਚ ਵੜਦੀ ਨਹੀਂ ਅਤੇ ਅਮਰੀਕੀ ਨਿਕਲਦੀ ਨਹੀਂ ਹੈ। ਸੋ, ਮੇਰੇ ਕਹਿਣ ਦਾ ਮਤਲਬ ਮੈਂ ਕੁਝ-ਕੁ ਐਗਜ਼ਾਂਪਲਜ਼ ਦੇ ਕੇ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ they are poles apart. ਔਰ ਇਸ ਨੂੰ ਜੇ ਆਪਾਂ ਟੈਕਨੀਕਲੀ ਕਨਫਰਮ ਕਰਨਾ ਹੈ ਤਾਂ ਦੋਹਾਂ ਦਾ ਡੀ.ਐਨ.ਏ. ਟੈਸਟ ਕਰਵਾ ਲਿਆ ਜਾਵੇ ਤਾਂ ਫਰਕ ਸਾਫ ਅਤੇ ਸਪੱਸ਼ਟ ਨਜ਼ਰ ਆ ਜਾਵੇਗਾ। ਡੀ.ਐਨ.ਏ. ਕਨਫਰਮ ਹੋਣ ਤੋਂ ਬਾਅਦ ਦੇਸੀ ਗਊ ਸੰਭਾਲ ਲਈ ਜਾਵੇ ਅਤੇ ਅਮਰੀਕੀ ਗਊਆਂ ਨੂੰ ਬੁੱਚੜਖਾਨੇ ਭੇਜਿਆ ਜਾਵੇ, ਇਹੀ ਮੇਰੀ ਰਿਕੁਐਸਟ ਹੈ। ਮੈਂ ਆਪ pure vegetarian ਹਾਂ, ਅੰਡੇ-ਮੀਟ ਨੂੰ ਹੱਥ ਵੀ ਨਹੀਂ ਲਾਉਂਦਾ। ਕਈ ਸਾਥੀ ਇਹ ਵੀ ਕਹਿ ਦਿੰਦੇ ਹਨ ਕਿ ਜਾਨਵਰਾਂ ਨੂੰ ਮਾਰਨਾ ਨਹੀਂ ਚਾਹੀਦਾ ਜੇਕਰ ਅਜਿਹੀ ਗੱਲ ਹੈ ਤਾਂ ਮੈਂ ਪਿਛਲੇ ਸਮੇਂ ਵਿੱਚ ਪੇਪਰ ਵਿੱਚ ਖਬਰ ਪੜ੍ਹੀ ਸੀ ਉਹ ਖਬਰ ਮੇਰੇ ਕੋਲ ਹੈ, ਗੁਰੂ ਅੰਗਦ ਦੇਵ ਯੂਨੀਵਰਸਿਟੀ ਨੇ ਪੂਨਾ ਦੀ ਇੱਕ ਕੰਪਨੀ ਨਾਲ ਐਮ.ਓ.ਯੂ. ਸਾਈਨ ਕੀਤਾ ਸੀ, ਜਿਸ ਰਾਹੀਂ ਉਨ੍ਹਾਂ ਨੂੰ 6-7 ਲੱਖ ਕੱਟੇ ਹਰ ਸਾਲ ਮੀਟ ਵਾਸਤੇ ਤਿਆਰ ਕਰਕੇ ਦੇਣੇ ਹਨ ਅਤੇ ਇਸ ਵਾਸਤੇ ਕਿਸਾਨਾਂ ਕੋਲ 1300 ਕਰੋੜ ਰੁਪਿਆ ਆਉਣਾ ਹੈ।

ਸਰ, ਇਸ ਤੋਂ ਇਲਾਵਾ ਮੈਨੂੰ ਸਮਝ ਨਹੀਂ ਆਉਂਦੀ ਕਿ ਆਪਣੇ ਮੁਲਕ ਵਿੱਚ unfortunately ਇਸ ਤਰ੍ਹਾਂ ਦੀਆਂ double standard ਗੱਲਾਂ ਕਿਉਂ ਹੁੰਦੀਆਂ ਹਨ? ਸਰ, ਜਿਹੜਾ no doubt India

Under Print
Not for Legal/Official use

ਵਿੱਚ so called beef ban ਤਾਂ ਹੈ ਪਰ ਹਿੰਦੋਸਤਾਨ is a second largest exporter of Beef ਦੁਨੀਆ ਦੇ ਵਿੱਚ ਬ੍ਰਾਜ਼ੀਲ ਤੋਂ ਬਾਅਦ ਇਕੱਲਾ ਹਿੰਦੋਸਤਾਨ 20 ਪਰਸੈਂਟ ਬੀਫ ਪੂਰੀ ਦੁਨੀਆ ਨੂੰ ਐਕਸਪੋਰਟ ਕਰਦਾ ਹੈ। ਮੇਰੇ ਕੋਲ ਕਈ ਖਬਰਾਂ ਪਈਆਂ ਹਨ, ਜਿਸ ਵਿੱਚ ਕੇਰਲਾ ਦੇ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਯੂਨਿਟ ਬਣੇ ਹੋਏ ਹਨ ਅਤੇ ਉਨ੍ਹਾਂ ਨੇ ਮੀਟ ਐਸਸਪੋਰਟਿੰਗ ਕੰਪਨੀਆਂ ਵੀ ਬਣਾਈਆਂ ਹੋਈਆਂ ਹਨthough I won't go into that detail. Sir, ਹੁਣ ਇਸ ਵਿੱਚ ਇਸ਼ੂ ਕੀ ਹੈ? ਜੇਕਰ ਆਪਾਂ ਗੱਲ ਕਰੀਏ ਤਾਂ ਸੀ.ਐਮ. ਸਾਹਿਬ ਨੇ ਪੰਜ ਮਨਿਸਟਰਾਂ ਦੀ ਕਮੇਟੀ ਵੀ ਬਣਾਈ ਹੋਈ ਹੈ। ਮਾਨਯੋਗ ਬ੍ਰਹਮ ਮਹਿੰਦਰਾ ਜੀ ਅਤੇ ਸਿੰਗਲਾ ਜੀ ਵੀ ਉਸ ਕਮੇਟੀ ਦੇ ਮੈਂਬਰ ਸਨ। The Punjab Prohibition of Cow Slaughter Act, 1955 ਜਿਹੜਾ ਹੈ, ਸ਼ਾਇਦ ਇਸ ਵਿੱਚ ਇਹ ਹੋ ਸਕਦਾ ਹੈ ਕਿ ਕੱਲ੍ਹ ਨੂੰ ਕੋਈ ਸਿਆਣਾ ਬੰਦਾ ਆ ਕੇ ਇਹ ਕਹੇ ਕਿ ਬੇਸਿਕਲੀ ਇਹ differentiate ਨਹੀਂ ਕਰਦਾ ਹੈ ਪਰ ਇਸ ਦਾ ਜਵਾਬ ਇਹ ਹੈ ਕਿ 1955 ਵਿੱਚ differentiate ਕਰਨ ਦੀ ਲੋੜ ਵੀ ਨਹੀਂ ਸੀ ਕਿਉਂਕਿ 1955 ਤੱਕ ਇਹ ਬਾਹਰਲੀ ਅਮਰੀਕੀ ਬਰੀਡ ਆਪਣੇ ਮੁਲਕ ਵਿੱਚ ਆਈ ਵੀ ਨਹੀਂ ਸੀ। ਇਹ ਐਕਟ ਜਿਹੜਾ Cow slaughter ਨੂੰ prohibit ਕਰਦਾ ਹੈ, ਇਸ ਐਕਟ ਵਿੱਚ ਇੱਕ ਪ੍ਰੋਵੀਜ਼ਨ ਦਿੱਤੀ ਹੋਈ ਹੈ- "Provided that killing of a cow by accident or in self defence will not be considered as slaughter under the Act." ਸਰ, 1955 ਵਿੱਚ ਵੀ ਇਹ ਪ੍ਰੋਵੀਜ਼ਨ ਦਿੱਤੀ ਗਈ ਸੀ ਕਿ ਜੇਕਰ ਹਿੰਸਕ ਹੋ ਜਾਵੇ ਤਾਂ ਉਸ ਦੀ ਸਲਾਟਰੀ ਦੀ ਪ੍ਰੋਵੀਜ਼ਨ ਹੈ। ਪ੍ਰੈਕਟੀਕਲੀ ਅੱਜ ਆਪਣੇ ਸਮਾਜ ਵਿੱਚ self defence ਵਿੱਚ ਇਹ ਗੱਲ ਹੋ ਰਹੀ ਹੈ ਕਿਉਂਕਿ ਅਵਾਰਾ ਗਊਆਂ ਲੋਕਾਂ ਦਾ ਨੁਕਸਾਨ ਕਰ ਰਹੀਆਂ ਹਨ। ਮੈਂ ਤੁਹਾਨੂੰ ਆਪਣਾ ਇੱਕ ਐਕਸਪੀਰੀਐਂਸ ਵੀ ਸੁਣਾਉਣਾ ਚਾਹੁੰਦਾ ਹਾਂ। ਇਹ ਗੱਲ ਇਸ ਕਰਕੇ ਵੀ ਆਪਾਂ ਨਹੀਂ ਕਰਦੇ ਕਿਉਂਕਿ ਇਹ ਬੜਾ sensitive issue ਹੈ, ਧਾਰਮਿਕ ਇਸ਼ੂ ਹੈ। ਬੇਸਿਕਲੀ ਕੁਝ ਲੋਕਾਂ ਵੱਲੋਂ ਅਗਿਆਨਤਾ ਵੱਸ ਅਤੇ ਇਸ ਬਾਰੇ ਪਤਾ ਨਾ ਹੋਣ ਕਰਕੇ ਅੰਧ ਵਿਸ਼ਵਾਸ ਦੀ ਪੱਟੀ ਅੱਖਾਂ ਉੱਪਰ ਬੰਨ੍ਹ ਰੱਖੀ ਹੈ।

*11:57 ਵਜੇ (*ਇਸ ਸਮੇਂ ਸਰਦਾਰ ਹਰਪ੍ਰਤਾਪ ਸਿੰਘ ਮੈਂਬਰ, ਪੈਨਲ ਆਫ ਚੇਅਰਮੈਨ ਨੇ
ਪੂ.ਦੁ. ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਰ, ਤਕਰਬੀਨ ਛੇ ਮਹੀਨੇ ਪਹਿਲਾਂ ਸਾਡੇ ਹਲਕੇ ਸੁਨਾਮ ਵਿੱਚ ਸਪਤਾਹ ਚੱਲ ਰਹੀ ਸੀ, ਕ੍ਰਿਸ਼ਨ ਜਨਮ ਅਸ਼ਟਮੀ ਦਾ ਦਿਨ ਸੀ। ਉਥੇ ਹਰਿਦੁਆਰ ਤੋਂ ਜਮਨਾਪੁਰੀ ਮਹਾਰਾਜ ਜੀ ਆਏ ਹੋਏ ਸਨ। ਜਦੋਂ ਮੈਂ ਜਾ ਕੇ ਬੈਠਿਆ ਤਾਂ ਜਮਨਾਪੁਰੀ ਮਹਾਰਾਜ ਜੀ ਕਹਿੰਦੇ ਕਿ विघायक जी, जब मैं घर से आ रहा था तो घर से ले कर यहा तक आने मे मेरे को 170 गायें और ढढठे मिले। आप इसका ईलाज क्यों नहीं करते? ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਵਾਲੇ ਦਿਨ ਸਾਡੇ 400-500 ਪਰਿਵਾਰ ਅਤੇ ਖਾਸ ਕਰਕੇ ਹਿੰਦੂ ਪਰਿਵਾਰ ਦੀਆਂ ਲੇਡੀਜ਼

Under Print
Not for Legal/Official use

ਉਥੇ ਬੈਠੀਆਂ ਸਨ, ਜਦੋਂ ਉਨ੍ਹਾਂ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਤਾਂ ਮੈਂ ਉਨ੍ਹਾਂ ਨੂੰ ਖੜ੍ਹੇ ਹੋ ਕੇ, ਜਿਹੜੇ ਇਹ ਸਾਰੇ ਫੈਕਟਸ ਮੈਂ ਤੁਹਾਨੂੰ ਦੱਸੇ ਹਨ, ਜਿਹੜਾ ਹੱਲ ਦੱਸਿਆ ਹੈ, ਮੈਂ ਕਿਹਾ ਕਿ ਮਹਾਰਾਜ ਜੀ, ਬੇਨਤੀ ਇੰਨੀ ਹੈ ਕਿ ਸਰਕਾਰ ਨੂੰ administratively and legally ਕੀ ਬੇਨਤੀ ਕਰਨੀ ਹੈ, ਉਸ ਦਾ ਮੈਨੂੰ ਪਤਾ ਹੈ ਕਿ ਪੁਲੀਟੀਕਲੀ ਕੀ ਗੱਲ ਕਰਨੀ ਹੈ ਪਰ ਸਵਾਲ ਇਹ ਹੈ ਕਿ ਸਮਾਜ ਦੀਆਂ ਅੱਖਾਂ ਉੱਪਰ ਅਗਿਆਨਤਾ ਅਤੇ ਅੰਧ ਵਿਸ਼ਵਾਸ ਦੀ ਪੱਟੀ ਬੰਨ੍ਹੀ ਹੋਈ ਹੈ, ਉਸ ਨੂੰ ਤਾਂ ਤੁਹਾਡੇ ਵਰਗੇ ਮਹਾਤਮਾ ਲੋਕ ਹੀ ਇਨ੍ਹਾਂ ਲੋਕਾਂ ਦੀਆਂ ਅੱਖਾਂ ਤੋਂ ਖੋਲ੍ਹ ਸਕਦੇ ਹਨ। ਮੈਂ ਸਾਰੇ ਦੇ ਸਾਰੇ ਫੈਕਟਸ, ਪੂਰੇ ਹਿੰਦੂ ਸਮਾਜ ਦੇ ਸਾਹਮਣੇ, ਉਨ੍ਹਾਂ ਦੇ ਅੱਗੇ ਰੱਖ ਦਿੱਤੇ। ਮੇਰੇ ਬੈਠਣ ਦੀ ਦੇਰ ਸੀ ਕਿ ਜਮਨਾਪੁਰੀ ਮਹਾਰਾਜ ਜੀ ਕੀ ਕਹਿਣ ਲੱਗੇ- विधायक जी जो कह रहें हैं वो बिलकुल सही है। इस अंगरेज़ी ढढठे का हमारी देसी गऊ माता के साथ कोई लिंक ही नहीं है। यह छ: परजातियों जिस में भेडीया भी था, जिस में सुयर भी था, यह उस से डिवैल्प हुआ था। इस से हमारा लिंक ही कोई नहीं है। ਸਰ, ਇੱਕ ਹਿੰਦੂ ਸਮਾਜ ਦੇ ਮਹਾਤਮਾ ਜਿਨ੍ਹਾਂ ਦਾ ਪੂਰੇ ਹਿੰਦੋਸਤਾਨ ਵਿੱਚ ਨਾਂ ਹੈ, ਸ੍ਰੀ ਜਮਨਾਪੁਰੀ ਮਹਾਰਾਜ ਜੀ ਨੇ ਮੇਰੀ ਇੰਨੀ ਗੱਲ ਕਹਿਣ ਦੀ ਹੀ ਦੇਰ ਸੀ, ਉਨ੍ਹਾਂ ਨੇ ਨਾਲ ਦੀ ਨਾਲ ਮੇਰੀ ਗੱਲ ਉੱਤੇ ਸਟੈਂਪ ਲਗਾ ਦਿੱਤੀ। ਮੇਰੀ ਬੇਨਤੀ ਇੰਨੀ ਹੈ ਕਿ ਸਰਕਾਰ ਇਸ ਦਾ ਕੋਈ ਹੱਲ ਕਰੇ ਕਿਉਂਕਿ ਹਜ਼ਾਰਾਂ ਜਾਨਾਂ ਜਾ ਰਹੀਆਂ ਹਨ। ਰੋਜ਼ ਲੱਖਾਂ-ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਸ਼ਾਇਦ ਇਹ ਗੱਲ ਕਿਸੇ ਨੂੰ ਚੰਗੀ ਨਾ ਲੱਗੇ, ਕਿਸੇ ਨੂੰ ਨਾ ਜਚੇ ਪਰ ਆਪਾਂ ਇਸ ਕਰਕੇ ਚੁੱਪ ਬੈਠੇ ਰਹੀਏ, ਮੈਂ ਸਮਝਦਾ ਹਾਂ ਕਿ ਇਹ ਆਪਣੇ ਲਈ ਸਹੀ ਨਹੀਂ ਹੈ। ਇਸ ਲਈ ਸਰਕਾਰ ਨੇ, ਸੀ.ਐਮ. ਸਾਹਿਬ ਨੇ ਪੰਜ ਮੈਂਬਰੀ ਕਮੇਟੀ ਬਣਾਈ ਹੈ ਪਰ ਮੈਂ ਤੁਹਾਡੇ ਜ਼ਰੀਏ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਤੋਂ ਇਲਾਵਾ ਹੱਲ ਕੋਈ ਨਹੀਂ ਹੈ। ਜੇਕਰ ਤੁਸੀਂ ਇਸ ਬਾਰੇ public opinion ਲੈਣਾ ਹੈ Sir, ਸਮਾਜ ਵਿੱਚ ਜਿਹੜੇ ਸਟੇਕ ਹੋਲਡਰਜ਼ ਬੈਠੇ ਹਨ, ਚਾਹੇ ਉਹ ਗਊਸ਼ਾਲਾਵਾਂ ਵਾਲੇ ਹਨ, ਚਾਹੇ ਕਿਸਾਨ ਵੀਰ ਹਨ, ਚਾਹੇ ਕੋਈ ਪਸ਼ੂ ਪਾਲਣ ਦੇ ਐਕਸਪਰਟ ਹਨ, ਚਾਹੇ ਹਿੰਦੂ ਧਰਮ ਨਾਲ ਸਬੰਧਤ ਹਨ, ਉਨ੍ਹਾਂ ਦੇ ਵਿਚਾਰ ਜਾਣਨ ਲਈ ਇੱਕ ਸੈਮੀਨਾਰ ਚਾਹੇ ਮੇਰੇ ਸੁਨਾਮ ਵਿੱਚ ਰੱਖੋ ਸਹੀ ਗੱਲ ਕਹਿਣ ਵਿੱਚ ਮੈਨੂੰ ਕੋਈ ਵੀ ਡਰ ਨਹੀਂ ਹੈ। ਮੈਂ ਤੁਹਾਨੂੰ ਗਰੰਟੀ ਕਰਦਾ ਹਾਂ ਕਿ ਉਹ ਲੋਕ ਸਮਾਗਮ ਕਰਵਾਉਣਗੇ ਜਿਹੜੇ ਆਪ ਗਊਆਂ ਸੰਭਾਲਦੇ ਹਨ, ਉਨ੍ਹਾਂ ਦੀ ਪੂਜਾ ਕਰਦੇ ਹਨ, ਜਿਹੜੇ ਹਿੰਦੂ ਧਰਮ ਵਿੱਚ ਗਊ ਨੂੰ ਮਾਤਾ ਮੰਨ ਕੇ ਪੂਜਦੇ ਰਹੇ ਹਨ। ਸਰ, ਮੇਰੀ ਤੁਹਾਨੂੰ ਇੰਨੀ ਹੀ ਬੇਨਤੀ ਹੈ ਕਿ ਇਸ ਦਾ solution ਲੱਭਣਾ ਪਵੇਗਾ। ਕਿਵੇਂ differentiate ਕਰਨਾ ਹੈ ਉਸ ਬਾਰੇ public opinion ਰਾਹੀਂ ਸਮਾਜ ਦੇ ਵਿੱਚ ਅਵੇਅਰਨੈੱਸ create ਕਰਨੀ ਪਵੇਗੀ। ਸਰਕਾਰ ਨੂੰ ਆਪਣੀ ਵਿਲ ਪਾਵਰ ਦਿਖਾਉਣੀ ਪਵੇਗੀ। ਉਸ ਤੋਂ ਬਾਅਦ ਹਰੇਕ ਬਲਾਕ ਵਿੱਚ, ਡਿਸਟ੍ਰਿਕਟ ਵਿੱਚ ਇੱਕ ਕਮੇਟੀ ਬਣ ਜਾਵੇ, ਜਿਸ ਵਿੱਚ ਉੱਥੋਂ ਦਾ ਲੋਕਲ SDM, ਉੱਥੋਂ ਦਾ ਲੋਕਲ DSP, Animal Husbandry department ਦਾ ਮੁਖੀ ਸ਼ਾਮਲ ਕੀਤਾ ਜਾਵੇ ਅਤੇ ਜਿਹੜਾ Cow Board ਬਣਿਆ ਹੋਇਆ ਹੈ, ਉਸ ਦਾ ਵੀ ਇੱਕ ਮੈਂਬਰ ਤੁਸੀਂ

Under Print
Not for Legal/Official use

ਸ਼ਾਮਲ ਕਰ ਲਵੋ। ਪੰਜਵਾਂ ਮੈਂਬਰ PDFA (ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ) ਦਾ ਵੀ ਪਾ ਲਵੋ। ਪੰਜ ਬੰਦਿਆਂ ਦੀ ਕਮੇਟੀ ਬਣ ਜਾਵੇ, ਉਹ differntiate ਕਰ ਦੇਣ। ਜਿਹੜੀ ਦੇਸੀ ਗਊ ਹੈ, ਉਸ ਨੂੰ ਆਪਾਂ ਗਊਸ਼ਾਲਾ ਦੇ ਵਿੱਚ, ਘਰਾਂ ਵਿੱਚ ਸੰਭਾਲ ਲਵਾਂਗੇ ਪਰ ਅਮਰੀਕੀ ਗਊ ਨੂੰ ਨਾ ਤਾਂ ਸਾਂਭਿਆ ਜਾ ਸਕਦਾ ਹੈ ਅਤੇ ਨਾ ਹੀ ਉਹ ਸਾਂਭਣ ਦੇ ਲਾਇਕ ਹਨ। ਹਰ ਰੋਜ਼ ਇਹ ਗਊਆਂ-ਢੱਠੇ ਲੋਕਾਂ ਨੂੰ ਮਾਰਦੇ ਹਨ ਅਤੇ ਆਪ ਪਲਾਸਟਿਕ ਖਾ ਖਾ ਕੇ ਮਰ ਰਹੇ ਹਨ। ਸੋ, ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਸ ਨੂੰ ਕਮੇਟੀ ਸਰਟੀਫਿਕੇਟ ਦੇਵੇਗੀ ਕਿ ਇਹ ਅਮਰੀਕੀ ਹੈ ਤਾਂ ਉਸ ਨੂੰ ਭੇਜ ਦਿਓ ਅਤੇ ਜਿਹੜਾ ਵੇਚਣ-ਵੱਟਣ ਜਾਂ ਟ੍ਰਾਂਸਪੋਰਟ ਕਰਨ ਦਾ right ਹੋਵੇਗਾ after the permission given from granted from that five member committee ਤੁਸੀਂ ਉਸ ਨੂੰ ਟ੍ਰਾਂਸਪੋਰਟ ਕਰ ਸਕਦੇ ਹੋ ਜਿਸ ਨਾਲ ਗਊਸ਼ਾਲਾਵਾਂ ਦੇ ਵਿੱਚ ਇੰਨੀ ਕੁ ਥਾਂ ਖਾਲੀ ਹੋ ਜਾਣੀ ਹੈ ਕਿ ਉਸ ਨਾਲ ਦੇਸੀ ਗਊ ਨੂੰ ਸਾਂਭ ਲਿਆ ਜਾ ਸਕਦਾ ਹੈ। ਇਸ ਦੌਰਾਨ ਕੁਝ ਇਸ ਤਰ੍ਹਾਂ ਦੇ ਲੋਕ ਵੀ ਆਉਣਗੇ ਜੋ ਡਰਾਉਣਗੇ ਕਿ ਇਹ ਹੋ ਜਾਵੇਗਾ ਜਾਂ ਉਹ ਹੋ ਜਾਵੇਗਾ। ਕੱਲ੍ਹ ਗੋਲਡੀ ਜੀ ਨੇ ਹਾਊਸ ਵਿੱਚ ਜਿਹੜੀ ਗੱਲ ਕਹੀ ਹੈ, ਮੈਂ ਪਹਿਲੇ ਦਿਨ ਤੋਂ ਹੀ ਇਹ ਗੱਲ ਕਹਿੰਦਾ ਆਇਆ ਹਾਂ ਕਿ ਦੇਸੀ ਗਊ ਨੂੰ ਸੰਭਾਲੋ, ਇਹ ਸਾਡੀ ਗਊ ਮਾਤਾ ਹੈ ਅਤੇ ਜਿਹੜੀ ਅਮਰੀਕੀ ਗਊ ਹੈ ਉਸ ਨੂੰ slaughter houses ਵਿੱਚ ਭੇਜ ਦਿਓ।

ਚੇਅਰਮੈਨ ਸਾਹਿਬ, ਮੈਂ ਇੱਕ ਹੋਰ ਚੀਜ਼ ਦੱਸਣੀ ਚਾਹੁੰਦਾ ਹਾਂ। ਇੱਕ ਅਖਬਾਰ ਦੇ ਪੱਤਰਕਾਰ ਨੇ ਲਿਖ ਦਿੱਤਾ ਕਿ ਅਮਨ ਅਰੋੜਾ ਨੇ ਪੰਜਾਬ ਦੇ ਲੋਕਾਂ ਨੂੰ ਗਊ ਮਾਸ ਖਾਣ ਦੀ ਸਲਾਹ ਦਿੱਤੀ ਹੈ। ਜਿਸ ਦੇ ਸਬੰਧ ਵਿੱਚ ਮੈਂ ਥੋੜ੍ਹੇ ਦਿਨ ਪਹਿਲਾਂ, ਹਫਤਾ ਪਹਿਲਾਂ DGP ਚੰਡੀਗੜ੍ਹ ਨੂੰ ਐਪਲੀਕੇਸ਼ਨ ਦਿੱਤੀ ਹੈ ਕਿ ਉਸ ਉੱਪਰ ਧਾਰਾ 295 ਦਾ ਪਰਚਾ ਦਰਜ ਕਰੋ ਕਿਉਂਕਿ ਇਹ ਬੰਦਾ ਲੋਕਾਂ ਦੇ ਵਿੱਚ ਦੰਗੇ ਕਰਵਾਉਣਾ ਚਾਹੁੰਦਾ ਹੈ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਦੇ ਬੰਦੇ ਵੀ ਅੱਗੇ ਆਉਣਗੇ ਪਰ ਜੇਕਰ ਸਰਕਾਰ ਮਜ਼ਬੂਤੀ ਨਾਲ ਫੈਸਲਾ ਲੈ ਲਵੇ ਅਤੇ ਆਪਣੀ ਵਿਲ ਪਾਵਰ ਬਣ ਜਾਵੇ ਤਾਂ ਅਜਿਹੇ ਲੋਕਾਂ ਨੂੰ ਵੀ ਹੈਂਡਲ ਕੀਤਾ ਜਾ ਸਕਦਾ ਹੈ। ਆਨਰੇਬਲ ਸਰ, ਤੁਹਾਨੂੰ ਵੀ ਅਤੇ ਸਰਕਾਰ ਨੂੰ ਵੀ ਮੇਰੀ ਹੱਥ ਜੋੜ ਕੇ ਬੇਨਤੀ ਹੈ, ਬਹੁਤ ਲੰਮੇ ਸਮੇਂ ਤੋਂ ਮੈਂ ਸਪੀਕਰ ਸਾਹਿਬ ਨੂੰ ਵੀ ਇਸ ਮੁੱਦੇ ਬਾਰੇ ਰਿਕੁਐਸਟ ਕਰ ਰਿਹਾ ਸੀ ਅਤੇ ਅੱਜ ਡਿਸਕਸ਼ਨ ਦਾ ਮੌਕਾ ਮਿਲਿਆ ਹੈ। ਅੱਜ ਖੁੱਲ੍ਹੇ ਤੌਰ ਤੇ ਡਿਸਕਸ਼ਨ ਇੱਥੇ ਵੀ, ਲੋਕਾਂ ਵਿੱਚ ਵੀ ਅਤੇ ਇਸ ਤੋਂ ਬਾਅਦ ਸਾਰੇ stake holders ਨਾਲ ਵੀ ਹੋਣੀ ਚਾਹੀਦੀ ਹੈ। ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਵੀ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਇਸ਼ੂ ਤੇ ਅੱਜ ਕੋਈ ਕਨਕਲੂਜ਼ਨ ਹੋਣਾ ਚਾਹੀਦਾ ਹੈ ਅਤੇ ਡਿਸੀਜ਼ਨ ਦੇ ਕੇ ਜਾਇਓ ਕਿਉਂਕਿ ਇੰਨੀ ਗਿਣਤੀ ਵਿੱਚ ਹਾਦਸੇ ਹੋ ਰਹੇ ਹਨ, ਕੱਲ੍ਹ ਨੂੰ ਕਿਸੇ ਹੋਰ ਦੀ ਵਾਰੀ ਆ ਜਾਵੇਗੀ, ਇਹ tolerate ਨਹੀਂ ਕੀਤਾ ਜਾ ਸਕਦਾ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਸਤਿਕਾਰਯੋਗ ਮੈਂਬਰ ਸਾਹਿਬ ਨੇ ਮੈਨੂੰ ਰੈਫਰ ਕਰਦੇ ਹੋਏ ਕਿਹਾ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਤੋਂ ਇਹ ਲਾਗੂ ਕਰਵਾ ਦੇਣ। ਆਪਾਂ ਇਸ ਚੀਜ਼ ਨੂੰ follow ਕਰ ਲਵਾਂਗੇ। (ਵਿਘਨ,ਸ਼ੋਰ) ਉੱਥੇ ਲਾਗੂ ਕਰਵਾ ਦਿਓ... (ਵਿਘਨ,ਸ਼ੋਰ) ਕਿਉਂਕਿ ਪਸ਼ੂ ਤਾਂ ਉੱਥੇ ਵੀ ਹਨ।

**ਸ਼੍ਰੀ ਸਭਾਪਤੀ:** ਹਾਂ ਜੀ, ਵਡਾਲਾ ਜੀ।ਵਡਾਲਾ ਜੀ ਬੋਲੋ। (ਵਿਘਨ,ਸ਼ੋਰ)

**ਸ਼੍ਰੀ ਅਮਨ ਅਰੋੜਾ:** ਸਰ,.....

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਅਮਨ ਜੀ, ਪਲੀਜ਼ ਤੁਸੀਂ ਬੈਠ ਜਾਓ। ਬਾਅਦ ਵਿੱਚ ਗੱਲ ਕਰ ਲੈਣਾ। (ਵਿਘਨ,ਸ਼ੋਰ) ਤੁਸੀਂ ਪਲੀਜ਼ ਬਾਅਦ ਵਿੱਚ ਵਾਈਂਡ ਅੱਪ ਕਰ ਲੈਣਾ। ਚੇਅਰਮੈਨ ਸਾਹਿਬ, ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ ਬਹੁਤ ਹੀ ਸਤਿਕਾਰਯੋਗ ਤਿੰਨ ਮੈਂਬਰ ਜਿਹੜਾ ਮਤਾ ਲੈ ਕੇ ਆਏ ਹਨ ਜਦੋਂ ਪਹਿਲਾਂ ਵੀ ਇਹ ਸਪੀਕਰ ਸਾਹਿਬ ਨੂੰ ਮਿਲੇ ਉਦੋਂ ਵੀ ਸਾਰਿਆਂ ਨੇ ਇਹ ਪੜ੍ਹਿਆ ਹੈ। May be majority of us will agree. ਅੱਗੇ ਕੀ ਹੁੰਦਾ ਸੀ, racial profiling ਪਰ ਹੁਣ ਇਹ breed profiling ਕਰਨ ਜਾ ਰਹੇ ਹਨ ਕਿ ਕਾਲੀ ਗਾਂ ਨੂੰ ਸੰਭਾਲ ਲਓ ਅਤੇ ਗੋਰੀ ਗਾਂ ਨੂੰ ਮਾਰ ਦਿਓ। ਇਨ੍ਹਾਂ ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਜਦੋਂ Holstein Friesian, Jersey, Red Dane ਇੰਡੀਆ ਵਿੱਚ ਆਈਆਂ ਸਨ ਤਾਂ ਇੰਡੀਆ ਦੀ ਮਿਲਕ ਪ੍ਰੋਡੈਕਸ਼ਨ ਵੀ ਵਧੀ ਸੀ। ਜਿਹੜੀਆਂ ਸਾਡੀਆਂ indigenous ਨਸਲਾਂ ਹਨ, ਅਸੀਂ ਉਨ੍ਹਾਂ ਨੂੰ ਗਵਾਉਣਾ ਨਹੀਂ ਹੈ ਪਰ ਆਪਾਂ ਕਿਵੇਂ imported breeds ਨੂੰ ਮਾਰ ਸਕਦੇ ਹਾਂ ਅਤੇ ਦੂਜੀਆਂ ਨੂੰ ਰੱਖ ਸਕਦੇ ਹਾਂ?

**ਸ਼੍ਰੀ ਸਭਾਪਤੀ:** ਵਡਾਲਾ ਜੀ, ਤੁਸੀਂ ਬੋਲਣਾ ਹੈ, ਉਦੋਂ ਗੱਲ ਕਰ ਲੈਣਾ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਇੱਕ ਮਿੰਟ ਜੀ, ਲਾਸਟ ਗੱਲ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਐਨੀਮਲ ਹਸਬੈਂਡਰੀ ਮਨਿਸਟਰ ਨਹੀਂ ਬੈਠੇ, ਜਿਹੜਾ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਹੈ, ਤੁਹਾਨੂੰ ਉਹ ਪਤਾ ਹੈ ਕਿ ਉਹ ਕੀ ਕਰਨ ਜਾ ਰਿਹਾ ਹੈ? ਉਹ INDiGENOUS BREEDS ਅਤੇ ਫੌਰਨ ਬਰੀਡਜ਼ ਨੂੰ ਕਰਾਸ ਕਰਨ ਜਾ ਰਿਹਾ ਹੈ ਅਤੇ ਜੇ ਇਹ ਬ੍ਰੀਡਜ਼ ਕਰਾਸ ਹੋਣਗੀਆਂ ਤਾਂ ਅਜਿਹੀਆਂ ਗਾਈਆਂ ਦਾ ਕੀ ਕਰਾਂਗੇ? ਉਨ੍ਹਾਂ ਨੂੰ ਕਿੱਥੇ ਲੈ ਕੇ ਜਾਵਾਂਗੇ? This is wrong. ਇਹ ਠੀਕ ਹੈ ਕਿ ਜਿਹੜੀ ਸਟਰੇਅ ਕੈਟਲ ਹੈ, ਉਸ ਨੂੰ ਸਾਂਭਣ ਦੀ ਲੋੜ ਹੈ।

**ਸ਼੍ਰੀ ਸਭਾਪਤੀ :** ਵਡਾਲਾ ਜੀ, ਤੁਹਾਡਾ ਪੁਆਇੰਟ ਆ ਗਿਆ ਜੀ। ਅਮਨ ਅਰੋੜਾ ਜੀ, ਤੁਸੀਂ ਬੋਲੋ।

**ਸ਼੍ਰੀ ਅਮਨ ਅਰੋੜਾ:** ਚੇਅਰਮੈਨ ਸਾਹਿਬ, let me conclude. ਸ਼੍ਰੀ ਬ੍ਰਹਮ ਮਹਿੰਦਰਾ ਜੀ ਚਲੇ ਗਏ ਹਨ with all due respect ਮੈਂ ਉਨ੍ਹਾਂ ਨੂੰ ਇਸ ਕਰਕੇ ਰੈਫਰ ਕੀਤਾ ਸੀ ਕਿਉਂਕਿ ਸੀ.ਐਮ. ਸਾਹਿਬ ਇੱਥੇ ਨਹੀਂ ਹਨ and after him he is the second and the senior most minister in the

Under Print
Not for Legal/Official use

cabinet**. ਦੂਜਾ,** ਜਿਹੜੀ ਪੰਜ ਮੈਂਬਰੀ ਮਨਿਸਟਰ ਦੀ ਕਮੇਟੀ ਬਣੀ ਸੀ that was also headed by Shri Braham Mohindra ji, ਇਸ ਕਰਕੇ ਮੈਂ ਇਨ੍ਹਾਂ ਨੂੰ ਰੈਫਰ ਕੀਤਾ ਸੀ। ਜਿਹੜੀ ਮੰਤਰੀ ਜੀ ਨੇ ਗੱਲ ਕੀਤੀ ਸੀ ਕਿ ਤੁਸੀਂ ਦਿੱਲੀ ਵਿੱਚ ਲਾਗੂ ਕਰਵਾ ਲਓ। ਚੇਅਰਮੈਨ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਅਜਿਹਾ ਸੈਂਸੇਟਿਵ ਇਸ਼ੂ, ਜਿਸ ਕਾਰਨ ਹਰ ਸਾਲ ਪੰਜਾਬ ਵਿੱਚ 150 ਬੰਦਾ ਮਾਰਿਆ ਜਾਂਦਾ ਹੈ, ਕਿਸਾਨਾਂ ਨੇ ਸਰਦੀਆਂ ਵਿੱਚ ਸਾਰੀ ਸਾਰੀ ਰਾਤ ਖੇਤਾਂ ਦੀਆਂ ਵੱਟਾਂ ਤੇ ਬੈਠ ਕੇ ਟਪਾਈ ਹੈ, ਮੈਂ ਪੰਜਾਬ ਦੀ ਗੱਲ ਕਰ ਰਿਹਾ ਹਾਂ ਅਤੇ ਆਨਰੇਬਲ ਮੰਤਰੀ ਜੀ ਦਿੱਲੀ ਪਹੁੰਚ ਗਏ। ਸਰ, ਦਿੱਲੀ ਵਿੱਚ ਇਹ ਪ੍ਰਾਬਲਮ ਨਹੀਂ ਹੈ। ਸਾਨੂੰ ਆਪਣੀ ਪ੍ਰਾਬਲਮ ਨੂੰ ਆਪ ਐਡਰੈੱਸ ਕਰਨਾ ਪੈਣਾ ਹੈ। ਹਰੇਕ ਗੱਲ ਦਿੱਲੀ ਦੇ ਗਲ਼ ਪਾ ਕੇ ਸਰਕਾਰ ਦਾ ਕਿੰਨਾ ਟਾਈਮ ਟੱਪ ਜਾਵੇਗਾ, ਇਹ ਮੇਰਾ ਖਿਆਲ ਹੈ ਕਿ ਸਰਕਾਰ ਬਿਹਤਰ ਦੱਸ ਸਕਦੀ ਹੈ।

ਸਰ, ਮੈਂ ਵਡਾਲਾ ਸਾਹਿਬ ਦਾ ਬਹੁਤ ਸਤਿਕਾਰ ਕਰਦਾ ਹਾਂ। ਇਨ੍ਹਾਂ ਨੇ ਹਰੇਕ ਵਿਸ਼ੇ ਤੇ ਲਾਜਿਕਲ ਸਟੱਡੀ ਕੀਤੀ ਹੁੰਦੀ ਹੈ ਪਰ ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਮੈਂ ਲੈ ਕੇ ਆਇਆ ਹਾਂ, ਮੈਂ ਆਪਣੀ ਖੁਸ਼ੀ ਨਾਲ ਨਹੀਂ ਲੈ ਕੇ ਆਇਆ। ਮੈਨੂੰ ਸਰਕਾਰ ਅਤੇ ਹਾਊਸ ਇਹ ਦੱਸ ਦੇਵੇ ਕਿ ਪਹਿਲਾਂ ਜਿੰਨੇ Cow Board ਬਣੇ ਸਨ ਅਤੇ ਹੁਣ ਵੀ ਬਣੇ ਹੋਏ ਹਨ, ਜੇਕਰ ਇਨ੍ਹਾਂ ਬੋਰਡਾਂ ਨੇ ਡੱਕਾ ਤੋੜਿਆ ਹੈ ਤਾਂ ਕੀ ਤੋੜਿਆ ਹੈ? ਜੇ ਕੁਝ ਕੀਤਾ ਹੈ ਤਾਂ ਕੀ ਕੀਤਾ ਹੈ? ਸਰਕਾਰ 9 ਆਈਟਮਾਂ ਤੇ ਕਾਓ ਸੈੱਸ ਲੈਂਦੀ ਹੈ ਪਰ ਕਰਦੀ ਕੁਝ ਵੀ ਨਹੀਂ। ਸਰ, ਆਪਾਂ ਕਿਹੜੇ ਮੁਲਕ ਅਤੇ ਕਿਹੜੇ ਜ਼ਮਾਨੇ ਦੀਆਂ ਗੱਲਾਂ ਕਰ ਰਹੇ ਹਾਂ? ਕਿਸਾਨ ਅਵਾਰਾ ਪਸ਼ੂਆਂ ਨੂੰ ਚੁੱਕਦੇ ਹਨ ਅਤੇ ਡੀ.ਸੀ. ਦਫਤਰ ਛੱਡ ਆਉਂਦੇ ਹਨ, ਸ਼ਹਿਰ ਵਾਲੇ ਚੁੱਕਦੇ ਹਨ ਤੇ ਦੂਜੇ ਪਿੰਡ ਛੱਡ ਆਉਂਦੇ ਹਨ। Where are we heading for? ਮੈਨੂੰ ਇੱਕ ਸਾਲਿਊਸ਼ਨ ਦੱਸ ਦਿਓ, ਜਿਹੜਾ ਇਸ ਤੋਂ ਵਧੀਆ ਹੋਵੇ। ਤੁਸੀਂ ਪ੍ਰੈਕਟੀਕਲ ਗੱਲ ਕਰੋ, ਇਹ ਗੱਲਾਂ ਕਰਨ ਦੀ ਲੋੜ ਨਹੀਂ ਹੈ ਕਿ ਇਹ ਹੋ ਰਿਹਾ ਹੈ ਜਾਂ ਉਹ ਹੋ ਰਿਹਾ ਹੈ। You give me a practical solution, I will agree to it and I am open to suggestions. ਸਰ, ਮੈਂ ਸਿਰਫ ਤੇ ਸਿਰਫ ਇਹ expect ਕਰਦਾ ਸੀ ਕਿ ਆਪਾਂ ਸਾਰੇ above party lines, above religions and above faiths ਡਿਸਕਸ਼ਨ ਕਰਾਂਗੇ ਪਰ ਇਸ ਉੱਤੇ ਪੁਲੀਟੀਕਲ ਕਿੰਤੂ ਪ੍ਰੰਤੂ ਹੋ ਰਹੀ ਹੈ। ਮਨਿਸਟਰ ਸਾਹਿਬ ਆ ਗਏ ਹਨ। ਮੈਂ ਆਪਣੀ ਗੱਲ ਦੁਬਾਰਾ ਰਿਪੀਟ ਕਰਦਾ ਹਾਂ। ਮੈਂ ਜਨਾਬ ਨੂੰ ਇਸ ਕਰਕੇ ਰੈਫਰ ਕੀਤਾ ਸੀ ਕਿਉਂਕਿ ਅੱਜ ਸੀ.ਐਮ. ਸਾਹਿਬ ਇੱਥੇ ਨਹੀਂ ਹਨ and you are the senior most Minister in the cabinet. ਦੂਜੀ ਗੱਲ, ਜਿਹੜੀ ਪੰਜ ਮੈਂਬਰੀ ਕਮੇਟੀ ਬਣਾਈ ਸੀ that is being headed by you. ਜਿਹੜਾ ਕਾਓ ਸੈੱਸ ਲਿਆ ਜਾਂਦਾ ਹੈ, ਉਹ ਮਿਊਂਸਪਲ ਕਮੇਟੀਜ਼ ਵਿੱਚ ਲਿਆ ਜਾਂਦਾ ਹੈ ਅਤੇ ਤੁਸੀਂ ਲੋਕਲ ਬਾਡੀਜ਼ ਮਨਿਸਟਰ ਹੋ।Sir, I don't want any animal to be slaughtered but atleast give me and give our Punjab a practical solution, ਮੇਰੀ ਬੇਨਤੀ ਸਿਰਫ ਇਹ ਹੈ ਕਿ ਇਸ ਸਮੱਸਿਆ ਦਾ ਹੱਲ ਹੋ

Under Print
Not for Legal/Official use

ਸਕੇ ਪਰ ਉਹ ਸਰਕਾਰ ਕੋਲ ਨਹੀਂ ਹੈ। ਜੇ ਮੈਂ ਗੱਲ ਕਰਦਾ ਹਾਂ ਤਾਂ ਆਪਾਂ ਦਿੱਲੀ ਤੇ ਪਹੁੰਚ ਜਾਂਦੇ ਹਾਂ।ਜ਼ਤ this the way the House functions? ਮੇਰੀ ਬੇਨਤੀ ਹੈ ਕਿ ਇਸ ਇਸ਼ੂ ਤੇ ਬੜੇ ਜਸਟੀਫਾਈਡ ਤਰੀਕੇ ਨਾਲ ਅਤੇ ਬੜੇ ਹੀ ਸੁਲਝੇ ਹੋਏ ਤਰੀਕੇ ਦੇ ਨਾਲ, ਪਾਰਟੀ ਲਾਈਨ ਤੋਂ, ਧਰਮਾਂ ਤੋਂ ਉੱਪਰ ਉੱਠ ਕੇ ਗੱਲ ਕਰੀਏ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਸਭਾਪਤੀ** : ਮੰਤਰੀ ਸਾਹਿਬ ਖੜ੍ਹੇ ਹਨ। ਹਾਂ ਜੀ, ਸਿੱਧੂ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ( ਸਰਦਾਰ ਬਲਬੀਰ ਸਿੰਘ ਸਿੱਧੂ):** ਚੇਅਰਮੈਨ ਸਾਹਿਬ, ਅੱਜ ਇੱਥੇ ਬਾਜਵਾ ਸਾਹਿਬ ਨਹੀਂ ਹਨ। ਆਪਣੇ ਪੰਜਾਬ ਰਾਜ ਦੇ 22 ਜ਼ਿਲ੍ਹਿਆਂ ਵਿੱਚੋਂ 20 ਜ਼ਿਲ੍ਹਿਆਂ ਵਿੱਚ, ਕੇਵਲ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਨੂੰ ਛੱਡ ਕੇ ਸਰਕਾਰੀ ਗਊਸ਼ਾਲਾਵਾਂ ਖੋਲ੍ਹੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਹਰ ਤਰ੍ਹਾਂ ਦੇ ਅਵਾਰਾ ਪਸ਼ੂਆਂ ਦੀ ਦੇਖਭਾਲ ਕੀਤੀ ਜਾਂਦੀ ਹੈ। ਇਨ੍ਹਾਂ ਸਰਕਾਰੀ ਗਊਸ਼ਾਲਾਵਾਂ ਵਿੱਚ 77 ਸ਼ੈੱਡ ਬਣ ਚੁੱਕੇ ਹਨ ਜਿਨ੍ਹਾਂ ਵਿੱਚ 10 ਹਜ਼ਾਰ ਪਸ਼ੂਆਂ ਦੀ ਦੇਖਭਾਲ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਗਊਸ਼ਾਲਾਵਾਂ ਨੂੰ 40 ਕਰੋੜ ਰੁਪਏ ਵੀ ਜਾਰੀ ਕੀਤੇ ਗਏ ਹਨ। ਪੰਜਾਬ ਰਾਜ ਵਿੱਚ The Punjab Prohibition of Cow Slaughter Act, 1955 ਵੀ ਲਾਗੂ ਹੈ, ਜਿਸ ਤਹਿਤ ਗਊ ਵੰਸ਼ ਜਿਵੇਂ ਗਾਂਵਾਂ/ ਸਾਨ੍ਹਾਂ, ਵੱਛੇ-ਵੱਛੀਆਂ ਆਦਿ ਦੀ ਸਲਾਟਰਿੰਗ ਤੇ ਪੂਰਨ ਪਾਬੰਦੀ ਹੈ। ਇਸ ਲਈ ਕਿਸੇ ਵੀ ਨਸਲ ਦੇ ਢੱਠਿਆਂ ਨੂੰ ਸਲਾਟਰ ਹਾਊਸ ਵਿੱਚ ਨਹੀਂ ਭੇਜਿਆ ਜਾ ਸਕਦਾ। ਇਹ ਮੁੱਦਾ ਧਾਰਮਿਕ ਪੱਖੋਂ ਬੜਾ ਸੰਵੇਦਨਸ਼ੀਲ ਹੈ। ਇਸ ਸਮੱਸਿਆ ਨੂੰ ਵਿਚਾਰਨ ਲਈ ਯੋਗ ਹੋਵੇਗਾ ਕਿ ਵੱਖ-ਵੱਖ ਧਰਮਾਂ, ਸੰਪਰਦਾਵਾਂ ਅਤੇ ਰਾਜ ਦੀਆਂ ਸਮੁੱਚੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਕਰਕੇ ਢੁਕਵੀਂ ਸੋਧ ਕਰਵਾਉਣ ਲਈ ਵਿਚਾਰ-ਵਟਾਂਦਰਾ ਕੀਤਾ ਜਾਵੇ। ਮੈਂ ਨਾਲ ਹੀ ਹਵਾਲਾ ਦੇਵਾਂਗਾ ਕਿ....

**ਸ਼੍ਰੀ ਸਭਾਪਤੀ** : ਸਿੱਧੂ ਸਾਹਿਬ, ਤੁਸੀਂ ਬਾਅਦ ਵਿੱਚ ਬੋਲ ਲੈਣਾ। ਬਾਅਦ ਵਿੱਚ ਜਵਾਬ ਦੇ ਦੇਣਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਮਾਨਯੋਗ ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਇੱਕ ਅਜਿਹਾ ਵਿਸ਼ਾ ਹੈ ਜਿਹੜਾ ਮੇਰਾ ਖਿਆਲ ਹੈ ਕਿ ਅੱਜ ਪੰਜਾਬ ਵਿੱਚ ਜਿਥੇ ਨਸ਼ਾ ਇੱਕ ਬੜੀ ਵੱਡੀ ਪ੍ਰਾਬਲਮ ਹੈ, ਬੇਰੁਜ਼ਗਾਰੀ ਬੜੀ ਵੱਡੀ ਪ੍ਰਾਬਲਮ ਹੈ, ਕਿਸਾਨੀ ਦੀਆਂ ਖੁਦਕਸ਼ੀਆਂ ਬੜੀ ਵੱਡੀ ਪ੍ਰਾਬਲਮ ਹੈ, ਮਜ਼ਦੂਰਾਂ ਦੀਆਂ ਬੜੀਆਂ ਪ੍ਰਾਬਲਮਜ਼ ਹਨ ਲੇਕਿਨ ਇਹ ਜਿਹੜਾ ਸਟਰੇਅ ਕੈਟਲਜ਼ ਵਾਲਾ ਇਸ਼ੂ ਹੈ, ਇਹ ਸਾਰੇ ਪਾਸੇ ਹੈ ਅਤੇ ਇਸ ਨੇ ਹਰੇਕ ਸੂਬੇ ਨੂੰ ਤੰਗ ਕੀਤਾ ਹੋਇਆ ਹੈ। ਸਾਲ 2003 ਵਿਚ ਜਦੋਂ ਮੈਂ ਸਰਪੰਚ ਬਣਿਆ ਸੀ, ਮੈਨੂੰ ਯਾਦ ਹੈ ਕਿ ਸਵੇਰੇ ਪੰਜ ਵਜੇ ਮੈਨੂੰ ਇੱਕ ਕਿਸਾਨ ਦਾ ਫੋਨ ਆਇਆ ਤੇ ਕਹਿੰਦਾ, "ਬਾਈ ਜੀ, ਹੁਣ ਤੁਹਾਨੂੰ ਅਸੀਂ ਸਰਪੰਚ ਬਣਾ ਦਿੱਤਾ ਹੈ ਤੇ ਕਿਰਪਾ ਕਰਕੇ ਸਾਨੂੰ ਤੁਸੀਂ ਸੌਣ ਲਗਾ ਦਿਉ।" ਚੇਅਰਮੈਨ ਸਾਹਿਬ, ਕਿਸਾਨ ਸੌਂਦਾ ਨਹੀਂ ਹੈ, ਦਿਨੇ ਤਾਂ ਉਸ ਨੂੰ ਜਿਹੜਾ ਆੜ੍ਹਤੀਏ ਦਾ ਕਰਜ਼ਾ ਦੇਣਾ ਹੈ, ਉਹ ਸਤਾਉਂਦਾ ਹੈ, ਦੁਪਹਿਰੇ ਬੈਂਕਾਂ ਵਾਲਿਆਂ ਦੇ ਵਾਰੰਟ ਸਤਾਉਂਦੇ ਹਨ, ਚਾਰ ਕੁ ਵਜੇ

ਪਿੰਡ ਦੇ ਪੰਚ ਸਰਪੰਚ ਕਹਿ ਦਿੰਦੇ ਹਨ ਕਿ ਥਾਣੇ ਦਾ ਥਾਣੇਦਾਰ ਪੈਸੇ ਮੰਗਦਾ ਹੈ ਅਤੇ ਰਾਤ ਨੂੰ ਇਹ ਜਿਹੜੀਆਂ ਅਵਾਰਾ ਗਾਈਆਂ ਹਨ, ਉਹ ਨਹੀਂ ਸੌਣ ਦਿੰਦੀਆਂ। ਕੋਈ ਮਾਂ, ਜਿਸ ਦਾ ਬੱਚਾ ਸਕੂਟਰ ਉਤੇ ਰਿਸ਼ਤੇਦਾਰੀ ਵਿਚ ਗਿਆ ਹੋਵੇ ਉਹ ਉਤਨੀ ਦੇਰ ਤੱਕ ਨਹੀਂ ਸੌਂਦੀ ਜਿੰਨੀ ਦੇਰ ਤੱਕ ਉਹ ਘਰੇ ਨਹੀਂ ਮੁੜ ਆਉਂਦਾ। ਇਹ ਸ਼ਹਿਰਾਂ ਵਾਲਿਆਂ ਦੀ ਵੀ ਸਮੱਸਿਆ ਹੈ ਤੇ ਪਿੰਡਾਂ ਵਾਲਿਆਂ ਦੀ ਵੀ ਸਮੱਸਿਆ ਹੈ। ਚੇਅਰਮੈਨ ਸਾਹਿਬ, ਸਾਹਮਣੇ ਵਾਲੇ ਤਾਂ ਸਾਰੇ ਆਲਮ ਫਾਜ਼ਲ ਹਨ, ਬੜੇ ਵੱਡੇ ਹਨ। ਸਭ ਤੋਂ ਵੱਧ ਜੇ ਮੈਂ ਕਿਸੇ ਮੈਂਬਰ ਨੂੰ ਮੇਰੇ ਵਾਲੇ ਪਾਸਿਉਂ ਮਾਨਯੋਗ ਸਮਝਦਾ ਹਾਂ ਤਾਂ ਉਹ ਵਡਾਲਾ ਸਾਹਿਬ ਹਨ ਜੋ ਕਿ ਬਹੁਤ ਵਧੀਆ ਸੈਂਸੇਬਲ ਗੱਲ ਗੁਰੂ ਤੋਂ ਡਰ ਕੇ ਕਰਨ ਵਾਲੀ ਕਰਦੇ ਹਨ। ਇਨ੍ਹਾਂ ਨੇ ਬੜੀ ਵਧੀਆ ਗੱਲ ਕਹੀ ਹੈ ਕਿ ਇਹ ਤੁਸੀਂ ਨਸਲੀ ਭੇਦਭਾਵ ਕਰਦੇ ਹੋ । ਚੇਅਰਮੈਨ ਸਾਹਿਬ, ਜਿੰਨੀ ਕੁ ਮੇਰੀ ਸਮਝ ਹੈ, ਮੈਨੂੰ ਇੰਜ ਲੱਗਦਾ ਹੈ ਕਿ ਜਿਹੜੀ ਇਹ ਐਚ.ਐਫ. ਬਰੀਡ ਹੈ, this was developed for meat. ਇਹ ਮੀਟ ਵਾਸਤੇ ਡਿਵੈਲਪ ਕੀਤੀ ਗਈ ਸੀ। ਮੇਰੀ ਸਮਝ ਇਹ ਕਹਿੰਦੀ ਹੈ ਜਦੋਂ ਇਸ ਦਾ ਕਰਾਸ ਬਰੀਡ ਪਿੱਗ ਨਾਲ ਕੀਤਾ ਗਿਆ, ਸਾਇੰਟੀਫਿਕਲੀ this is a cow pig, ਇਹ ਗਾਂ ਨਹੀਂ ਹੈ, ਤਾਂ ਐਕਸੀਡੈਂਟਲੀ ਇਸ ਦੀ ਮਿਲਕ ਪ੍ਰੋਡੱਕਸ਼ਨ ਵਧ ਗਈ ਅਤੇ ਉਸ ਨੂੰ ਸਾਰੇ ਵਰਲਡ ਲੈਵਲ ਉਤੇ ਦੁੱਧ ਦੀ ਪ੍ਰੋਡਕਸ਼ਨ ਵਾਸਤੇ ਵਰਤਣ ਲੱਗ ਪਏ। ਇਨ੍ਹਾਂ ਦਾ ਔਰ ਆਪਣੀ ਦੇਸੀ ਗਾਂ ਦਾ ਬੜਾ ਫਰਕ ਹੈ। ਦੇਸੀ ਗਾਂ ਬਾਰੇ ਮੈਨੂੰ ਮੇਰੀ ਮਾਤਾ ਦੱਸਦੀ ਹੁੰਦੀ ਸੀ ਕਿ ਮੇਰਾ ਛੋਟਾ ਬ੍ਰਦਰ ਜਦੋਂ ਤਿੰਨ ਕੁ ਮਹੀਨਿਆਂ ਦਾ ਸੀ, ਉਹ ਵਿਹੜੇ ਵਿੱਚ ਮੰਜੇ ਉਤੇ ਪਿਆ ਸੀ ਤੇ ਕਿਤੇ ਵੱਛਾ ਭੱਜਿਆ ਆਇਆ। ਵੱਛੇ ਬੜੇ ਚੰਚਲ ਹੁੰਦੇ ਹਨ ਜੀ, ਉਹ ਉਸ ਦੇ ਢਿੱਡ ਉਤੇ ਪੈਰ ਰੱਖ ਕੇ ਅਗਾਂਹ ਲੰਘ ਗਿਆ ਪਰ ਉਸ ਨੇ ਉਸ ਉਤੇ ਆਪਣਾ ਭਾਰ ਨਹੀਂ ਪਾਇਆ। ਸੋ, ਸਾਡੀ ਜਿਹੜੀ ਦੇਸੀ ਗਾਂ ਹੈ ਉਹ ਇੰਨੀ ਇੰਟੈਲੀਜੈਂਟ ਹੈ। ਉਸ ਦਾ ਦੁੱਧ ਪੀ ਕੇ ਬੰਦਾ ਮੈਂਟਲੀ ਸਟਰੌਂਗ ਹੁੰਦਾ ਹੈ। (ਵਿਘਨ...) ਮੈਨੂੰ ਪਤਾ ਲੱਗਿਆ ਹੈ ਕਿ ਮਹਾਰਾਜਾ ਸਾਹਿਬ ਤਾਂ ਅੱਜ ਨਹੀਂ ਆਏ ਕਿਉਂਕਿ ਅੱਜ ਤੁਸੀਂ ਉਨ੍ਹਾਂ ਦੀ ਜੈਕੇਟ ਪਾ ਆਏ ਹੋ (ਟਰੇਜ਼ਰੀ ਬੈਂਚਿਜ਼ ਦੇ ਮੈਂਬਰ, ਸਰਦਾਰ ਦਰਸ਼ਨ ਸਿੰਘ ਬਰਾੜ ਵੱਲ ਇਸ਼ਾਰਾ) ਤੁਸੀਂ ਰਹਿਣ ਦਿਉ, ਲੈ ਜਾਣੀ ਹੈ ਤੁਹਾਡੀ ਉਨ੍ਹਾਂ ਨੇ।

**ਸ਼੍ਰੀ ਸਭਾਪਤੀ:** ਸੰਧਵਾਂ ਜੀ, ਪਲੀਜ਼।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਠੀਕ ਹੈ। ਚੇਅਰਮੈਨ ਸਾਹਿਬ, ਮੈਂ ਇਸ ਵਿੱਚ ਜਿਹੜੀ ਬੇਨਤੀ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਹ ਬੜੀ ਵੱਡੀ ਸਮੱਸਿਆ ਹੈ। ਅਸੀਂ ਤਾਂ ਉਤਨੀ ਦੇਰ ਤੱਕ ਕੀੜੀ ਮਾਰਨ ਨੂੰ ਵੀ ਮਾੜਾ ਸਮਝਦੇ ਹਾਂ ਜਿੰਨੀ ਦੇਰ ਤੱਕ ਉਹ ਆਪਣੇ ਲੜਦੀ ਨਹੀਂ । ਗਾਵਾਂ ਦੀ, ਬੰਦਿਆਂ ਦੀ ਗੱਲ ਕਰੀਏ, ਗੁਰੂ ਸਾਹਿਬ ਇਹ ਫੁਰਮਾਉਂਦੇ ਹਨ:

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।।**

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।**

ਆਪਾਂ ਤਾਂ ਪਾਣੀ ਨੂੰ ਵੀ ਨਹੀਂ ਬਖਸ਼ਿਆ। ਪਾਣੀ ਦੇ ਵਿੱਚ ਵੀ ਜ਼ਹਿਰਾਂ ਹਨ, ਸ਼ਰਮਾ ਸਾਹਿਬ ਵੀ ਸਹਿਮਤ ਹੋਣਗੇ। ਚੇਅਰਮੈਨ ਸਾਹਿਬ, ਪਾਣੀ ਵਿਚ ਵੀ ਅਸੀਂ ਜ਼ਹਿਰਾਂ ਪਾਈ ਜਾਂਦੇ ਹਾਂ ...

**ਸ਼੍ਰੀ ਐਨ.ਕੇ.ਸ਼ਰਮਾ (ਬੈਠੇ ਬੈਠੇ):** ਜੇ ਗੁਰੂਆਂ ਦੀ ਗੱਲ ਕਰਦੇ ਹੋ ਤਾਂ ਗੁਰੂ ਦੇ ਸਿਧਾਂਤਾਂ ਦੀ ਗੱਲ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਗੁਰੂਆਂ ਦੇ ਸਿਧਾਂਤ ਕੀ ਕਹਿੰਦੇ ਹਨ ਜੀ, ਇਹ ਤੁਸੀਂ ਮੈਨੂੰ ਦੱਸ ਦੇਣਾ ਜਦੋਂ ਤੁਹਾਡੀ ਵਾਰੀ ਆਵੇਗੀ ।

**ਸ਼੍ਰੀ ਸਭਾਪਤੀ:** ਸੰਧਵਾਂ ਜੀ, ਪਲੀਜ਼ ਤੁਸੀਂ ਕਾਂਟੀਨਿਊ ਕਰੋ ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਸਾਡੇ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਦੀ ਵਾਰੀ ਆਵੇਗੀ, ਉਦੋਂ ਕਹਿ ਲੈਣ। ਅਸੀਂ ਤਾਂ ਸਰਬੱਤ ਦੇ ਭਲੇ ਵਾਸਤੇ ਇਹ ਗੱਲ ਕਹਿੰਦੇ ਹਾਂ। ਇਸ ਧਰਤੀ ਤੇ ਸਭ ਤੋਂ ਵੱਧ ਕੀਮਤੀ ਜੇ ਕੋਈ ਜੂਨ ਹੈ ਤਾਂ ਉਹ ਮਨੁੱਖਾ ਜੂਨ ਹੈ। ਜੇ ਕੋਈ ਬੰਦਾ ਹਲਕ ਜਾਵੇ ਅਤੇ ਬੰਦਿਆਂ ਨੂੰ ਮਾਰਨ ਲੱਗ ਜਾਵੇ ਤਾਂ ਉਸ ਨੂੰ ਵੀ ਕਾਨੂੰਨ ਫਾਂਸੀ ਦੀ ਸਜ਼ਾ ਦਿੰਦਾ ਹੈ। ਉਦੋਂ ਤੁਹਾਡੀ ਇਹ ਅਹਿੰਸਾ ਕਿੱਥੇ ਜਾਂਦੀ ਹੈ? ਜੀਵ ਹੱਤਿਆ ਕਿੱਥੇ ਜਾਂਦੀ ਹੈ? ਇਹ ਫਾਂਸੀ ਨਾਲੋਂ ਵੱਧ ਕੰਮ ਹੁੰਦਾ ਹੈ ਜੀ। ਅਵਾਰਾ ਪਸ਼ੂਆਂ ਕਾਰਨ ਨਿੱਕੇ-ਨਿੱਕੇ ਬੱਚਿਆਂ ਦਾ ਐਕਸੀਡੈਂਟ ਹੋ ਜਾਂਦਾ ਹੈ, ਸਾਰੀ-ਸਾਰੀ ਉਮਰ ਉਹ ਮੰਜਿਆਂ ਉਤੇ ਪਏ ਰਹਿੰਦੇ ਹਨ। ਸੋ, ਇਸ ਚੀਜ਼ ਦਾ ਹੱਲ ਕੱਢਣਾ ਹੈ। ਇਹ ਜਿਹੜੀ ਵੱਡੀ ਸਮੱਸਿਆ ਹੈ, ਇਸ ਦਾ ਹੱਲ ਕੱਢਣਾ ਹੈ। ਮੈਨੂੰ ਲਗਦਾ ਹੈ ਕਿ ਗੁਰੂ ਸਾਹਿਬ ਦੀ ਬੜੀ ਕਿਰਪਾ ਹੈ, ਮੈਂ ਧਰਮ ਤੋਂ ਬਾਹਰ ਨਹੀਂ ਜਾਂਦਾ ਪਰ ਮੈਨੂੰ ਇੰਜ ਲਗਦਾ ਹੈ ਕਿ ਜੇ ਤੁਸੀਂ ਬੰਦੇ ਹੀ ਮਰਵਾਉਣੇ ਹਨ ਤਾਂ ਸਾਰੇ ਦੇਸ਼ ਵਿੱਚ ਪਸ਼ੂ ਹੀ ਰੱਖ ਲਵੋ ਜੀ। ਚੇਅਰਮੈਨ ਸਾਹਿਬ, ਇਹ ਪਸ਼ੂ ਬੰਦੇ ਹੀ ਮਾਰੀ ਜਾਂਦੇ ਹਨ। ਨਾ ਸਾਡੀਆਂ ਫਸਲਾਂ ਸੁਰੱਖਿਅਤ ਹਨ ਅਤੇ ਨਾ ਹੀ ਸੜਕਾਂ ਤੇ ਫਿਰਦੇ ਸਾਡੇ ਬੱਚੇ ਸੁਰੱਖਿਅਤ ਹਨ। ਪਿਛਲੇ ਸਾਲ ਚਾਰ ਵਾਰ ਤਾਂ ਮੇਰਾ ਹੀ ਐਕਸੀਡੈਂਟ ਹੋ ਚੁੱਕਿਆ ਹੈ। ਚੇਅਰਮੈਨ ਸਾਹਿਬ, ਇਹ ਸਾਰੇ ਪੰਜਾਬ ਦੀ ਬਹੁਤ ਵੱਡੀ ਸਮੱਸਿਆ ਹੈ, ਇਸ ਦਾ ਅੱਜ ਹੱਲ ਕੱਢ ਕੇ ਜਾਇਓ। ਇਸ ਦਾ ਹੋਰ ਕੋਈ ਹੱਲ ਨਹੀਂ ਹੈ। ਜਿਹੜੀ ਆਪਣੀ ਦੇਸੀ ਗਾਂ ਹੈ, ਉਸ ਨੂੰ ਤੁਸੀਂ ਪ੍ਰੋਟੈਕਟ ਨਹੀਂ ਕਰਦੇ। ਸਾਹੀਵਾਲ ਨੂੰ ਅਸਟ੍ਰੇਲੀਆ ਵਾਲਿਆਂ ਨੇ ਪੇਟੈਂਟ ਕਰਵਾ ਲਿਆ ਹੈ। ਅਸੀਂ ਉਸ ਪਾਸੇ ਗੱਲ ਨਹੀਂ ਕਰਦੇ। ਜਿਹੜਾ ਗਊ ਬੋਰਡ ਬਣਾਇਆ ਹੈ ਇਹ ਸਿਰਫ ਪਸ਼ੂਆਂ ਦੇ ਵਪਾਰੀਆਂ ਨੂੰ ਕੁੱਟਣ ਵਾਸਤੇ ਬਣਾਇਆ ਹੈ। ਉਨ੍ਹਾਂ ਨੂੰ ਕੁੱਟ ਕੁੱਟ ਕੇ ਉਨ੍ਹਾਂ ਦੇ ਲਾਸ਼ਾਂ ਪਾ ਦਿੱਤੀਆਂ ਹਨ ਅਤੇ ਪਸ਼ੂਆਂ ਦੀ ਬੇਕਦਰੀ ਹੋ ਗਈ ਹੈ। ਕੋਈ ਹੱਲ ਕੱਢਣ ਨਾਲ ਇਨ੍ਹਾਂ ਪਸ਼ੂਆਂ ਦੀ ਕਦਰ ਵੀ ਵਧੇਗੀ। ਚੇਅਰਮੈਨ ਸਾਹਿਬ, ਅਸੀਂ ਕੋਟਕਪੂਰਾ ਧਰਨਾ ਲਗਾਇਆ ਸੀ। ਬ੍ਰਹਮ ਮਹਿੰਦਰਾ ਜੀ ਬਹੁਤ ਸਤਿਕਾਰਯੋਗ ਹਨ, ਇਹ ਮੈਨੂੰ ਕਦੇ ਕਿਸੇ ਗੱਲੋਂ ਜਵਾਬ ਹੀ ਨਹੀਂ ਦਿੰਦੇ। ਕੋਟਕਪੂਰਾ ਗਊਸ਼ਾਲਾ ਵਿੱਚ ਦੇਸੀ ਗਊਆਂ ਭੁੱਖੀਆਂ ਮਰ ਗਈਆਂ। ਮੈਨੂੰ ਕਿਸੇ ਨੇ ਵੀਡੀਓ ਭੇਜੀ ਸੀ, ਉਨ੍ਹਾਂ ਵਿਚੋਂ ਇਕ ਦੀ ਲੱਤ ਟੁੱਟੀ ਹੋਈ ਸੀ ਪਰ ਉਸ ਦਾ ਇਲਾਜ ਹੀ ਨਹੀਂ ਕਰਵਾਇਆ ਗਿਆ। ਉੱਥੇ ਗਾਵਾਂ ਭੁੱਖੀਆਂ ਮਰ ਰਹੀਆਂ ਹਨ। ਉਨ੍ਹਾਂ ਬਾਰੇ

Under Print
Not for Legal/Official use

ਆਪਾਂ ਕਿਸੇ ਨੇ ਨਹੀਂ ਬੋਲਣਾ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਸਾਰੇ ਪੰਜਾਬ ਦੇ ਲੋਕ ਉੱਠ ਖੜ੍ਹੇ ਹੋਣ। ਪਰ ਲੋਕ ਡਰਦੇ ਹਨ। ਮੈਂ ਲੋਕਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਾਮ੍ਹਣੇ ਵਾਲੇ ਲੋਕ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਡਰਦੇ ਹਨ ਕਿ ਹੋਰ ਤਾਂ ਸਾਡੇ ਤੋਂ ਕੋਈ ਕੰਮ ਨਹੀਂ ਹੋਇਆ, ਕਿਤੇ ਇਸ ਪਾਸੇ ਮਾੜਾ-ਮੋਟਾ ਵੀ ਗਲਤ ਕੰਮ ਨਾ ਹੋ ਜਾਵੇ। *ਨਰ ਸੇਵਾ ਨਰਾਇਣ ਸੇਵਾ* - ਤੁਸੀਂ ਬੰਦਿਆਂ ਦੀ ਸੇਵਾ ਕਰ ਲਓ, ਸਾਰੀ ਦੁਨੀਆ ਖੁਸ਼ ਹੋ ਜਾਵੇਗੀ। ਕੋਈ ਧਰਮ ਤੁਹਾਨੂੰ ਮਾੜਾ ਨਹੀਂ ਕਹੇਗਾ, ਤੁਸੀਂ ਨਰ ਦੀ ਸੇਵਾ ਕਰੋ, ਬੰਦਿਆਂ ਦੀ ਸੇਵਾ ਕਰੋ, ਮਨੁੱਖ ਦੀ ਸੇਵਾ ਕਰੋ ਅਤੇ ਇਹ ਬਹੁਤ ਜ਼ਰੂਰੀ ਹੈ। ਚੇਅਰਮੈਨ ਸਾਹਿਬ, ਟੀਕੇ ਲਗਾ ਲਗਾ ਕੇ ਪਸ਼ੂ ਮਾਰ ਦਿੱਤੇ ਹਨ। ਹੁਣ ਗੱਲ ਖੇਡ ਮੰਤਰੀ ਜੀ ਦੀ ਚੱਲ ਰਹੀ ਸੀ, ਅਸੀਂ ਉਨ੍ਹਾਂ ਜਿੰਨਾ ਕੰਮ ਨਹੀਂ ਕਰ ਸਕਦੇ, ਇਨ੍ਹਾਂ ਨੇ ਤਾਂ ਨਿੱਕੇ ਨਿੱਕੇ ਜੁਆਕ ਡਾਕਟਰ ਬਣਾ ਦਿੱਤੇ। ਸੋ, ਚੇਅਰਮੈਨ ਸਾਹਿਬ, ਮੈਂ ਦੁਬਾਰਾ ਇਹ ਬੇਨਤੀ ਕਰਦਾ ਹਾਂ ਕਿ ਇਸ ਨੂੰ ਖੁੱਲ੍ਹੇ ਦਿਲ ਨਾਲ ਲਿਆ ਜਾਵੇ। ਕੱਟੜ ਹਿੰਦੂ ਧਾਰਮਿਕ ਗਿਆਨੀਆਂ ਨੇ ਮੈਨੂੰ ਕਿਹਾ ਹੈ ਕਿ ਜਦੋਂ ਮਨੁੱਖ ਦੀ ਹੋਂਦ ਨੂੰ ਖਤਰਾ ਹੁੰਦਾ ਹੈ ਤਾਂ ਜਿਸ ਚੀਜ਼ ਤੋਂ ਖਤਰਾ ਹੁੰਦਾ ਹੈ, ਉਸ ਦਾ ਹੱਲ ਕਰ ਲੈਣਾ ਕੋਈ ਮਾੜੀ ਗੱਲ ਨਹੀਂ ਹੈ। ਸੋ, ਮੈਂ ਇਸ ਮਤੇ ਨਾਲ ਸਹਿਮਤ ਹੁੰਦਾ ਹੋਇਆ ਇਜ਼ਾਜਤ ਲੈਂਦਾ ਹਾਂ, ਬਹੁਤ ਬਹੁਤ ਧੰਨਵਾਦ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)** : ਧੰਨਵਾਦ, ਚੇਅਰਮੈਨ ਸਾਹਿਬ। ਤੁਸੀਂ ਮੈਨੂੰ ਇਕ ਬਹੁਤ ਹੀ ਇੰਪਾਰਟੈਂਟ ਇਸ਼ੂ ਤੇ, ਮਸਲੇ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮੇਰੇ ਤੋਂ ਪਹਿਲਾਂ ਮੇਰੀ ਸਾਥੀਆਂ ਨੇ ਬੜੀ ਡਿਟੇਲ ਵਿੱਚ ਗੱਲ ਕੀਤੀ ਹੈ ਅਤੇ ਸਾਮ੍ਹਣੇ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੇ ਸੁਝਾਅ ਵੀ ਦਿੱਤਾ ਹੈ। ਮੈਂ ਉਸ ਵਿੱਚ ਇਕ ਗੱਲ ਐਡ ਕਰਨਾ ਚਾਹੁੰਦੀ ਹਾਂ ਅਤੇ ਅਵਾਰਾ ਪਸ਼ੂਆਂ ਕਰਕੇ ਸੜਕਾਂ ਤੇ ਹੋਈਆਂ ਐਕਸੀਡੈਂਟਾਂ ਦੀਆਂ ਰਿਪੋਰਟਾਂ ਅੱਜ ਇਸ ਹਾਊਸ ਦੇ ਜ਼ਰੀਏ ਪ੍ਰੈਜ਼ੈਂਟ ਕਰਨਾ ਚਾਹੁੰਦੀ ਹਾਂ। ਚੇਅਰਮੈਨ ਸਾਹਿਬ, ਅਜਿਹੇ ਹਾਦਸੇ ਅਤੇ ਦਿਲ ਕੰਬਾਊ ਘਟਨਾਵਾਂ ਜਿਹੜੀਆਂ ਵਾਪਰਦੀਆਂ ਹਨ, ਉਹ ਸਿਰਫ ਪੰਜਾਬ ਵਿੱਚ ਵਾਪਰਦੀਆਂ ਹਨ, ਦਿੱਲੀ ਵਿੱਚ ਨਹੀਂ। ਮੇਰੇ ਖਿਆਲ ਵਿੱਚ ਇੱਥੇ ਪੰਜਾਬ ਸਰਕਾਰ ਨੂੰ ਹੀ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਇਹੋ ਜਿਹੀਆਂ ਦਿਲ ਕੰਬਾਉਣ ਵਾਲੀਆਂ ਘਟਨਾਵਾਂ ਵਾਪਰਦੀਆਂ ਹਨ ਕਿ ਸੁਣਨ ਵਾਲੇ ਦਾ ਦਿਲ ਘਬਰਾ ਉੱਠਦਾ ਹੈ। ਮੈਂ ਸਿਰਫ ਥੋੜ੍ਹਾ ਜਿਹਾ ਡਾਟਾ ਹੀ ਰੱਖਣਾ ਚਾਹੁੰਦੀ ਹਾਂ ਕਿਉਂਕਿ ਬੋਲਣ ਵਾਸਤੇ ਰਿਪੋਰਟਾਂ ਜਾਂ ਸਰਵੇਅ ਬਹੁਤ ਹਨ। ਚੰਡੀਗੜ੍ਹ ਦੇ ਟ੍ਰਿਬਿਊਨ ਅਖਬਾਰ ਦੀ ਸਤੰਬਰ, 2019 ਦੀ ਰਿਪੋਰਟ ਦੇ ਮੁਤਾਬਿਕ ਇਸ ਵੇਲੇ ਕੇਵਲ ਸੜਕਾਂ ਤੇ ਜਿਹੜੇ ਅਵਾਰਾ ਪਸ਼ੂ ਘੁੰਮ ਰਹੇ ਹਨ, ਉਹ 1.10 ਲੱਖ ਤੋਂ ਕਿਤੇ ਜ਼ਿਆਦਾ ਵੱਧ ਹਨ। ਜੇਕਰ ਅਸੀਂ on average ਗੱਲ ਕਰੀਏ ਤਾਂ ਤਕਰੀਬਨ 150 ਮੌਤਾਂ ਐਕਸੀਡੈਂਟਾਂ ਕਰਕੇ ਹੁੰਦੀਆਂ ਹਨ। ਇਹ ਗੱਲ ਮੈਂ ਪੰਜਾਬ ਦੀ ਕਰ ਰਹੀ ਹਾਂ ਨਾ ਕਿ ਦਿੱਲੀ ਦੀ। ਮੈਂ ਅਗਲੀ ਗੱਲ ਕਰਾਂਗੀ, ਹਰ ਤੀਜੇ ਦਿਨ ਸੜਕ ਹਾਦਸੇ ਅਵਾਰਾ ਪਸ਼ੂਆਂ ਕਰਕੇ ਹੁੰਦੇ ਹਨ, ਹਰ ਤੀਜੇ ਦਿਨ ਐਕਸੀਡੈਂਟ ਅਵਾਰਾ ਪਸ਼ੂਆਂ ਕਰਕੇ ਹੁੰਦੇ ਹਨ, ਹਰ ਤੀਜੇ ਦਿਨ ਇਸ ਪੰਜਾਬ ਵਿੱਚ just because of

Under Print
Not for Legal/Official use

ਸੜਕਾਂ ਤੇ ਫਿਰਦੇ ਅਵਾਰਾ ਪਸ਼ੂਆਂ ਕਰਕੇ ਜਾਂ ਤਾਂ ਕੋਈ ਜਖਮੀ ਹੁੰਦਾ ਹੈ ਅਤੇ ਜਾਂ ਫੇਰ ਦਮ ਤੋੜ ਜਾਂਦਾ ਹੈ, ਉਸ ਦੀ ਡੈੱਥ ਹੋ ਜਾਂਦੀ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਜੀ ਦਾ ਆਪਣਾ ਘਰ ਪਟਿਆਲਾ ਵਿਖੇ ਹੈ, ਮੰਤਰੀ ਜੀ ਸਾਮ੍ਹਣੇ ਬੈਠੇ ਹਨ, ਸ਼੍ਰੀ ਬ੍ਰਹਮ ਮਹਿੰਦਰਾ ਜੀ ਦਾ ਘਰ ਵੀ ਪਟਿਆਲਾ ਵਿਖੇ ਹੈ। ਪਿਛਲੇ ਸਾਲ ਸਤੰਬਰ ਵਿੱਚ ਇਕ ਬਹੁਤ ਦੁਖਦਾਈ ਘਟਨਾ ਵਾਪਰੀ ਸੀ, ਸ਼ਾਇਦ ਸਾਰਿਆਂ ਨੇ ਪੜ੍ਹੀ ਹੋਵੇਗੀ, ਮੈਂ ਉਸ ਦੀ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦੀ। ਉਥੇ ਚਾਰ ਵਿਅਕਤੀਆਂ ਦੀ ਮੌਤ ਹੋਈ ਸੀ ਜੋ ਕਿ ਬੜੀ ਦਿਲ ਕੰਬਾ ਦੇਣ ਵਾਲੀ ਘਟਨਾ ਸੀ। ਇੰਨੀਆਂ ਦਿਲਕੰਬਾਊ ਘਟਨਾਵਾਂ ਵਾਪਰਨ ਦੇ ਬਾਵਜੂਦ ਸਰਕਾਰ ਅਵਾਰਾ ਪਸ਼ੂਆਂ ਦੇ regarding totally irresponsibility show ਕਰ ਰਹੀ ਹੈ। ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਵੀ ਇਸ ਬਾਬਤ ਆਪਣੀ ਇੱਕ ਜਜਮੈਂਟ ਸਾਲ 2018 ਵਿੱਚ ਦਿੱਤੀ ਸੀ। ਮਾਨਸਾ ਦੇ ਇੱਕ ਵਿਅਕਤੀ ਹਾਕਮ ਸਿੰਘ ਵਲੋਂ ਇੱਕ ਪਟੀਸ਼ਨ ਪਾਈ ਗਈ ਸੀ। ਉਹ ਜਜਮੈਂਟ ਕੀ ਕਹਿੰਦੀ ਹੈ- Punjab government to finalize its policy for giving compensation to the dependents of victims of accidents caused due to stray animals ਹਾਕਮ ਸਿੰਘ ਦੇ ਲੜਕੇ ਦੀ due to road accident memory ਚਲੀ ਗਈ ਸੀ। ਉਹ ਰੋਡ ਐਕਸੀਡੈਂਟ ਕਿਉਂ ਹੋਇਆ ਸੀ? ਉਹ due to stray animals ਹੋਇਆ ਸੀ। ਉਸ ਦੇ ਲੜਕੇ ਦੀ ਨਿਊਰੋਸਰਜਰੀ ਹੋਣ ਦੇ ਬਾਵਜੂਦ ਵੀ ਮੈਮਰੀ ਵਾਪਸ ਨਹੀਂ ਆ ਸਕੀ ਅਤੇ ਅਖੀਰ ਲੜਕਾ ਦਮ ਤੋੜ ਗਿਆ ਸੀ। ਇੰਨੀਆਂ ਕੀਮਤੀ ਜਾਨਾਂ ਅੱਜ ਸਾਡੇ ਪੰਜਾਬ ਵਿਚੋਂ ਗੁਆਚ ਰਹੀਆਂ ਹਨ, ਕਿਸੇ ਦੇ ਬੱਚੇ ਗੁਆਚ ਰਹੇ ਹਨ, ਕਿਸੇ ਦੇ ਮਾਂ-ਬਾਪ ਗੁਆਚ ਰਹੇ ਹਨ ਅਤੇ ਕਿਸੇ ਦੇ ਭੈਣ-ਭਾਈ ਗੁਆਚ ਰਹੇ ਹਨ। Just because of ਕਿ ਸਰਕਾਰ ਇਸ ਇੰਨੇ ਅਹਿਮ ਇਸ਼ੂ ਤੇ ਟੋਟਲੀ ਅੱਖਾਂ ਬੰਦ ਕਰਕੇ ਬੈਠੀ ਹੋਈ ਹੈ। ਚੇਅਰਮੈਨ ਸਾਹਿਬ, ਇਸ ਦੇ ਵਿਚ ਇੱਕ ਹੋਰ ਸਰਵੇ Ministry of Road Transport and Highways ਦਾ ਆਇਆ ਸੀ। ਉਨ੍ਹਾਂ ਨੇ ਵੀ ਬੜੀ ਬਰੀਕੀ ਦੇ ਨਾਲ ਜ਼ਿਕਰ ਕੀਤਾ- that there has been an increase of 38% road accidents due to stray cattle in Punjab as compared to the year 2015. ਇਹੀ ਨਹੀਂ, the number of deaths due to stray cattle on the State's roads increased to 39% as compared to the year before that. ਮੈਂ ਹਾਊਸ ਦੇ ਜ਼ਰੀਏ ਪੁੱਛਣਾ ਚਾਹੁੰਦੀ ਹਾਂ ਕਿ ਪੰਜਾਬ ਬਾਰੇ ਸਾਰੇ ਦੇ ਸਾਰੇ ਸਰਵੇ ਦੱਸ ਰਹੇ ਹਨ ਕਿ Just because of stray animals number of deaths, number of accidents ਦਿਨ-ਬ-ਦਿਨ ਵੱਧ ਰਹੀਆਂ ਹਨ, ਉਨ੍ਹਾਂ ਦੀ ਦਰ ਵੱਧ ਰਹੀ ਹੈ, ਰੋਡ ਐਕਸੀਡੈਂਟਸ ਵੱਧ ਰਹੇ ਹਨ ਪਰ ਸਰਕਾਰ ਦੀ ਰਿਸਪਾਂਸੀਬਿਲਟੀ ਕਿੱਥੇ ਤਹਿ ਹੁੰਦੀ ਹੈ ਜੀ? ਕਿੱਥੇ ਸਰਕਾਰ ਇਨ੍ਹਾਂ ਸਾਰੀਆਂ ਗੱਲਾਂ ਵੱਧ ਧਿਆਨ ਦੇ ਰਹੀ ਹੈ? ਜਦੋਂ ਕਾਉ ਸੈੱਸ ਦੀ ਗੱਲ ਆਉਂਦੀ ਹੈ, ਮੇਰੇ ਲੈਫਟ ਸਾਈਡ 'ਤੇ ਸਾਡੇ ਸਾਥੀ ਬੈਠੇ ਹਨ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਇਨ੍ਹਾਂ ਵੱਲੋਂ ਵੀ ਸਾਲ 2016 ਵਿਚ, ਲੱਗਭੱਗ ਜਿੰਨਾ ਕੁ

Under Print
Not for Legal/Official use

ਡਾਟਾ ਹੁਣ ਤੱਕ ਕੁਲੈਕਟ ਕੀਤਾ ਗਿਆ ਹੈ ਜਾਂ ਜਿਹੜਾ ਸਾਹਮਣੇ ਆਇਆ ਹੈ, ਉਸ ਤੋਂ ਇਹ ਵੱਧ ਹੀ ਹੋਵੇਗਾ, ਘੱਟ ਨਹੀਂ। ਨਾਲ 2016 ਤੱਕ ਕਾਓ ਸੈੱਸ ਕੁਲੈਕਸ਼ਨ ਦੀ 45 ਕਰੋੜ ਰੁਪਏ ਤੋਂ ਵੱਧ ਦੀ ਅਮਾਊਂਟ ਕੁਲੈਕਟ ਕੀਤੀ ਗਈ। (ਵਿਘਨ) ਮੈਂ 45 ਕਰੋੜ ਰੁਪਏ ਤੋਂ ਵੱਧ ਕਿਹਾ ਹੈ। ਮੈਂ ਇੱਧਰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਪੁੱਛਣਾ ਚਾਹੁੰਦੀ ਹਾਂ ਕਿ ਉਹ ਕਿੱਥੇ ਲੱਗ ਗਈ? (ਵਿਘਨ) ਮੈਂ ਤੁਹਾਡਾ ਵੀ ਦੱਸ ਦਿੰਦੀ ਹਾਂ। ਮੈਂ ਪਿਛਲੀ ਸਰਕਾਰ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਉਹ ਪੈਸਾ ਕਿੱਥੇ ਗਿਆ? ਇਹ ਦੱਸਣ ਕਿ ਪਿਛਲੀ ਸਰਕਾਰ ਨੇ ਹੁਣ ਤੱਕ ਕਿੰਨਾ ਕੁ ਰੋਲ ਪਲੇਅ ਕੀਤਾ? ਜਿਹੜੀ ਅਮਾਊਂਟ ਕੁਲੈਕਟ ਹੋਈ ਸੀ, ਉਹ ਕਿੱਥੇ ਲੱਗ ਗਈ ਜਾਂ ਕਿੱਥੇ ਰਹਿ ਗਈ? ਜਾਂ ਫਿਰ ਜੋ ਗਊਆਂ ਦੇ ਨਾਮ ਤੇ ਪੈਸਾ ਕੁਲੈਕਟ ਕੀਤਾ ਸੀ, ਉਹ ਖਾ ਲਿਆ ਗਿਆ? ਇਸ ਦਾ ਮਤਲਬ ਇਹੀ ਹੈ ਕਿ ਉਹ ਖਾਧਾ ਹੀ ਗਿਆ। ਸਾਡੀ ਹੁਣ ਵਾਲੀ ਸਰਕਾਰ ਨੇ ਕਿੰਨਾ ਕੁਲੈਕਟ ਕੀਤਾ ਹੈ, ਇਹ ਮੰਤਰੀ ਜੀ ਤੁਸੀਂ ਆਪ ਹੀ ਦੱਸ ਦਿਉ ਤਾਂ ਬੈਟਰ ਹੋਵੇਗਾ। ਪੰਜ ਮੈਂਬਰੀ ਕਮੇਟੀਆਂ ਵੀ ਬਣ ਗਈਆਂ, ਸਬ ਕਮੇਟੀਆਂ ਵੀ ਬਣ ਗਈਆਂ ਪਰ ਸਰਕਾਰ ਕਿਸੇ ਵੀ ਸੀਰੀਅਸ ਆਰਡਰ ਤੇ ਨਹੀਂ ਪਹੁੰਚੀ। ਚੇਅਰਮੈਨ ਸਾਹਿਬ, ਮੇਰੀ ਇਸ ਹਾਊਸ ਦੇ ਜ਼ਰੀਏ ਇੰਨੀ ਕੁ ਬੇਨਤੀ ਹੈ ਕਿ ਬੋਲਣ ਨੂੰ ਬਹੁਤ ਅੰਕੜੇ ਹਨ, ਬਹੁਤ ਡਾਟਾ ਹੈ ਪਰ ਇਸ ਮਤੇ ਨੂੰ ਇੱਕ ਸੀਰੀਅਸ ਆਰਡਰ ਦੇ ਵਿਚ ਪਾਸ ਕੀਤਾ ਜਾਵੇ। ਸਰਕਾਰ ਇਸ ਮਤੇ ਤੇ ਗੌਰ ਫਰਮਾਏ ਕਿ ਅਸੀਂ ਪੰਜਾਬ ਦੇ ਲੋਕਾਂ ਦੀਆਂ ਜਾਨਾਂ ਨੂੰ ਕਿਵੇਂ ਬਚਾਉਣਾ ਹੈ। ਜੇਕਰ ਇਕ ਪਾਸੇ ਅੱਜ ਕਿਸਾਨਾਂ ਤੇ ਕਰਜੇ ਦਾ ਭਾਰੀ ਬੋਝ ਪਿਆ ਹੈ ਤਾਂ ਦੂਜੇ ਪਾਸੇ ਪੰਜਾਬ ਦਾ ਹਰ ਕਿਸਾਨ ਅਵਾਰਾ ਪਸ਼ੂਆਂ ਕਾਰਨ ਵੀ ਬਹੁਤ ਦੁਖੀ ਹੈ। ਬਹੁਤ ਬਹੁਤ ਮਿਹਰਬਾਨੀ ਜੀ। ਧੰਨਵਾਦ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ (ਬਟਾਲਾ):** ਸਭਾਪਤੀ ਜੀ, ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਇਸ ਬੜੇ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਨੂੰ ਵਧਾਈ ਵੀ ਦਿੰਦਾ ਹਾਂ ਕਿ ਤੁਸੀਂ ਆਪਣੇ ਮਾਨਯੋਗ ਪਿਤਾ ਜੀ ਦੀ ਚੇਅਰ ਤੇ ਬੈਠੇ ਹੋ, ਤੁਸੀਂ ਵੀ ਉਨ੍ਹਾਂ ਤੇ ਪਦ ਚਿੰਨਾਂ ਤੇ ਚੱਲ ਰਹੇ ਹੋ, ਪ੍ਰਮਾਤਮਾ ਤੁਹਾਨੂੰ ਤਰੱਕੀ ਦੇਵੇ। ਮੈਂ ਆਪਣੇ ਸਾਥੀਆਂ, ਜਿਨ੍ਹਾਂ ਨੇ ਇਹ ਮਤਾ ਲਿਆਂਦਾ, ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਇਹ ਮਤਾ ਬਹੁਤ ਅਹਿਮ ਹੈ। ਅੱਜ ਆਪਾਂ ਦੇਖਦੇ ਹਾਂ ਕਿ ਰੋਜ਼ ਹੀ ਅਵਾਰਾ ਪਸ਼ੂਆਂ ਕਾਰਨ ਹਾਦਸੇ ਹੋ ਰਹੇ ਹਨ। ਕੋਈ ਵੀ ਦਿਨ ਅਜਿਹਾ ਨਹੀਂ ਹੁੰਦਾ, ਜਿਸ ਦਿਨ ਅਵਾਰਾ ਪਸ਼ੂਆਂ ਕਾਰਨ ਕੋਈ ਹਾਦਸਾ ਨਹੀਂ ਵਾਪਰਦਾ। ਚੇਅਰਮੈਨ ਸਾਹਿਬ, ਦੋ ਸਮੱਸਿਆਵਾਂ ਬਹੁਤ ਅਹਿਮ ਹਨ, ਇਕ ਅਵਾਰਾ ਕੁੱਤਿਆਂ ਦੀ ਸਮੱਸਿਆ ਹੈ ਤੇ ਦੂਜੀ ਅਵਾਰਾ ਗਾਵਾਂ ਦੀ, ਢੱਠਿਆਂ ਦੀ, ਜਿਨ੍ਹਾਂ ਨੂੰ ਆਪਾਂ ਮਾਝੇ ਵਿਚ ਵਹਿੜਕੇ ਜਾਂ ਸਾਨ੍ਹ ਵੀ ਕਹਿ ਦਿੰਦੇ ਹਾਂ। ਮੈਂ ਸਮਝਦਾ ਹਾਂ ਕਿ ਆਪਾਂ ਇੱਥੇ ਸਿਰਫ ਬੋਲ ਕੇ ਚਲੇ ਜਾਈਏ, ਇਹ ਕਾਫੀ ਨਹੀਂ ਹੈ। ਜਿਹੜੀ ਵੀ ਸਮੱਸਿਆ ਸਦਨ ਵਿਚ ਆਉਂਦੀ ਹੈ, ਤਾਂ ਸਾਰੇ ਮੈਂਬਰ ਸਾਹਿਬਾਨ ਨੂੰ ਆਪਣੇ ਵੱਲੋਂ ਉਸ ਸਮੱਸਿਆ ਦੇ ਹੱਲ ਦਾ ਵੀ ਜ਼ਿਕਰ ਕਰਨਾ ਚਾਹੀਦਾ ਹੈ ਕਿਉਂਕਿ ਪੂਰੇ ਪੰਜਾਬ ਦੇ ਵਿਚੋਂ 117 ਸਿਆਣੇ ਲੋਕ ਇਥੇ ਚੁਣ ਕੇ ਆਉਂਦੇ ਹਨ। ਸੋ, ਕਿਸੇ ਨਾ ਕਿਸੇ ਦੀ ਰਾਏ ਪ੍ਰਭਾਵਸ਼ਾਲੀ ਹੋ ਸਕਦੀ ਹੈ, ਜਿਸ ਨਾਲ ਰਾਜ

Under Print
Not for Legal/Official use

ਵਿਚ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਜੇਕਰ ਆਪਾਂ ਝਾਤੀ ਮਾਰ ਕੇ ਦੇਖੀਏ ਤਾਂ ਜਿਹੜੀ ਵੀ ਸਮੱਸਿਆ ਅੱਜ ਤੱਕ ਪੰਜਾਬ ਵਿਚ ਪੈਦਾ ਹੋਈ ਹੈ, ਉਹ ਘਟੀ ਨਹੀਂ ਸਗੋਂ ਵਧਦੀ ਗਈ ਹੈ। ਜਿਵੇਂ ਨਸ਼ੇ ਦੀ ਸਮੱਸਿਆ ਹੈ, ਮਿਲਾਵਟ ਦੀ ਸਮੱਸਿਆ ਹੈ, ਕੁਰੱਪਸ਼ਨ ਦੀ ਸਮੱਸਿਆ ਹੈ, ਬੇਰੁਜ਼ਗਾਰੀ ਦੀ ਸਮੱਸਿਆ ਹੈ। ਆਪਾਂ ਕਹਿ ਸਕਦੇ ਹਾਂ ਕਿ ਆਪਾਂ ਇਨ੍ਹਾਂ ਸਮੱਸਿਆਵਾਂ ਤੇ ਠੱਲ੍ਹ ਪਾਉਣ ਵਿਚ ਨਾਕਾਮ ਰਹੇ ਹਾਂ ਅਤੇ ਲੋਕ ਸਾਡੇ ਤੋਂ ਵਾਰ ਵਾਰ ਇਸ ਦਾ ਜਵਾਬ ਪੁੱਛਦੇ ਹਨ। ਸਾਡੀ ਸਰਕਾਰ ਵੇਲੇ ਵੀ ਗਊਸ਼ਾਲਾਵਾਂ ਬਣਾਈਆਂ ਗਈਆਂ ਸਨ, ਉਨ੍ਹਾਂ ਵਾਸਤੇ ਪੈਸੇ ਵੀ ਖਰਚ ਕੀਤੇ ਗਏ ਸਨ ਪਰ ਹੁਣ ਰੁਝਾਨ ਬਦਲ ਗਿਆ ਹੈ। ਸਾਡੇ ਘਰਾਂ ਵਿਚ ਵੀ ਗਾਵਾਂ ਹਨ, ਜਿਹੜੀਆਂ ਦੁੱਧ ਦਿੰਦੀਆਂ ਹਨ। ਚੇਅਰਮੈਨ ਸਾਹਿਬ, ਪੰਜਾਬ ਵਿੱਚ ਇਹ ਜਿਹੜੀਆਂ ਜਰਸੀ ਗਾਵਾਂ ਦੀ ਪ੍ਰੋਡਕਸ਼ਨ ਹੋਈ ਹੈ, ਆਪਾਂ ਇਨ੍ਹਾਂ ਦਾ ਸੀਮਨ ਇੰਪੋਰਟ ਕੀਤਾ ਹੈ। ਮਿਲਾਵਟੀ ਦੁੱਧ ਦੀ ਬਹੁਤ ਵੱਡੀ ਸਮੱਸਿਆ ਅੱਜ ਵੀ ਬਾਦਸਤੂਰ ਜਾਰੀ ਹੈ। ਆਪਾਂ ਪਿੰਡਾਂ ਵਿਚ ਦੇਖਦੇ ਹਾਂ ਕੁਝ ਫੀਸਦੀ ਦੁੱਧ ਸਹੀ ਮਿਲ ਜਾਂਦਾ ਹੈ ਕਿਉਂਕਿ ਸਾਰਿਆਂ ਨੇ ਘਰਾਂ ਵਿਚ ਪਸ਼ੂ ਰੱਖੇ ਹੋਏ ਹਨ। ਇਸ ਦੇ ਬਾਵਜੂਦ ਮੈਂ ਕਹਿ ਸਕਦਾ ਹਾਂ ਖਾਸ ਕਰਕੇ ਸ਼ਹਿਰਾਂ ਵਾਲੇ ਮੇਰੇ ਵੀਰ-ਭੈਣਾਂ ਜੋ ਆਪਣੇ ਪਰਿਵਾਰ ਨੂੰ ਬਜ਼ਾਰ ਵਿਚੋਂ ਦੁੱਧ ਲੈ ਕੇ ਪੀਣ ਵਾਸਤੇ ਦੇ ਰਹੇ ਹਨ ਕਿ ਅੱਜ ਵੀ ਪੰਜਾਬ ਵਿਚ 60 ਫੀਸਦੀ ਦੁੱਧ ਜਾਅਲੀ ਵਿਕ ਰਿਹਾ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਪੁਆਇੰਟ ਆਫ ਆਰਡਰ ਜੀ। ਸਭਾਪਤੀ ਜੀ, ਲੋਧੀਨੰਗਲ ਸਾਹਿਬ ਵੀ ਕਿਸਾਨ ਹਨ ਅਤੇ ਮੈਂ ਵੀ ਕਿਸਾਨ ਹਾਂ। ਮੈਨੂੰ ਵੀ ਪਸ਼ੂ ਪਾਲਣ ਦਾ ਬਹੁਤ ਸ਼ੌਂਕ ਹੈ। ਮੇਰੇ ਕੋਲ ਐਨੀਮਲ ਹਸਬੈਂਡਰੀ ਵਿਭਾਗ ਵੀ ਰਿਹਾ ਹੈ ਤੇ ਹੁਣ ਸਿਹਤ ਵਿਭਾਗ ਹੈ। ਸ਼ਾਇਦ ਇਨ੍ਹਾਂ ਨੂੰ ਪਤਾ ਨਾ ਹੋਵੇ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ ਸੀ ਪਰੰਤੂ ਅਸੀਂ ਉਪਰਾਲੇ ਕੀਤੇ ਹਨ। ਜਿਹੜਾ ਦੁੱਧ 22/- ਰੁਪਏ ਜਾਂ 24/- ਰੁਪਏ ਪ੍ਰਤੀ ਲੀਟਰ ਵਿਕਦਾ ਸੀ ਉਹ ਅੱਜ 35/- ਰੁਪਏ ਨੂੰ ਵਿਕ ਰਿਹਾ ਹੈ। ਇਹ ਸਾਡੇ ਵਧੀਆ ਕਦਮ ਚੁੱਕਣ ਅਤੇ ਸਖਤੀ ਕਰਕੇ ਹੋਇਆ ਹੈ। ਅੱਜ ਮੱਝਾਂ ਦਾ ਦੁੱਧ 70/- ਰੁਪਏ ਕਿਲੋ ਵਿਕ ਰਿਹਾ ਹੈ, ਉਹ ਕਿਉਂ ਵਿਕ ਰਿਹਾ ਹੈ ਕਿਉਂਕਿ ਅਸੀਂ ਸਖਤੀ ਕੀਤੀ ਹੈ। ਅਸੀਂ ਸੈਂਪਲ ਭਰੇ ਹਨ, ਜੁਰਮਾਨੇ ਕੀਤੇ ਹਨ ਅਤੇ ਘੱਟੋ ਘੱਟ ਹਜ਼ਾਰਾਂ ਬੰਦੇ ਫੜ ਕੇ ਅੰਦਰ ਦਿੱਤੇ ਹਨ। ਅਸੀਂ ਸਰਕਾਰ ਕੋਲ ਜੁਰਮਾਨੇ ਦਾ 3-4 ਕਰੋੜ ਰੁਪਿਆ ਇੱਕਠਾ ਕਰਕੇ ਦਿੱਤਾ ਹੈ। ਮੈਂ ਤੁਹਾਨੂੰ ਟੋਕਣਾ ਨਹੀਂ ਸੀ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਲੇ ਵੀ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿਲੋਂ:** ਚੇਅਰਮੈਨ ਸਾਹਿਬ, ਮੰਤਰੀ ਸਾਹਿਬ ਨੂੰ ਇਸ ਗੱਲ ਦਾ ਗੁੱਸਾ ਨਹੀਂ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਸ ਵਿੱਚ ਕਿਸੇ ਦਾ ਕਸੂਰ ਨਹੀਂ ਹੈ। ਮੈਂ ਕਿਸੇ ਦਾ ਕਸੂਰ ਨਹੀਂ ਕੱਢਦਾ। ਲੇਕਿਨ ਇਹ ਹਕੀਕਤ ਹੈ ਕਿ ਅੱਜ ਜਿਹੜੇ ਨਕਲੀ ਦੁੱਧ ਲੋਕ ਬਣਾ ਰਹੇ ਹਨ, ਉਹ ਲੋਕਾਂ ਨੂੰ

ਜ਼ਹਿਰਾਂ ਦੇ ਰਹੇ ਹਨ। ਇਸ ਉੱਤੇ ਸਾਨੂੰ ਨਕੇਲ ਪਾਉਣੀ ਚਾਹੀਦੀ ਹੈ। ਇਸ ਦੇ ਵਿੱਚ ਗੁੱਸਾ ਕਰਨ ਵਾਲੀ ਕੋਈ ਗੱਲ ਨਹੀਂ ਹੈ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਦੁੱਧ ਦਾ ਰੇਟ ਘਟਾਇਆ ਹੈ ਜਾਂ ਵਧਾਇਆ ਹੈ, ਇਸ ਦਾ ਜੋ ਮਰਜ਼ੀ ਕਰੋ।

**ਸ਼੍ਰੀ ਸਭਾਪਤੀ:** ਤੁਹਾਡਾ ਪੁਆਇੰਟ ਆ ਗਿਆ ਹੈ। ਹਾਂ ਜੀ, ਲੋਧੀਨੰਗਲ ਜੀ।

**ਸਿਹਤ ਮੰਤਰੀ:** ਚੇਅਰਮੈਨ ਸਾਹਿਬ, ਪੰਨੂ ਸਾਹਿਬ ਵੀ ਸ਼ਾਇਦ ਹੁਣੇ ਇੱਥੇ ਬੈਠੇ ਸਨ। ਡਿਪਾਰਟਮੈਂਟ ਨੂੰ ਸਿੱਧੀਆਂ ਡਾਇਰੈਕਸ਼ਨਾਂ ਹਨ, ਇਹ ਕਿਸੇ ਦੀ ਕੋਈ ਸਿਫਾਰਸ਼ ਨਹੀਂ ਮੰਨਦੇ। ਜਿਹੜੇ ਨਕਲੀ ਦੇਸੀ ਘਿਓ ਬਣਾ ਰਹੇ ਸੀ ਉਹ ਚਾਰ -ਪੰਜ ਵੱਡੇ ਲੋਕ ਅੰਦਰ ਦਿੱਤੇ ਹਨ। ਅੱਜ 'ਕਿਸਾਨ' ਦਾ ਘਿਓ ਕਿਸ ਰੇਟ ਵਿਕ ਰਿਹਾ ਹੈ ਅਤੇ ਮੱਝ ਦਾ ਕੀ ਰੇਟ ਵਿਕਦਾ ਹੈ, ਇਹ ਦੇਖ ਲਓ। ਜਿੰਨੀ ਮਾਰਕਿਟ ਵਿੱਚ ਡਿਮਾਂਡ ਹੈ, ਉਨੀ ਹੁਣ ਸਪਲਾਈ ਨਹੀਂ ਹੈ ਕਿਉਂਕਿ ਮਿਲਾਵਟੀ  ਦੁੱਧ ਵਿਕਣਾ ਬੰਦ ਹੋ ਗਿਆ ਹੈ। ਇਸ ਨੂੰ ਅਸੀਂ ਹੋਰ ਕੰਟ੍ਰੋਲ ਕਰ ਰਹੇ ਹਾਂ। ਤੁਸੀਂ ਵੀ ਸੁਜੈਸਟ ਕਰੋ, ਅਸੀਂ ਇਸ ਨੂੰ ਪੂਰੀ ਤਰ੍ਹਾਂ ਬੰਦ ਕਰਾਂਗੇ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਚੰਗੀ ਗੱਲ ਹੈ ਜੀ। ਮੈਂ ਇਸ ਗੱਲ ਦਾ ਧੰਨਵਾਦ ਕਰਦਾ ਹਾਂ ਕਿ ਇਸ ਤੇ ਕੰਟ੍ਰੋਲ ਕਰਨ ਵਾਸਤੇ ਯਤਨ ਕੀਤਾ ਜਾ ਰਿਹਾ ਹੈ। ਮੈਂ ਸਾਰੇ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਕਾਫੀ ਟਾਈਮ ਹੈ ਤੁਸੀਂ ਵਾਰੀ ਵਾਰੀ ਬੋਲਣਾ ਹੈ ਬਜਾਏ ਇਸ ਦੇ ਕਿ ਆਪਾਂ ਕਿਸੇ ਹੋਰ ਗੱਲ ਵਿੱਚ ਪਈਏ ਕਿਉਂਕਿ ਇਸ ਤਰ੍ਹਾਂ ਅਸਲ ਗੱਲ ਵਿਚੇ ਰੁਲ ਜਾਂਦੀ ਹੈ। ਮੈਂ as a ਕਿਸਾਨ ਬੋਲ ਰਿਹਾ ਹਾਂ । ਮੇਰੇ ਆਪਣੇ ਘਰ ਪੰਜ ਗਾਵਾਂ ਹਨ। ਆਪਾਂ ਇਸ ਮੁੱਦੇ ਦਾ ਹੱਲ ਕੱਢਣਾ ਹੈ ਕਿਉਂਕਿ ਵਿਲਾਇਤੀ-ਦੇਸੀ ਦੇ ਚੱਕਰ ਵਿੱਚ ਪੈ ਕੇ ਅਸੀਂ ਇਸ ਦਾ ਕੋਈ ਨਿਬੇੜਾ ਨਹੀਂ ਕਰ ਸਕਦੇ। ਅਸੀਂ ਵਿਲਾਇਤੀ ਗਾਵਾਂ ਦੁੱਧ ਦੀ ਲੋੜ ਕਰਕੇ ਲਿਆਂਦੀਆਂ ਹਨ। ਜਿਹੜੇ ਲੋਕ ਦੁੱਧ ਵੇਚਦੇ ਹਨ, ਉਹ ਵੀ ਚਾਹੁੰਦੇ ਹਨ ਕਿ ਮੇਰੀ ਗਊ, ਮੇਰੀ ਮੱਝ ਵੱਧ ਤੋਂ ਵੱਧ ਦੁੱਧ ਦੇਵੇ। ਉਸ ਨੂੰ ਮਹਿੰਗੀ ਤੋਂ ਮਹਿੰਗੀ ਫੀਡ ਲਿਆ ਕੇ ਪਾਉਦੇ ਹਨ ਤਾਂ ਕਿ ਦੁੱਧ ਦੀ ਪ੍ਰੋਡਕਸ਼ਨ ਵਧੇ। ਬਹੁਤ ਚੰਗੀ ਗੱਲ ਹੈ ਕਿ ਦੁੱਧ ਦਾ ਰੇਟ ਵਧਾਇਆ ਗਿਆ ਹੈ। ਮੈਂ ਸਮਝਦਾ ਹਾਂ ਕਿ ਹੋਰ ਵਧਾਉਣਾ ਚਾਹੀਦਾ ਹੈ ਤਾਂ ਜੋ ਇਸ ਧੰਦੇ ਨਾਲ ਜੁੜਨ ਅਤੇ ਝੋਨਾ ਵਾਲੇ ਪਾਸੋਂ ਨਿਕਲਣ।ਪੱਠੇ ਬੀਜਣ ਅਤੇ ਆਪਣੇ ਡੰਗਰਾਂ ਨੂੰ ਪਾਉਣ ਤਾਂ ਕਿ ਦੁੱਧ ਦੀ ਪ੍ਰੋਡਕਸ਼ਨ ਵਧੇ ਅਤੇ ਲੋਕ ਅਸਲੀ ਦੁੱਧ ਪੀਣ। ਇਸ ਪਾਸੇ ਧਿਆਨ ਦੇਣਾ ਬੜੀ ਚੰਗੀ ਗੱਲ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਅਸਲੀ ਮੁੱਦਾ ਹੈ ਉਸ ਦਾ ਹੱਲ ਕੀ ਹੈ? ਮੇਰਾ 14/- ਰੁਪਏ ਜਾਂ 15/- ਰੁਪਏ ਦਾ ਪ੍ਰਤੀ ਗਊ ਪੈਸਾ ਗਊਸ਼ਾਲਾ ਨੂੰ ਦਿੱਤਾ ਜਾਂਦਾ ਹੈ ਜੋ ਕਿ ਉਨ੍ਹਾਂ ਦੇ ਚਾਰੇ ਲਈ ਬਹੁਤ ਘੱਟ ਹੈ। ਮੈਂ ਸਮਝਦਾ ਹਾਂ ਕਿ ਹਰ ਬਲਾਕ ਪੱਧਰ ਦੇ ਉੱਤੇ ਜ਼ਰੂਰਤ ਦੇ ਅਨੁਸਾਰ ਗਊਸ਼ਾਲਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਪਿੰਡ-ਵਾਈਜ਼ ਕੈਲਕੂਲੇਸ਼ਨ ਕੀਤੀ ਜਾਵੇ ਕਿ ਕਿਸ ਘਰ ਵਿੱਚ ਕਿੰਨੀਆਂ ਗਾਵਾਂ ਹਨ। ਚੇਅਰਮੈਨ ਸਾਹਿਬ, ਆਮ ਤੌਰ ਤੇ ਰੁਝਾਨ ਬਣ ਗਿਆ ਹੈ ਕਿ ਜਿੰਨਾ ਚਿਰ ਗਾਂ ਦੁੱਧ ਦਿੰਦੀ ਹੈ ਉਨਾ ਚਿਰ ਉਸ ਨੂੰ ਘਰ ਕਿੱਲੇ ਤੇ ਬੰਨ ਕੇ

Under Print
Not for Legal/Official use

ਰੱਖਿਆ ਜਾਂਦਾ ਹੈ ਪਰ ਜਦੋਂ ਉਹ ਦੁੱਧ ਦੇਣ ਤੋਂ ਹੱਟ ਜਾਂਦੀ ਹੈ ਤਾਂ ਥੋੜਾ ਸਮਾਂ ਪਾ ਕੇ ਉਸ ਨੂੰ ਘਰੋਂ ਕੱਢ ਦਿੰਦੇ ਹਨ। ਇਹ ਜ਼ਿੰਮੇਵਾਰੀ ਫਿਕਸ ਕਰਨੀ ਚਾਹੀਦੀ ਹੈ ਕਿ ਜਿਸ ਦੀ ਗਾਂ ਹੈ, ਉਸ ਦੀ ਉਹ ਆਪ ਸੰਭਾਲ ਕਰਨ। ਆਪਾਂ ਪਹਿਲਾਂ ਵੀ ਇਹ ਦੇਖਦੇ ਆਏ ਹਾਂ ਕਿ ਗਾਵਾਂ ਤੇ ਮੱਝਾਂ ਦੇ 7-7,8-8 ਸੂਏ ਲੈਣ ਤੋਂ ਬਾਅਦ ਉਨ੍ਹਾਂ ਦੀ ਆਪਣੇ ਘਰਾਂ ਵਿੱਚ ਹੀ ਡੈੱਥ ਹੁੰਦੀ ਰਹੀ ਹੈ। ਚੇਅਰਮੈਨ ਸਾਹਿਬ, ਤੁਸੀਂ ਲੰਘਦਿਆਂ ਦੇਖਿਆ ਹੋਏਗਾ ਕਿ ਸੜਕ ਉੱਤੇ ਇੱਕ ਸਟੇਡੀਅਮ ਬਣਿਆ ਹੋਇਆ ਹੈ। ਪਿੱਛੇ ਜਿਹੇ ਰਾਤ ਨੂੰ 35-40 ਗਾਵਾਂ ਉਸ ਸਟੇਡੀਅਮ ਵਿੱਚ ਲੋਕ ਛੱਡ ਗਏ। ਉਹ ਤਿਹਾਈਆਂ ਮਰਨੀਆਂ ਸ਼ੁਰੂ ਹੋ ਗਈਆਂ। ਲਾਗੇ ਇੱਕ ਸਕੂਲ ਸੀ ਜਿਸ ਵਿੱਚ ਉਨ੍ਹਾਂ ਲਈ ਟੋਆ ਪੁੱਟ ਕੇ ਪਾਣੀ ਦਾ ਪ੍ਰਬੰਧ ਕੀਤਾ ਗਿਆ। ਬਾਅਦ ਵਿੱਚ ਮੈਨੂੰ ਪਿੰਡ ਵਾਲੇ ਕਹਿਣ ਲੱਗੇ ਕਿ ਇੱਥ ਤਾਂ ਗਊਸ਼ਾਲਾ ਬਣ ਜਾਣੀ ਹੈ। ਮੈਂ ਕਿਹਾ ਹਾਲੇ ਫਸਲ ਪੱਕੀ ਖੜ੍ਹੀ ਹੈ। ਜਦੋਂ ਫਸਲ ਚੁੱਕੀ ਜਾਏਗੀ ਤਾਂ ਆਪਾਂ ਇਨ੍ਹਾਂ ਨੂੰ ਇਕੱਠੀਆਂ ਕਰਕੇ ਛੱਡ ਆਵਾਂਗੇ। ਚੇਅਰਮੈਨ ਸਾਹਿਬ, ਸਮੱਸਿਆ ਇਹ ਹੈ ਕਿ ਇੱਕ ਦੇ ਗਲ ਪਿਆ ਕੰਮ ਨਹੀਂ ਸਰਨਾ, ਸਾਨੂੰ ਜੁਆਇੰਟਲੀ ਕੋਸ਼ਿਸ਼ ਕਰਨੀ ਪੈਣੀ ਹੈ। ਜਿਸ ਤਰ੍ਹਾਂ ਮੇਰੇ ਵੀਰ ਅਮਨ ਜੀ ਨੇ ਗੱਲ ਦੱਸੀ ਹੈ, ਚੇਅਰਮੈਨ ਸਾਹਿਬ, ਕਿਸੀ ਨੂੰ ਕਹਿਣਾ ਕਿ ਇਹ ਸਾਡੀ ਅਸਲੀ ਮਾਂ ਹੈ ਅਤੇ ਕਿਸੀ ਨੂੰ ਕਹਿਣਾ ਇਹ ਸਾਡੀ ਚਾਚੀ ਹੈ, ਮਾਸੀ ਹੈ, ਇਨ੍ਹਾਂ ਗੱਲਾਂ ਨਾਲ ਗੱਲ ਨਹੀਂ ਚਲਦੀ ਕਿਉਂਕਿ ਅਸੀਂ ਇਸ ਦੇਸੀ ਗਾਂ ਦਾ ਵੀ ਦੁੱਧ ਪੀਂਦੇ ਹਾਂ ਤੇ ਵਿਲਾਇਤੀ ਗਾਂ ਦਾ ਵੀ ਦੁੱਧ ਪੀਂਦੇ ਹਾਂ। ਗੱਲ ਤਾਂ ਦੁੱਧ ਪੀਣ ਦੀ ਹੈ। ਜਦੋਂ ਆਪਾਂ ਆਪਣੇ ਘਰ ਵਿੱਚ ਜਰਸੀ ਬ੍ਰੀਡ ਲਿਆਂਦੀ ਸੀ ਜਾਂ ਐਚ.ਐਫ. ਲਿਆਂਦੀ ਸੀ ਤਾਂ ਕੀ ਆਪਾਂ ਪਹਿਲਾਂ ਇਸ ਦਾ ਦੁੱਧ ਟੈਸਟ ਕਰਨ ਵਾਸਤੇ ਗਏ ਹਾਂ? ਅੱਜ ਵੀ ਆਪਾਂ ਸੀਮਨ ਬਾਹਰੋਂ ਮੰਗਾ ਰਹੇ ਹਾਂ, ਅੱਜ ਵੀ ਆਪਾਂ ਕ੍ਰਾਸ ਕਰ ਰਹੇ ਹਾਂ। ਇਹ ਇਸ ਕਰਕੇ ਕਰ ਰਹੇ ਹਾਂ ਕਿਉਂਕਿ ਇਹ ਸਾਡੀ ਲੋੜ ਹੈ ਤਾਂ ਕਿ ਸਾਨੂੰ ਦੁੱਧ ਜ਼ਿਆਦਾ ਮਿਲੇ। ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਅਸਲੀ ਦੁੱਧ ਮਿਲੇ।

**ਸ਼੍ਰੀ ਅਮਨ ਅਰੋੜਾ:** ਸਰ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ:** ਬੈਠ ਜਾਓ, ਪਲੀਜ਼। ਉਹ ਵਾਈਂਡ ਅੱਪ ਕਰਨ ਲੱਗੇ ਹਨ। ਤੁਸੀਂ ਬੈਠ ਜਾਓ, ਮੈਂ ਤੁਹਾਨੂੰ ਟਾਈਮ ਦੇ ਦਿੰਦਾ ਹਾਂ। (ਵਿਘਨ...) ਅਮਨ ਜੀ, ਪਲੀਜ਼।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਸਾਡੀ ਜਨਰੇਸ਼ਨ ਨੂੰ ਠੀਕ ਦੁੱਧ ਪੀਣ ਲਈ ਮਿਲੇਗਾ ਤੇ ਸਾਡੇ ਬੱਚਿਆਂ ਦੀ ਸਿਹਤ ਠੀਕ ਹੋਵੇਗੀ ਔਰ ਮੈਂ ਸਮਝਦਾ ਹਾਂ ਕਿ ਜੇਕਰ ਇਹ ਸਾਡਾ ਫਰਜ਼ ਬਣਦਾ ਹੈ ਕਿ ਆਪਾਂ ਪੂਰਾ ਪ੍ਰਬੰਧ ਕਰੀਏ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਸਭਾਪਤੀ:** ਅਮਨ ਜੀ, ਬੈਠ ਜਾਓ, ਪਲੀਜ਼।

Under Print
Not for Legal/Official use

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਇਸ ਦੇ ਨਾਲ ਹੀ ਮੈਂ ਅਵਾਰਾ ਕੁੱਤਿਆਂ ਬਾਰੇ ਵੀ ਕਹਾਂਗਾ। ਹੁਣ ਪਤਾ ਨਹੀਂ ਕਿਹੋ ਜਿਹਾ ਕਾਨੂੰਨ ਆ ਗਿਆ ਹੈ। ਛੋਟੇ ਹੁੰਦੇ ਅਸੀਂ ਦੇਖਦੇ ਹੁੰਦੇ ਸੀ, ਉਦੋਂ ਅਵਾਰਾ ਕੁੱਤਿਆਂ ਨੂੰ ਸਰਕਾਰੀ ਤੌਰ ਤੇ ਆ ਕੇ ਗੋਲੀਆਂ ਦੇ ਕੇ ਮਾਰ ਦਿੰਦੇ ਸਨ। ਜਿਹੜੇ ਕੁੱਤੇ ਪਾਗਲ ਹੋ ਜਾਂਦੇ ਹਨ, ਉਨ੍ਹਾਂ ਦਾ ਤੁਸੀਂ ਕੀ ਕਰੋਗੇ? ਸਾਡੇ ਬਟਾਲਾ ਵਿੱਚ ਇੱਕ ਐਨ.ਜੀ.ਓ. ਹੈ ਜਿਹੜੇ ਕੁੱਤਿਆਂ ਨੂੰ ਫੜ ਕੇ ਨਸਬੰਦੀ ਕਰਾਉਂਦੇ ਹਨ। ਸਾਨੂੰ ਅਜਿਹੀਆਂ ਐਨ.ਜੀ.ਓਜ਼ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਆਪਾਂ ਵੇਖਦੇ ਹਾਂ ਕਿ ਗਊ ਹੁਣ ਦੁੱਧ ਦੇਣ ਤੋਂ ਅਸਮਰੱਥ ਹੁੰਦੀ ਜਾ ਰਹੀ ਹੈ ਤਾਂ ਉਸ ਨੂੰ ਘਰੋਂ ਬਾਹਰ ਨਹੀਂ ਕੱਢਣਾ ਚਾਹੀਦਾ ਬਲਕਿ ਸਾਨੂੰ ਉਨ੍ਹਾਂ ਫਾਰਮਰਜ਼ ਦੀ ਹੈਲਪ ਕਰਨੀ ਚਾਹੀਦੀ ਹੈ ਤਾਂ ਜੋ ਸਾਰਾ ਲੋਡ ਗਊਸ਼ਾਲਾ ਤੇ ਨਾ ਪਵੇ। ਇੱਕ-ਇੱਕ ਗਾਂ ਜਾਂ ਦੋ-ਦੋ ਗਾਂਵਾਂ ਜੇ ਘਰ ਵਿੱਚ ਸਾਂਭ ਲਈਆਂ ਜਾਣ ਤਾਂ ਸੌਖਾ ਰਹੇਗਾ ਪਰ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਜਿਹੜੇ ਮੇਰੇ ਵੀਰ ਇਸ ਗੱਲ ਤੇ ਜ਼ਿਆਦਾ ਜ਼ੋਰ ਦਿੰਦੇ ਹਨ, ਉਨ੍ਹਾਂ ਵਿੱਚੋਂ ਕਿਸੇ ਨੇ ਆਪਣੇ ਘਰ ਗਾਂ ਨਹੀਂ ਰੱਖੀ, ਗਾਂਵਾਂ ਤਾਂ ਕਿਸਾਨਾਂ ਦੇ ਘਰਾਂ ਵਿੱਚ ਹੀ ਹਨ। ਕਿਸਾਨ ਉਨ੍ਹਾਂ ਨੂੰ ਦੁੱਧ ਵਾਸਤੇ ਰੱਖਦੇ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਇਹ ਬੇਨਤੀ ਕਰਾਂਗਾ ਕਿ ਗਊਆਂ ਦੀ ਗਿਣਤੀ ਕਰਵਾਈ ਜਾਵੇ ਤੇ ਜਿਵੇਂ ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਦੁੱਧ ਕਿੰਨਾ ਹੈ? ਪਿੱਛੇ ਜਿਹੇ ਇਨ੍ਹਾਂ ਦੇ ਮਹਿਕਮੇ ਨੇ ਅੰਕੜੇ ਵੀ ਕੱਢੇ ਸੀ ਤੇ ਉਦੋਂ ਇਨ੍ਹਾਂ ਦੇ ਇੱਕ ਅਫਸਰ ਨੇ ਦੱਸਿਆ ਸੀ ਕਿ ਜਿੰਨਾ ਭਾਰ ਦੁੱਧ ਦੇਣ ਵਾਲੇ ਸਾਰੇ ਪਸ਼ੂਆਂ ਦਾ ਹੈ ਉੱਨਾ ਦੁੱਧ ਵਿਕ ਰਿਹਾ ਹੈ। ਇਹ ਅਸੀਂ ਨਹੀਂ ਕਿਹਾ ਹੈ। ਮੰਤਰੀ ਜੀ ਇਸ ਵੇਲੇ ਫਰੈਸ਼ ਅੰਕੜੇ ਮੰਗਵਾਉਣ ਤੇ ਦੇਖਣ ਕਿ ਇਸ ਵੇਲੇ ਦੁੱਧ ਦੀ ਪ੍ਰੋਡਕਸ਼ਨ ਕਿੰਨੀ ਹੈ। ਮੈਂ ਕਹਿਣਾ ਨਹੀਂ ਚਾਹੁੰਦਾ ਪਰ ਮੈਨੂੰ ਉਨ੍ਹਾਂ ਤਿੰਨ-ਚਾਰ ਥਾਵਾਂ ਦਾ ਪਤਾ ਹੈ ਜਿੱਥੇ ਨਕਲੀ ਦੁੱਧ ਬਣ ਰਿਹਾ ਹੈ। ਉਨ੍ਹਾਂ ਬੰਦਿਆਂ ਦੇ ਆਪਣੇ ਪ੍ਰਬੰਧ ਹਨ, ਸੌਰਸਿਜ਼ ਹਨ ਪਰ ਫਿਰ ਵੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ ਹੈ। ਅੱਜ ਤੁਸੀਂ ਕਿਸੇ ਕੋਲ ਪਨੀਰ ਲੈਣ ਵਾਸਤੇ ਚਲੇ ਜਾਓ। ਤੁਸੀਂ 10 ਵਜੇ ਜਾ ਕੇ ਡਿਮਾਂਡ ਕਰੋ ਕਿ ਮੈਨੂੰ 5 ਕੁਇੰਟਲ ਪਨੀਰ ਚਾਹੀਦਾ ਹੈ ਤੇ ਉਹ ਤੁਹਾਨੂੰ ਕਹਿਣਗੇ ਕਿ ਚਾਰ ਵਜੇ ਆ ਕੇ ਪਨੀਰ ਲੈ ਜਾਓ। ਉਸ ਤੋਂ ਬਾਅਦ ਜੇ ਕੋਈ ਦੂਜਾ ਬੰਦਾ ਵੀ ਜਾ ਕੇ ਦੋ ਕੁਇੰਟਲ ਦੀ ਡਿਮਾਂਡ ਕਰੇ ਤਾਂ ਉਸ ਨੂੰ ਵੀ ਮਿਲ ਜਾਂਦਾ ਹੈ। ਇਹ ਕਿੱਥੋਂ ਆ ਜਾਂਦਾ ਹੈ ਜੀ, ਕਿੱਥੋਂ ਬਣਦਾ ਹੈ? ਇਹ ਸਾਰੀਆਂ ਮਿਲਾਵਟੀ ਚੀਜ਼ਾਂ ਆਪਣੀ ਜਵਾਨੀ ਨੂੰ ਅਤੇ ਆਪਣੇ ਲੋਕਾਂ ਨੂੰ ਬਹੁਤ ਬਰਬਾਦ ਕਰ ਰਹੀਆਂ ਹਨ। ਸਿਹਤ ਤਬਾਹ ਹੋ ਰਹੀ ਹੈ, ਡਾਕਟਰਾਂ ਦੇ ਘਰ ਭਰ ਰਹੇ ਹਨ ਔਰ ਜਿਹੜਾ ਬੰਦਾ ਇੱਕ ਡਾਕਟਰ ਕੋਲ ਆ ਜਾਂਦਾ ਹੈ ਤਾਂ ਉਸ ਦੀ ਫਿਰ ਜਾਨ ਨਹੀਂ ਛੁਟਦੀ, ਉਸ ਨੂੰ ਫਿਰ ਚਾਰ ਜਣੇ ਹੀ ਚੁੱਕ ਕੇ ਲਿਆਉਂਦੇ ਹਨ। ਮੈਂ ਸਮਝਦਾ ਹਾਂ ਕਿ ਡਾਕਟਰਾਂ ਤੋਂ ਬਗੈਰ ਸਰਦਾ ਵੀ ਨਹੀਂ ਹੈ ਪਰ ਰੱਬ ਭਲਾ ਕਰੇ ਤੇ ਕੋਈ ਨਾ ਕੋਈ ਚੰਗਾ ਇਲਾਜ ਹੋ ਜਾਵੇ ਅਤੇ ਚੰਗੇ ਇਲਾਜ ਤੋਂ ਪਹਿਲਾਂ ਜੇ ਸਿਹਤ ਹੀ ਚੰਗੀ ਹੋ ਜਾਵੇ ਤਾਂ ਕਿ ਡਾਕਟਰਾਂ ਕੋਲ ਜਾਣਾ

ਹੀ ਨਾ ਪਵੇ। ਸੋ, ਮੈਂ ਲੰਬਾ ਨਾ ਜਾਂਦਾ ਹੋਇਆ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਵੱਲ ਉਚੇਚਾ ਧਿਆਨ ਦਿੱਤਾ ਜਾਵੇ। (ਵਿਘਨ)

**ਸ਼੍ਰੀ ਸਭਾਪਤੀ:** ਉਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਇਸ ਮਤੇ ਦੇ ਉਤੇ ਸੀਰੀਅਸਲੀ ਵਿਚਾਰ ਕੀਤਾ ਜਾਵੇ।ਗਊਆਂ ਸੰਭਾਲਣ ਵਾਸਤੇ ਗਊਸ਼ਾਲਾ ਦਾ ਪ੍ਰਬੰਧ ਵਧਾਇਆ ਜਾਵੇ ਔਰ ਉਨ੍ਹਾਂ ਨੂੰ ਪ੍ਰਤੀ ਗਊ ਵਾਸਤੇ ਹੋਰ ਪੈਸੇ ਦਿੱਤੇ ਜਾਣ। ਇਸ ਦੇ ਨਾਲ ਹੀ ਲੋਕਾਂ ਨੂੰ ਘਰ ਵਿੱਚ ਗਊਆਂ ਦੀ ਸੰਭਾਲ ਵਾਸਤੇ ਵੀ ਮਦਦ ਦਿੱਤੀ ਜਾਵੇ। ਬਹੁਤ-ਬਹੁਤ ਧੰਨਵਾਦ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) (ਬੈਠੇ-ਬੈਠੇ):** ਮਤੇ ਬਾਰੇ ਤਾਂ ਦੱਸੋ ਕਿ ਤੁਸੀਂ ਹੱਕ ਵਿੱਚ ਹੋ ਜਾਂ ਖਿਲਾਫ ਹੋ?

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਅਸੀਂ ਸਾਰੇ ਮਤੇ ਦੇ ਹੱਕ ਵਿੱਚ ਹਾਂ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਬਿਨਾਂ ਮਾਈਕ ਤੋਂ) :** ਚੇਅਰਮੈਨ ਸਾਹਿਬ, ਮਾਨਯੋਗ ਐਮ.ਐਲ.ਏ ਸਾਹਿਬ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ।

**ਸ਼੍ਰੀ ਸਭਾਪਤੀ:** ਚੰਨੀ ਸਾਹਿਬ ਦਾ ਮਾਈਕ ਖੋਲ੍ਹ ਦਿਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਮਤੇ ਵਿੱਚ ਲਿਖਿਆ ਹੈ ਕਿ ਗਊਆਂ ਦੀ ਸੰਭਾਲ ਦਾ ਪ੍ਰਬੰਧ ਕੀਤਾ ਜਾਵੇ ਤੇ ਜਿਹੜੇ ਢੱਠੇ ਹਨ ਉਨ੍ਹਾਂ ਨੂੰ ਸਲੌਟਰ ਹਾਊਸ ਭੇਜ ਕੇ ਮਾਰ ਦਿੱਤਾ ਜਾਵੇ। ਲੋਧੀਨੰਗਲ ਜੀ, ਤੁਸੀਂ ਉਸ ਦੇ ਬਾਰੇ ਆਪਣੇ ਵਿਚਾਰ ਦੱਸੋ ਕਿ ਤੁਸੀਂ ਉਸ ਦੇ ਹੱਕ ਵਿੱਚ ਹੋ ਜਾਂ ਨਹੀਂ?

ਸ਼੍ਰੀ ਅਮਨ ਅਰੋੜਾ (ਬੈਠੇ-ਬੈਠੇ): ਅਮਰੀਕੀ ਢੱਠੇ ਜੀ।

**ਮੰਤਰੀ:** ਅਮਰੀਕੀ ਹੋਏ ਜਾਂ ਪੰਜਾਬੀ ਹੋਏ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਹੁਣ ਇੱਕ ਵਾਰ ਕਹਿ ਦਿੱਤਾ ਹੈ ਕਿ ਅਸੀਂ ਜਾਨ ਲੈਣ ਦੇ ਹੱਕ ਵਿੱਚ ਨਹੀਂ ਹਾਂ। ਜਾਨ ਸਾਰਿਆਂ ਦੀ ਇੱਕੋ ਜਿਹੀ ਹੈ। ਇਹ ਡਿਪਾਰਟਮੈਂਟ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਜਿਹੜਾ ਸੀਮਨ ਗਾਈਆਂ ਨੂੰ ਇੰਜੈਕਟ ਕਰਦੇ ਹਾਂ, ਉਸ ਵਿਚ ਕੋਈ ਨਾ ਕੋਈ ਪ੍ਰੋਗਰੈਸ ਕਰਨੀ ਚਾਹੀਦੀ ਹੈ ਤਾਂ ਕਿ ਗਾਵਾਂ ਪੈਦਾ ਹੋਣ ਅਤੇ ਗਾਵਾਂ ਦੀ ਸੰਭਾਲ ਕੀਤੀ ਜਾਵੇ।

**ਸ਼੍ਰੀ ਸਭਾਪਤੀ:** ਲੋਧੀਨੰਗਲ ਸਾਹਿਬ, ਤੁਹਾਡੀ ਸੁਜੈਕਸ਼ਨ ਆ ਗਈ।Thank you.

**ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗੰਭੀਰ ਮੁੱਦੇ ਤੇ ਬੋਲਣ ਲਈ ਸਮਾਂ ਦਿੱਤਾ। ਮੇਰੇ ਬਹੁਤ ਹੀ ਸੂਝਵਾਨ ਸਾਥੀਆਂ ਨੇ ਇਹ ਮਤਾ ਲਿਆਂਦਾ ਹੈ। ਚੇਅਰਮੈਨ ਸਾਹਿਬ, ਇਹ ਪੰਜਾਬ ਦਾ ਬੜਾ ਗੰਭੀਰ ਮੁੱਦਾ ਹੈ। ਨਾ ਕੇਵਲ ਪੰਜਾਬ ਦਾ, ਇਹ ਪੂਰੇ ਦੇਸ਼ ਲਈ ਗੰਭੀਰ ਮੁੱਦਾ ਹੈ। ਤੁਸੀਂ ਦੇਸ਼ ਦੇ ਜਿਹੜੇ ਮਰਜ਼ੀ ਸ਼ਹਿਰ ਵਿੱਚ ਚਲੇ ਜਾਓ, ਇਹ

Under Print
Not for Legal/Official use

ਗੱਲ ਕੋਈ ਨਹੀਂ ਕਹਿ ਸਕਦਾ ਕਿ ਸਾਨੂੰ ਅਵਾਰਾ ਪਸ਼ੂ ਤੇ ਅਵਾਰਾ ਕੁੱਤੇ ਕਿਸੇ ਸ਼ਹਿਰ ਦੇ ਵਿੱਚ ਜਾਂ ਕਿਸੇ ਸੂਬੇ ਵਿੱਚ ਨਹੀਂ ਮਿਲਦੇ। ਬੇਸ਼ੱਕ ਉਹ ਦਿੱਲੀ ਹੈ, ਬੇਸ਼ੱਕ ਉਹ ਅਹਿਮਦਾਬਾਦ ਹੈ, ਬੇਸ਼ੱਕ ਉਹ ਰਾਜਸਥਾਨ ਹੈ, ਕਿਸੇ ਦੀਆਂ ਵੀ ਸਰਕਾਰਾਂ ਹਨ, ਮੈਨੂੰ ਨਹੀਂ ਲਗਦਾ ਕਿ ਸਾਡੇ ਤੋਂ ਪਹਿਲੀ ਸਰਕਾਰ ਜਾਂ ਹੁਣ ਅਸੀਂ ਵੀ ਇਸ ਮੁੱਦੇ ਤੇ ਗੰਭੀਰ ਨਹੀਂ ਹਾਂ। ਕਿਸੇ ਨੇ ਇਸ ਦਾ ਕੋਈ ਪੁਖਤਾ ਇੰਤਜ਼ਾਮ ਅਤੇ ਪੁਖਤਾ ਹੱਲ ਨਹੀਂ ਕੱਢਿਆ। ਵਿਧਾਨ ਸਭਾ ਵਿੱਚ ਆ ਕੇ ਅਸੀਂ ਇੱਕ-ਦੂਜੇ ਉੱਤੇ ਇਹ ਇਲਜ਼ਾਮ ਜ਼ਰੂਰ ਲਗਾ ਦਿੰਦੇ ਹਾਂ, ਜਦੋਂ ਇੱਧਰ ਵਾਲੇ ਮੇਰੇ ਭਰਾ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਸੱਤਾ ਵਿੱਚ ਸੀ ਤਾਂ ਅਸੀਂ ਇਸ ਮੁੱਦੇ ਨੂੰ ਉਠਾਉਂਦੇ ਸੀ। ਅੱਜ ਅਸੀਂ ਸੱਤਾ ਵਿੱਚ ਹਾਂ ਤਾਂ ਸਾਡੇ ਇਨ੍ਹਾਂ ਸਾਥੀਆਂ ਨੇ ਇਹ ਮੁੱਦਾ ਉਠਾਇਆ ਹੈ ਲੇਕਿਨ ਮੈਂ ਇਹ ਸਦਨ ਵਿੱਚ ਕਹਿ ਸਕਦਾ ਹਾਂ ਕਿ ਇਸ ਮੁੱਦੇ ਤੇ ਗੰਭੀਰਤਾ ਨਾਲ ਕਿਸੇ ਸਰਕਾਰ ਵਿੱਚ ਬਹੁਤੀ ਚੰਗੀ ਤਰ੍ਹਾਂ ਵਿਚਾਰ ਨਹੀਂ ਹੋਇਆ, ਜਿਹੜਾ ਕਿ ਹੋਣਾ ਚਾਹੀਦਾ ਸੀ। ਜੇ ਇਹ ਵਿਚਾਰ ਹੋ ਜਾਂਦਾ, ਜੇ ਇਸ ਤੇ ਪੂਰੀ ਚਿੰਤਾ ਪ੍ਰਗਟ ਕਰ ਲਈ ਜਾਂਦੀ ਤਾਂ ਸ਼ਾਇਦ ਇਹ ਮੁੱਦਾ ਅੱਜ ਇੱਥੇ ਨਹੀਂ ਹੋਣਾ ਸੀ। ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲਾਂ ਬੋਲਣ ਵਾਲੇ ਬੁਲਾਰਿਆਂ ਨੇ ਠੀਕ ਕਿਹਾ ਹੈ ਅਤੇ ਕੁਝ ਗੱਲਾਂ ਕੀਤੀਆਂ ਹਨ ਜਿਹੜੀਆਂ ਮੈਂ ਵਾਰ-ਵਾਰ ਦੁਹਰਾਉਣਾ ਨਹੀਂ ਚਾਹੁੰਦਾ। ਇਨ੍ਹਾਂ ਨੇ ਸੁਝਾਅ ਦਿੱਤਾ ਹੈ ਅਤੇ ਮਤਾ ਲਿਆਂਦਾ ਹੈ ਕਿ ਜਿਹੜੀਆਂ ਦੇਸੀ ਗਊਆਂ ਹਨ, ਜਿਨ੍ਹਾਂ ਨੂੰ ਅਸੀਂ ਗਊਮਾਤਾ ਕਹਿੰਦੇ ਹਾਂ, ਬਿਲਕੁਲ ਅਸੀਂ ਸਾਰੇ ਗਊਮਾਤਾ ਨੂੰ ਪੂਜਦੇ ਹਾਂ, ਅਸੀਂ ਗਊਮਾਤਾ ਦਾ ਸਤਿਕਾਰ ਕਰਦੇ ਹਾਂ। ਨਾ ਕੇਵਲ ਗਊਮਾਤਾ ਦਾ, ਨਾ ਕੇਵਲ ਦੇਸੀ ਗਊ ਦਾ, ਜੇ ਅਸੀਂ ਇਨਸਾਨ ਹਾਂ, ਸਾਡੇ ਵਿੱਚ ਦਿਲ ਹੈ ਤਾਂ ਮੈਨੂੰ ਲਗਦਾ ਹੈ ਕਿ ਹਰ ਜੀਵ-ਜੰਤੂ ਦਾ ਸਾਨੂੰ ਸਤਿਕਾਰ ਹੋਣਾ ਚਾਹੀਦਾ ਹੈ। ਚਾਹੇ ਉਹ ਅਮਰੀਕੀ ਹੈ, ਚਾਹੇ ਉਹ ਦੇਸੀ ਹੈ, ਚਾਹੇ ਉਹ ਵਲੈਤੀ ਹੈ, ਚਾਹੇ ਕੋਈ ਹੋਰ ਪੰਛੀ ਹੈ। ਸੋ, ਇਨ੍ਹਾਂ ਗਊਸ਼ਾਲਾਵਾਂ ਅਤੇ ਅਵਾਰਾ ਪਸ਼ੂਆਂ ਦਾ ਹੱਲ ਹੋਣਾ ਚਾਹੀਦਾ ਹੈ। ਚਾਹੇ ਸੈੱਸ ਇਕੱਠਾ ਕਰ ਲਈਏ ਜਾਂ ਕੋਈ ਨਾ ਕੋਈ ਹੋਰ ਇੰਤਜ਼ਾਮ ਕਰੀਏ। ਸਭ ਤੋਂ ਪਹਿਲਾਂ ਮੈਨੂੰ ਲੱਗਦਾ ਹੈ ਕਿ ਜਿਵੇਂ census ਹੁੰਦਾ ਹੈ, ਮਰਦਮਸ਼ੁਮਾਰੀ ਦੇ ਨਾਮ ਤੇ ਪਾਪੂਲੇਸ਼ਨ ਦਾ census ਹੁੰਦਾ ਹੈ, ਇਵੇਂ ਅਵਾਰਾ ਪਸ਼ੂਆਂ ਦਾ ਕਿਸੇ ਕੋਲ ਸਹੀ ਅੰਕੜਾ ਨਹੀਂ ਹੈ। ਟ੍ਰਿਬਿਊਨ ਨੇ ਖਬਰ ਲਗਾ ਦਿੱਤੀ ਪਰ ਟ੍ਰਿਬਿਊਨ ਨੇ ਖਬਰ ਕਿੱਥੋਂ ਲਿਆਂਦੀ? ਸਾਡੇ ਕੋਲ ਨਾ ਪਾਲਤੂ ਪਸ਼ੂਆਂ ਦਾ ਅੰਕੜਾ ਹੈ ਅਤੇ ਨਾ ਅਵਾਰਾ ਪਸ਼ੂਆਂ ਦਾ ਕੋਈ ਅੰਕੜਾ ਹੈ। ਮੈਨੂੰ ਲੱਗਦਾ ਹੈ ਕਿ ਜੋ ਅੰਕੜਾ ਬਲਜਿੰਦਰ ਕੌਰ ਜੀ ਨੇ ਦਿੱਤਾ ਹੈ, ਹੋ ਸਕਦਾ ਹੈ ਕਿ ਅਵਾਰਾ ਪਸ਼ੂਆਂ ਦਾ ਅੰਕੜਾ ਉਸ ਤੋਂ ਵੀ ਵੱਧ ਹੋਵੇ। ਹੋ ਸਕਦਾ ਹੈ ਕਿ ਉਸ ਤੋਂ ਵੀ ਜ਼ਿਆਦਾ ਹਾਦਸੇ ਸੜਕਾਂ ਤੇ ਹੁੰਦੇ ਹੋਣ। ਬੜੀਆਂ ਦਰਦਨਾਕ ਮੌਤਾਂ ਹੁੰਦੀਆਂ ਹਨ, ਇਹ ਗੱਲ ਬਿਲਕੁਲ ਸੱਚ ਹੈ ਅਤੇ ਸਹੀ ਹੈ ਲੇਕਿਨ ਮੈਨੂੰ ਲਗਦਾ ਹੈ ਕਿ ਪਹਿਲਾਂ ਅਵਾਰਾ ਪਸ਼ੂਆਂ ਅਤੇ ਪਾਲਤੂ ਪਸ਼ੂਆਂ ਦਾ ਇੱਕ ਰਜਿਸਟਰ ਮੇਨਟੇਨ ਕਰਨ ਦੀ ਲੋੜ ਹੈ। ਐਨ.ਆਰ.ਸੀ. ਤਾਂ ਦਿੱਲੀ ਸਰਕਾਰ ਵਾਲੇ ਲਿਆਏ ਹਨ ਲੇਕਿਨ ਉਨ੍ਹਾਂ ਨੇ ਵੀ ਇਸ ਦਾ ਅੱਜ ਤੱਕ ਹੱਲ ਨਹੀਂ ਕੀਤਾ, ਜਿਹੜੇ ਹਮੇਸ਼ਾ ਗਊਮਾਤਾ ਦੀ ਗੱਲ ਕਰਦੇ ਹਨ, ਗਊਮਾਤਾ ਦੇ ਨਾਮ

Under Print
Not for Legal/Official use

ਤੇ ਵੋਟਾਂ ਮੰਗਦੇ ਹਨ। ਮੈਨੂੰ ਲਗਦਾ ਹੈ ਕਿ ਇਹ ਰਜਿਸਟਰ ਲਗਾਉਣਾ ਚਾਹੀਦਾ ਹੈ ਕਿ ਕਿੰਨੇ ਅਵਾਰਾ ਪਸ਼ੂ ਹਨ ਤੇ ਕਿੰਨੇ ਪਾਲਤੂ ਪਸ਼ੂ ਹਨ। ਉਨ੍ਹਾਂ ਤੇ ਕੋਈ ਨਾ ਕੋਈ 100% ਮਾਰਕਿੰਗ ਹੋਣੀ ਚਾਹੀਦੀ ਹੈ। ਸਾਨੂੰ ਜਨਸੰਖਿਆ ਦਾ ਕਿਵੇਂ ਪਤਾ ਲਗਦਾ ਹੈ ਕਿਉਂਕਿ ਅਸੀਂ ਇਨਸਾਨ ਹਾਂ ਅਤੇ ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦੀ ਰਜਿਸਟਰੇਸ਼ਨ ਹੁੰਦੀ ਹੈ ਅਤੇ ਉਸ ਦਾ ਸਰਟੀਫਿਕੇਟ ਬਣਦਾ ਹੈ। ਫਿਰ ਜਦੋਂ ਬੰਦਾ ਮਰ ਜਾਂਦਾ ਹੈ ਤਾਂ ਉਸ ਦਾ ਡੈੱਥ ਸਰਟੀਫਿਕੇਟ ਬਣਦਾ ਹੈ।ਅਸੀਂ ਇਨਸਾਨ ਹਾਂ ਪਰ ਕੀ ਉਨ੍ਹਾਂ ਪਸ਼ੂਆਂ ਦੇ ਅੰਦਰ ਜਾਨ ਨਹੀਂ ਹੈ, ਜਿਨ੍ਹਾਂ ਦਾ ਅਸੀਂ ਦੁੱਧ ਪੀਂਦੇ ਹਾਂ? ਜਦੋਂ ਦੁੱਧ ਖਤਮ ਹੋ ਜਾਂਦਾ ਹੈ ਜਾਂ ਦੁੱਧ ਨਹੀਂ ਮਿਲਦਾ ਤਾਂ ਉਸ ਨੂੰ ਕਿਉਂ ਛੱਡ ਦਿੱਤਾ ਜਾਂਦਾ ਹੈ?

## WELCOME ANNOUNCEMENT BY THE CHAIRMAN

**ਸ਼੍ਰੀ ਸਭਾਪਤੀ:** ਰਾਜਾ ਜੀ, ਪਲੀਜ਼ one second. Off the record ਮੈਨੂੰ ਇਹ ਸੂਚਿਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰਦਾਰ ਰਵਨੀਤ ਸਿੰਘ ਬਿੱਟੂ, ਮਾਨਯੋਗ ਮੈਂਬਰ ਲੋਕ ਸਭਾ ਹਾਊਸ ਦੀ ਕਾਰਵਾਈ ਵੇਖਣ ਲਈ ਗਵਰਨਰ ਬਾੱਕਸ ਵਿੱਚ ਮੌਜੂਦ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।(ਥੰਪਿੰਗ)

## RESOLUTION REG. RECOMMENDATION TO THE STATE GOVERNMENT TO TACKLE THE PROBLEM OF STRAY CATTLE IN THE STATE *(RESUMPTION)*

**ਸਲਾਹਕਾਰ/ਮੁੱਖ ਮੰਤਰੀ:** ਬਿੱਟੂ ਜੀ, ਜੀ ਆਇਆਂ ਨੂੰ। ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਨਸਾਨ ਦਾ ਸਰਟੀਫਿਕੇਟ ਜਾਰੀ ਹੁੰਦਾ ਹੈ ਜਦੋਂ ਉਹ ਮਰਦਾ ਹੈ ਜਾਂ ਜੰਮਦਾ ਹੈ। ਜੇਕਰ ਕੋਈ ਬਜ਼ੁਰਗ ਹੋ ਜਾਂਦਾ ਹੈ ਤਾਂ ਅਸੀਂ ਉਸ ਦੀ ਸਾਂਭ-ਸੰਭਾਲ ਕਰਦੇ ਹਾਂ, ਇਹ ਸਾਡਾ ਵਿਰਸਾ ਹੈ ਪਰ ਕੀ ਗਾਂ ਵਿੱਚ, ਵੱਛੇ ਵਿੱਚ ਜਾਂ ਅਮਰੀਕੀ ਢੱਠੇ ਵਿੱਚ ਕੋਈ ਜਾਨ ਨਹੀਂ ਹੈ? ਕੀ ਜਦੋਂ ਪਸ਼ੂ ਦੁੱਧ ਦੇਣਾ ਬੰਦ ਕਰ ਦਿੰਦਾ ਹੈ, ਕੀ ਸਾਡਾ ਫਰਜ਼ ਨਹੀਂ ਬਣਦਾ ਕਿ ਅਸੀਂ ਉਸ ਦੀ ਸਾਂਭ-ਸੰਭਾਲ ਕਰਨੀ ਹੈ? ਅਸੀਂ ਰੋਜ਼ਾਨਾ ਦੇਖਦੇ ਹਾਂ, ਕੀ ਇਹ ਸਾਡੇ ਲੋਕ ਹਨ, ਕੀ ਇਹ ਸਾਡਾ ਕਿਸਾਨ ਹੈ? ਫੇਰ ਅਵਾਰਾ ਪਸ਼ੂ ਕੌਣ ਛੱਡਦਾ ਹੈ? ਮੈਂ, ਮੇਰੇ ਤੋਂ ਭਾਵ, ਉਹੀ ਕਿਸਾਨ, ਜਦੋਂ ਉਹ ਦੁੱਧ ਨਿਕਾਲ ਪੀ ਲੈਂਦਾ ਹੈ, ਉਸ ਤੋਂ ਬਾਅਦ ਉਹ ਪਸ਼ੂ ਨੂੰ ਸੜਕ ਤੇ ਛੱਡ ਦਿੰਦਾ ਹੈ। ਜਦੋਂ ਉਸ ਪਸ਼ੂ ਤੋਂ ਦੁੱਧ ਨਹੀਂ ਮਿਲਦਾ, ਉਸ ਸਮੇਂ ਉਸ ਨੂੰ ਅਵਾਰਾ ਕਰ ਦਿੰਦੇ ਹਨ ਅਤੇ ਇਹ ਸਾਰਿਆਂ ਦੀ ਪਰੇਸ਼ਾਨੀ ਬਣ ਜਾਂਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਇਨ੍ਹਾਂ ਦਾ ਰਜਿਸਟਰ ਲੱਗਣਾ ਚਾਹੀਦਾ ਹੈ।ਪਿੰਡ ਦਾ ਚੌਂਕੀਦਾਰ ਇਸ ਦੀ ਪੁਸ਼ਟੀ ਕਰੇ, ਪਿੰਡ ਦਾ ਨੰਬਰਦਾਰ ਵੀ ਪੁਸ਼ਟੀ ਕਰੇ। ਇਸ ਤੋਂ ਬਾਅਦ ਛੋਟੇ ਅਫਸਰ ਚੈੱਕ ਰੱਖਣ ਕਿਉਂਕਿ ਵੱਡੇ ਅਫਸਰਾਂ ਦੀ ਖੱਜਲ-ਖੁਆਰੀ ਹੋ ਜਾਵੇਗੀ। ਤਹਿਸੀਲਦਾਰ ਜਾਂ ਛੋਟੇ ਲੈਵਲ ਤੇ ਇੱਕ ਸਰਟੀਫਿਕੇਟ ਜਾਰੀ ਹੋਵੇ ਕਿ ਫਲਾਣੇ ਪਿੰਡ ਦੇ ਵਿੱਚ ਇੰਨੇ ਪਸ਼ੂ ਹਨ ਜਿਵੇਂ

Under Print
Not for Legal/Official use

ਸਰਦਾਰ ਗੁਰਦਿੱਤਾ ਸਿੰਘ ਪੁੱਤਰ ਮੱਘਰ ਸਿੰਘ ਦੇ ਘਰ ਚਾਰ ਪਸ਼ੂ ਹਨ। ਜੇ ਉਹ ਪਸ਼ੂ ਵੇਚ ਦਿੱਤਾ ਗਿਆ ਹੈ ਤਾਂ ਜਿਵੇਂ ਕਾਰ ਦਾ ਐਫੀਡੇਵਿਟ ਹੁੰਦਾ ਹੈ, ਸਰਟੀਫਿਕੇਟ ਹੁੰਦਾ ਹੈ, ਉਸੇ ਤਰ੍ਹਾਂ ਇੱਕ ਸੇਲ ਸਰਟੀਫਿਕੇਟ ਹੋਣਾ ਚਾਹੀਦਾ ਹੈ ਕਿ ਇਹ ਪਸ਼ੂ ਫਲਾਣੇ ਦੇ ਘਰ ਅਤੇ ਫਲਾਣੀ ਥਾਂ ਤੇ ਮੈਂ ਵੇਚ ਚੁੱਕਿਆ ਹਾਂ।ਜੇਕਰ ਕੋਈ ਪਸ਼ੂ ਮਰ ਜਾਂਦਾ ਹੈ ਤਾਂ ਉਸ ਦੀ ਡੈੱਥ ਸਬੰਧੀ ਵੇਰਵਾ ਰਜਿਸਟਰ ਹੋਣਾ ਚਾਹੀਦਾ ਹੈ ਕਿ ਫਲਾਣਾ ਪਸ਼ੂ, ਜਿਸ ਦਾ so and so number ਸੀ, 12 ਨੰਬਰ ਸੀ, 18 ਨੰਬਰ ਸੀ ਜਾਂ XX or X ਉਹ ਇਸ ਦੁਨੀਆਂ ਤੋਂ ਜਾ ਚੁੱਕਿਆ ਹੈ, ਇਸ ਲਈ ਮੇਰੇ ਕੋਲ ਹੁਣ ਤਿੰਨ ਪਸ਼ੂ ਹਨ। ਇਸ ਤਰ੍ਹਾਂ ਦਾ ਕੋਈ ਰਜਿਸਟਰ ਮੇਨਟੇਨ ਅਤੇ ਅਵਾਰਾ ਪਸ਼ੂ ਛੱਡਣ ਵਾਲੇ ਨੂੰ ਸਜ਼ਾ ਨਿਰਧਾਰਤ ਹੋਵੇ ਅਗਰ ਉਸ ਦੇ ਘਰੋਂ ਪਸ਼ੂ ਗਾਇਬ ਹੋਇਆ ਜਾਂ ਉਸ ਕੋਲ ਸੇਲ ਸਰਟੀਫਿਕੇਟ ਨਾ ਹੋਇਆ ਜਾਂ ਪਸ਼ੂ ਨਾ ਮਰਿਆ ਤਾਂ ਉਸ ਨੂੰ ਬਣਦੀ ਤਿੰਨ ਮਹੀਨਿਆਂ ਦੀ ਸਜ਼ਾ ਅਤੇ ਮੁਕੱਦਮਾ ਦਰਜ ਕੀਤਾ ਜਾਵੇ। ਉਦੋਂ ਤੱਕ ਇਸ ਦਾ ਹੋਰ ਕੋਈ ਹੱਲ ਨਹੀਂ ਹੈ। ਗਊਸ਼ਾਲਾਵਾਂ ਜਿੰਨੀਆਂ ਮਰਜ਼ੀ ਬਣਾ ਲਈਏ। ਜਿਹੜੇ ਹੁਣ ਅਵਾਰਾ ਪਸ਼ੂ ਹਨ, ਉਨ੍ਹਾਂ ਨੂੰ ਸਾਂਭਣ ਲਈ ਗਊਸ਼ਾਲਾਵਾਂ ਨੂੰ ਮੁਕੰਮਲ ਤੌਰ ਕਾਓ ਸੈੱਸ, ਜਿਹੜਾ ਇਕੱਠਾ ਕੀਤਾ ਜਾਂਦਾ ਹੈ.....

**ਸਰਦਾਰ ਜੈ ਕ੍ਰਿਸ਼ਨ ਸਿੰਘ:** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਸ਼੍ਰੀ ਸਭਾਪਤੀ :** ਉਨ੍ਹਾਂ ਨੂੰ ਬੋਲ ਲੈਣ ਦਿਓ ਕਿਉਂਕਿ ਉਨ੍ਹਾਂ ਦਾ ਥੋੜ੍ਹਾ ਰਹਿ ਗਿਆ ਹੈ। (ਵਿਘਨ...) ਜੈ ਕ੍ਰਿਸ਼ਨ ਜੀ ਬੋਲੋ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਚੇਅਰਮੈਨ ਸਾਹਿਬ, ਇਹ ਕਹਿ ਰਹੇ ਹਨ ਕਿ ਅਸੀਂ ਕੋਈ ਵੀ ਪਸ਼ੂ ਜੇਕਰ ਵੇਚਦੇ ਹਾਂ, ਭਾਵੇਂ ਖਰੀਦਦੇ ਹਾਂ, ਉਸ ਦੀ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ, ਜਿਵੇਂ ਅਸੀਂ ਕੋਈ ਗੱਡੀ ਵੇਚਦੇ ਅਤੇ ਖਰੀਦਦੇ ਹਾਂ, ਉਸ ਦਾ ਇੱਕ ਸੇਲ ਲੈਟਰ ਵੀ ਹੋਵੇ। ਮੈਨੂੰ ਇਹ ਦੱਸ ਦੇਣ ਕਿ ਇਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਅਮਰੀਕੀ ਢੱਠੇ ਖਰੀਦਣ ਵਾਲੇ ਕਿੰਨੇ ਵਿਅਕਤੀ ਦੇਖੇ ਹਨ?

**ਸਲਾਹਕਾਰ/ਮੁੱਖ ਮੰਤਰੀ:** ਚੇਅਰਮੈਨ ਸਾਹਿਬ, ਅਮਰੀਕੀ ਢੱਠਾ ਲੈਣਾ ਜਾਂ ਵੇਚਣ ਦੀ ਗੱਲ ਨਹੀਂ ਹੈ। ਜਿਹੜੀ ਚੀਜ਼ ਇਸ ਧਰਤੀ ਤੇ ਆ ਚੁੱਕੀ ਹੈ, ਜਿਹੜੀ ਚੀਜ਼ ਪੰਜਾਬ ਵਿੱਚ ਆ ਚੁੱਕੀ ਹੈ, ਇਨ੍ਹਾਂ ਦੀ ਪਾਰਟੀ ਵਾਲਿਆਂ ਨੇ ਇਹ ਗੱਲ ਬੋਲਦਿਆਂ ਹੋਇਆ ਕਹੀ ਹੈ ਕਿ ਜੇਕਰ ਸਾਨੂੰ ਕੀੜੀ ਵੀ ਤੰਗ ਨਾ ਕਰੇ ਤਾਂ ਅਸੀਂ ਉਸ ਨੂੰ ਮਾਰਨਾ ਨਹੀਂ ਚਾਹੁੰਦੇ।ਗੁਰੂ ਸਾਹਿਬ ਕੀ ਕਹਿੰਦੇ ਹਨ? ਮੈਨੂੰ ਬਾਣੀ ਦੀਆਂ ਤੁਕਾਂ ਘੱਟ ਆਉਂਦੀਆਂ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇਕਰ ਚੀਜ਼ ਤੰਗ ਵੀ ਕਰਦੀ ਹੋਵੇ, ਉਸ ਨੂੰ ਵੀ ਮਾਰਨਾ ਸਹੀ ਇਨਸਾਨ ਦਾ ਕੰਮ ਨਹੀਂ ਹੈ, ਤੰਗ ਕਰਦੀ ਹੈ ਤਾਂ ਪਾਸੇ ਦੀ ਹੋ ਕੇ ਲੰਘ ਜਾਓ। ਜੇਕਰ ਤੰਗ ਕਰਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਮਾਰ ਦਿਓ, ਇਹ ਕੋਈ ਕਾਨੂੰਨੀ ਗੱਲ ਨਹੀਂ ਹੈ ਕਿ ਜੇਕਰ ਕੋਈ ਤੰਗ ਕਰਦਾ ਹੈ, ਉਸ ਨੂੰ ਮਾਰ ਦਿਓ। ਮੈਂ ਇਹ ਨਹੀਂ ਕਹਿੰਦਾ ਕਿ ਅਮਰੀਕੀ ਢੱਠੇ.....(ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦਿੱਤਾ।)

**ਸ਼੍ਰੀ ਸਭਾਪਤੀ:** ਪਲੀਜ਼, ਰਾਜਾ ਜੀ ਨੂੰ ਬੋਲ ਲੈਣ ਦਿਓ।

**ਸਲਾਹਕਾਰ/ਮੁੱਖ ਮੰਤਰੀ:** ਚੇਅਰਮੈਨ ਸਾਹਿਬ, ਅਮਰੀਕੀ ਢੱਠੇ ਦੀ ਕੋਈ ਕੀਮਤ ਹੁੰਦੀ ਹੈ ਜਾਂ ਨਹੀਂ ਹੁੰਦੀ, ਉਹ ਵਿਕਦਾ ਹੈ ਜਾਂ ਨਹੀਂ ਵਿਕਦਾ, ਮੈਂ ਕਹਿੰਦਾ ਹਾਂ ਕਿ ਜੇਕਰ ਨਹੀਂ ਵਿਕਦਾ ਤਾਂ ਆਪਣੇ ਆਪ ਬੰਦ ਹੋ ਜਾਵੇਗਾ। ਜਿੱਥੇ ਜਿੱਥੇ ਅਮਰੀਕੀ ਢੱਠਾ ਹੈ, ਅੱਜ ਜੇਕਰ ਉਹ ਸਾਡੀ ਪੰਜਾਬ ਦੀ ਧਰਤੀ ਉੱਤੇ ਖੁੱਲ੍ਹਾ ਸ਼ਰ੍ਹੇਆਮ ਘੁੰਮ ਰਿਹਾ ਹੈ ਤਾਂ ਅਸੀਂ ਉਨ੍ਹਾਂ ਦਾ ਇੰਤਜ਼ਾਮ ਕਰ ਸਕਦੇ ਹਾਂ। ਅਸੀਂ ਉਨ੍ਹਾਂ ਦੀਆਂ ਗਊਸ਼ਾਲਾਵਾਂ ਬਣਾ ਸਕਦੇ ਹਾਂ। ਜੇਕਰ ਕੋਈ ਉਸ ਨੂੰ ਵਰਤ ਕੇ ਛੱਡਦਾ ਹੈ, ਜਿਵੇਂ ਕੋਈ ਗੱਡੀ ਤੇ ਲਗਾ ਦਿੰਦਾ ਹੈ, ਕੋਈ ਪੱਠੇ ਢੋਂਦਾ ਹੈ ਜਾਂ ਕੋਈ ਹੋਰ ਕੰਮ ਤੇ ਛੱਡਦਾ ਹੈ ਤਾਂ ਅਸੀਂ ਉਸ ਵਾਸਤੇ ਰਜਿਸਟਰ ਮੇਨਟੇਨ ਕਰੀਏ ਤਾਂ ਕਿ ਕੋਈ ਉਸ ਤੋਂ ਕੰਮ ਲੈ ਕੇ ਉਸ ਨੂੰ ਛੱਡੇ ਨਾ, ਆਪਣੇ ਘਰ ਵਿੱਚ ਹੀ ਰੱਖੇ।ਕਹਿਣ ਦਾ ਭਾਵ ਕੋਈ ਮੈਕੇਨਿਜ਼ਮ ਹੋਣਾ ਚਾਹੀਦਾ ਹੈ ਜਿਸ ਨਾਲ ਸਾਨੂੰ ਪਤਾ ਲੱਗ ਜਾਵੇ ਕਿ ਸਾਡਾ ਪਸ਼ੂ ਕਿੱਥੇ ਗਿਆ ਹੈ, ਉਹ ਮਰ ਗਿਆ ਹੈ ਜਾਂ ਕਿਸੇ ਨੇ ਛੱਡ ਦਿੱਤਾ ਹੈ। ਮੇਰਾ ਕਹਿਣ ਦਾ ਬਸ ਇਹੀ ਮਤਲਬ ਹੈ ਨਾ ਕਿ ਢੱਠਾ ਵਿਕੇ ਜਾਂ ਨਾ ਵਿਕੇ। ਜਿਵੇਂ ਨਿੱਕੇ ਹੁੰਦਿਆਂ ਕਿਸੇ ਨੇ ਕਹਾਣੀ ਪੜ੍ਹੀ ਸੀ ਕਿ ਕਿਸੇ ਨੇ ਪੇਪਰ ਵਿੱਚ ਲਿਖ ਦਿੱਤਾ- ਗਊ ਹਮਾਰੀ ਮਾਤਾ ਹੈ, ਹਮ ਕੋ ਕੁਛ ਨਹੀਂ ਆਤਾ ਹੈ। ਮਾਸਟਰ ਨੇ ਅੱਗੇ ਲਿਖ ਦਿੱਤਾ- ਕਿ ਢੱਠਾ ਹਮਾਰਾ ਬਾਪ ਹੈ, ਨੰਬਰ ਦੇਣਾ ਪਾਪ ਹੈ। ਚੇਅਰਮੈਨ ਸਾਹਿਬ, ਗਊ, ਮੱਝ ਜਾਂ ਗਾਂ ਭਾਵੇਂ ਕੋਈ ਵੀ ਜਾਨਵਰ ਹੈ ਉਸ ਨੂੰ ਮਾਰ ਦੇਣਾ ਹੱਲ ਨਹੀਂ ਹੈ। ਅਸੀਂ ਇੱਥੇ ਬੈਠੇ ਹਾਂ, ਇਸ ਪ੍ਰਾਬਲਮ ਦਾ ਪੁਖਤਾ ਸੋਲਿਊਸ਼ਨ ਲੱਭਣਾ ਸਾਡਾ ਫਰਜ਼ ਬਣਦਾ ਹੈ। ਜਦੋਂ ਵੱਛਾ ਪੈਦਾ ਹੁੰਦਾ ਹੈ ਤਾਂ ਸਾਨੂੰ ਕੀ ਪਤਾ ਹੈ ਕਿ ਗਾਂ ਵੱਛਾ ਦੇਵੇਗੀ ਜਾਂ ਵੱਛੀ ਦੇਵੇਗੀ? ਅਸੀਂ ਸਾਰੇ ਰੱਬ ਦੇ ਬੰਦੇ ਹਾਂ। ਸਾਨੂੰ ਇਸ ਗੱਲ ਦਾ ਕੀ ਇਲਮ ਹੈ ਪਰ ਜੇਕਰ ਵੱਛਾ ਹੋ ਗਿਆ ਤਾਂ ਇਸ ਵਿੱਚ ਉਸ ਦਾ ਕੀ ਗੁਨਾਹ ਹੈ? ਕੀ ਉਸ ਦਾ ਗਲ ਵੱਢ ਦੇਈਏ ਜਾਂ ਉਸ ਨੂੰ slaughter house ਭੇਜ ਦੇਈਏ? ਇਹ ਕਿੱਥੋਂ ਦਾ ਕਾਨੂੰਨ ਹੈ ਕਿ ਪੇਟ ਵਿੱਚ ਰੱਖ ਕੇ ਜਾਨਵਰ ਜਾਂ ਕਿਸੇ ਔਰਤ ਨੇ, ਜਨਨੀ ਨੇ ਕਿਸੇ ਜੀਵ ਨੂੰ ਜਾਂ ਇਨਸਾਨ ਨੂੰ ਜਨਮ ਦਿੱਤਾ ਹੈ ਅਤੇ ਉਸ ਨੂੰ ਮਾਰ ਦਿੱਤਾ ਜਾਵੇ। ਅਜਿਹਾ ਤਾਂ ਕਿਤੇ ਦੁਨੀਆ ਦਾ ਕੋਈ ਕਾਨੂੰਨ ਹੀ ਨਹੀਂ ਹੈ। ਫਿਰ ਸਾਡੇ ਅਤੇ ਪਾਕਿਸਤਾਨੀਆਂ ਦੇ ਵਿੱਚ ਕੀ ਫਰਕ ਰਹਿ ਗਿਆ? ਸਾਨੂੰ ਇਸ ਗੱਲ ਦਾ ਸਲਿਊਸ਼ਨ ਦੱਸਣਾ ਚਾਹੀਦਾ ਹੈ and this is not the solution ਕਿ ਫਲਾਣੀ ਚੀਜ਼ ਤਾਂ ਵਰਤੋਂਯੋਗ ਹੈ ਉਹ ਚੀਜ਼ ਰੱਖ ਲਈ ਜਾਵੇ ਅਤੇ ਫਲਾਣੀ ਚੀਜ਼ ਵਰਤੋਂਯੋਗ ਨਹੀਂ ਹੈ ਅਤੇ ਉਸ ਨੂੰ slaughter house ਭੇਜ ਦਿੱਤਾ ਜਾਵੇ, ਉਸ ਨੂੰ ਕੱਟ ਦਿੱਤਾ ਜਾਵੇ, ਉਸ ਨੂੰ ਮਾਰ ਦਿੱਤਾ ਜਾਵੇ। ਮੰਤਰੀ ਸਾਹਿਬ ਚਲੇ ਗਏ ਹਨ, ਚੇਅਰਮੈਨ ਸਾਹਿਬ, ਇਹ ਬਹੁਤ ਹੀ ਗੰਭੀਰ ਮੁੱਦਾ ਹੈ। ਇਨ੍ਹਾਂ ਨੇ ਚੰਗਾ ਕੀਤਾ ਕਿ ਇਹ ਮਤਾ ਲਿਆਂਦਾ ਪਰ ਮੈਨੂੰ ਲਗਦਾ ਹੈ ਕਿ ਇਸ ਵਿੱਚ ਸੰਸ਼ੋਧਨ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਨੇ ਮਤੇ ਵਿੱਚ ਲਿਖਿਆ ਹੈ ਕਿ

Under Print
Not for Legal/Official use

"ਅਮਰੀਕੀ H.F ਢੱਠਿਆਂ ਨੂੰ ਬੁੱਚੜਖਾਨੇ ਭੇਜ ਦਿੱਤਾ ਜਾਵੇ," ਮੇਰੇ ਭਰਾ ਇਸ ਵਿੱਚ ਸੁਧਾਰ ਕਰ ਲੈਣ ਕਿ ਬੁੱਚੜਖਾਨੇ ਕਿਸੇ ਨੂੰ ਵੀ ਨਾ ਭੇਜਿਆ ਜਾਵੇ। ਅਸੀਂ ਇਸ ਦਾ ਸਲਿਊਸ਼ਨ ਲੈ ਕੇ ਆਉਣਾ ਹੈ। ਮੈਨੂੰ ਲਗਦਾ ਹੈ ਕਿ ਰਜਿਸਟਰ ਮੇਨਟੇਨ ਕੀਤਾ ਜਾਵੇ ਅਤੇ ਸਜ਼ਾ ਵੀ ਨਿਰਧਾਰਤ ਕਰਨੀ ਚਾਹੀਦੀ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਕਾਨੂੰਨ ਬਣਾ ਦਿੱਤਾ ਜਾਵੇ ਕਿ ਅਵਾਰਾ ਪਸ਼ੂ ਛੱਡਣ ਵਾਲੇ ਨੂੰ ਛੇ ਮਹੀਨੇ ਦੀ ਸਜ਼ਾ ਹੋਵੇਗੀ ਅਤੇ 15 ਦਿਨ ਉਸ ਦੀ ਜ਼ਮਾਨਤ ਨਾ ਹੋਵੇ। ਆਉਣ ਵਾਲੇ ਸਮੇਂ ਵਿੱਚ ਜਿਹੜੇ ਪਸ਼ੂ ਸੜਕਾਂ ਤੇ ਹਨ ਇਨ੍ਹਾਂ ਦੀ ਗਿਣਤੀ ਮਿਣਤੀ ਕਰਕੇ ਇਨ੍ਹਾਂ ਵਾਸਤੇ ਮੁਕੰਮਲ ਗਊਸ਼ਾਲਾ ਬਣਾਈ ਜਾਵੇਗੀ। ਮੁਕਤਸਰ ਵਿੱਚ ਰੱਤੇਵਾਲਾ ਵਿਖੇ ਮੌਡਰਨ ਤਰੀਕੇ ਦੀ ਸਭ ਤੋਂ ਵੱਡੀ 26 ਕਿੱਲਿਆਂ ਦੇ ਵਿੱਚ ਗਊਸ਼ਾਲਾ ਬਣੀ ਹੈ। ਉੱਥੇ 800-900 ਪਸ਼ੂ ਹਨ ਪਰ ਕਿਸਾਨ ਇੰਨੇ ਦੁਖੀ ਹਨ ਕਿ ਕੋਈ ਵੀ ਤੂੜੀ ਦੇਣ ਲਈ ਤਿਆਰ ਨਹੀਂ ਹੈ। ਉਸ ਗਊਸ਼ਾਲਾ ਦਾ ਕੋਈ ਵੀ ਪੁਖਤਾ ਇੰਤਜ਼ਾਮ ਨਹੀਂ ਹੈ। ਸਾਡਾ ਡੀ.ਸੀ. ਰੋਜ਼ ਮੰਗ ਮੰਗ ਗਊਸ਼ਾਲਾ ਦਾ ਕੰਮ ਚਲਾਉਂਦਾ ਹੈ। ਮੈਂ ਆਪਣੀ ਸਰਕਾਰ ਨੂੰ ਵੀ ਇਹ ਗੱਲ ਕਹਾਂਗਾ ਕਿ ਪਿਛਲੇ ਦੋ ਸਾਲਾਂ ਵਿੱਚ ਕੋਈ ਅਜਿਹਾ ਇੰਤਜ਼ਾਮ ਨਹੀਂ ਹੋਇਆ ਕਿ ਉਸ ਗਊਸ਼ਾਲਾ ਵਿੱਚ 900 ਪਸ਼ੂ ਹਨ ਜੇਕਰ ਉੱਥੇ ਅੱਜ ਦਾ ਚਾਰਾ ਨਹੀਂ ਹੈ ਤਾਂ ਉਸ ਦਾ ਕੀ ਇੰਤਜ਼ਾਮ ਹੈ? ਇਹ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਹ ਪੂਰਾ ਇੰਤਜ਼ਾਮ ਹੋਣਾ ਚਾਹੀਦਾ ਹੈ ਜੇਕਰ ਆਪਾਂ ਸੈੱਸ ਇਕੱਠਾ ਕਰਦੇ ਹਾਂ ਤਾਂ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਜਿੰਨੀਆਂ ਵੀ ਗਊਸ਼ਾਲਾਵਾਂ ਹਨ, ਜਿਹੜੇ ਉੱਥੇ ਜਾਨਵਰ ਹਨ ਉਨ੍ਹਾਂ ਦਾ ਪੁਖਤਾ ਇੰਤਜ਼ਾਮ ਕਰੀਏ ਤਾਂ ਕਿ ਕੋਈ ਵੀ ਪਸ਼ੂ ਨਾ ਮਰ ਸਕੇ। ਅਸੀਂ ਉਨ੍ਹਾਂ ਬਾਰੇ ਵੀ ਸੋਚਦੇ ਹਾਂ। ਮੈਂ ਮਤੇ ਵਾਸਤੇ ਗੰਭੀਰ ਹਾਂ ਲੇਕਿਨ ਮੈਂ ਇਸ ਗੱਲ ਦੇ ਹੱਕ ਵਿੱਚ ਨਹੀਂ ਹਾਂ ਕਿ ਕਿਸੇ ਵੀ ਜੀਵ ਜੰਤੂ ਦੀ ਹੱਤਿਆ ਕਰ ਦਿੱਤੀ ਜਾਵੇ ਅਤੇ ਉਸ ਨੂੰ ਮਾਰ ਦਿੱਤਾ ਜਾਵੇ। ਮੈਂ ਮਤੇ ਤੇ ਪੂਰਨ ਸਹਿਮਤ ਨਹੀਂ ਹਾਂ। ਅਵਾਰਾ ਪਸ਼ੂਆਂ ਵਾਸਤੇ ਗੰਭੀਰ ਹਾਂ ਲੇਕਿਨ ਕਿਸੇ ਨੂੰ ਮਾਰਨ ਤੇ ਸਹਿਮਤ ਨਹੀਂ ਹਾਂ। ਧੰਨਵਾਦ ਜੀ।

**ਸ਼੍ਰੀ ਕੰਵਰ ਸੰਧੂ (ਖਰੜ):** ਚੇਅਰਮੈਨ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਜਿਹੜਾ ਮਤਾ ਆਇਆ ਹੈ ਉਹ ਬਹੁਤ ਹੀ ਗੰਭੀਰ ਮਸਲੇ ਤੇ ਹੈ। ਇਸ ਮਤੇ ਪਿੱਛੇ ਮਨਸ਼ਾ ਇਹ ਹੈ ਕਿ ਅਵਾਰਾ ਪਸ਼ੂਆਂ ਕਰਕੇ ਬਹੁਤ ਜ਼ਿਆਦਾ ਨੁਕਸਾਨ ਹੋ ਰਹੇ ਹਨ, ਐਕਸੀਡੈਂਟ ਹੋ ਰਹੇ ਹਨ। ਅਵਾਰਾ ਪਸ਼ੂ ਗੰਦਗੀ ਦੇ ਢੇਰਾਂ ਤੇ ਮੂੰਹ ਮਾਰਦੇ ਹਨ ਅਤੇ ਪਲਾਸਟਿਕ ਖਾਂਦੇ ਹਨ। ਸੋ, ਇਹ ਮਤਾ ਜਿਹੜਾ ਲਿਆਂਦਾ ਗਿਆ ਹੈ, ਇਸ ਦੀ ਮਨਸ਼ਾ ਅਤੇ ਇਨਟੈਂਸ਼ਨ ਬਿਲਕੁਲ ਸਹੀ ਹੈ ਲੇਕਿਨ ਜਿਹੜੀ ਇਸ ਦੀ ਸ਼ਬਦਾਵਲੀ ਹੈ ਅਤੇ ਜਿਹੜਾ ਇਸ ਦਾ ਸਾਲਿਊਸ਼ਨ ਹੈ, ਮੈਂ ਉਸ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਾਂ (ਥੰਪਿੰਗ) ਇਹ ਇਸ਼ੂ ਬੜਾ ਹੀ ਸੀਰੀਅਸ ਹੈ। ਆਪਾਂ ਇਸ ਉੱਤੇ ਜਿਹੜੀ ਗੱਲ ਕਰਨੀ ਹੈ, ਪਾਰਟੀ ਲੈਵਲ ਤੋਂ ਉੱਪਰ ਉੱਠ ਕੇ ਕਰਨੀ ਹੈ। ਸੋ, ਇਸ ਕਰਕੇ ਮੈਂ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ। ਇਸ ਮਤੇ ਦਾ ਮਤਲਬ ਹੈ ਕਿ ਅਸੀਂ ਜਾਨਵਰਾਂ ਦੇ ਨਾਲ ਵਿਤਕਰਾ ਕਰ ਰਹੇ ਹਾਂ ਜਿਹੜੇ ਕਿ ਬੇਜ਼ੁਬਾਨ ਹਨ। ਇਹ ਤਾਂ ਦਿੱਲੀ ਦੀ ਕੇਂਦਰ ਸਰਕਾਰ

Under Print
Not for Legal/Official use

ਵਾਲੀ ਗੱਲ ਹੋ ਗਈ, ਜਿਵੇਂ ਉਹ ਸੀ.ਏ.ਏ. ਇਨਸਾਨਾਂ ਵਾਸਤੇ ਲਿਆ ਰਹੀ ਹੈ, ਉਸੇ ਤਰ੍ਹਾਂ ਅਸੀਂ ਉਹੀ ਚੀਜ਼ ਜਾਨਵਰਾਂ ਨਾਲ ਕਰਨ ਲੱਗੇ ਹਾਂ। ਇਹ ਬਹੁਤ ਹੀ ਗਲਤ ਗੱਲ ਹੈ। ਇਹ ਜਾਨਵਰਾਂ ਨਾਲ ਫਿਰਕਾਪ੍ਰਸਤੀ ਹੋਵੇਗੀ ਅਤੇ ਇੱਕ ਗਲਤ ਟਰੈਂਡ ਸ਼ੁਰੂ ਹੋ ਜਾਵੇਗਾ ਔਰ ਇਹ ਚੀਜ਼ ਹਾਊਸ ਦੇ ਵਿੱਚ ਬਿਲਕੁਲ ਪਾਸ ਨਹੀਂ ਹੋਣੀ ਚਾਹੀਦੀ। ਇਸ ਵਿਸ਼ੇ ਤੇ ਗੱਲ ਕਰਦਿਆਂ ਸਾਡੇ ਕੁਝ ਸਾਥੀਆਂ ਨੇ ਬੜੀ selective information ਹਾਊਸ ਦੇ ਨਾਲ ਸ਼ੇਅਰ ਕੀਤੀ ਹੈ ਔਰ ਕਿਹਾ ਹੈ ਕਿ ਲੋਕਾਂ ਦੇ ਡਬਲ ਸਟੈਂਡਰਡ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸਾਥੀ ਇਹ ਮਤਾ ਲੈ ਕੇ ਆਏ ਹਨ, ਉਨ੍ਹਾਂ ਨੇ selective information ਦੇ ਕੇ ਆਪਣੇ ਡਬਲ ਸਟੈਂਡਰਡ ਦਾ ਇਜ਼ਹਾਰ ਕੀਤਾ ਹੈ। (ਥੰਪਿੰਗ) ਠੀਕ ਹੈ, ਐਕਸੀਡੈਂਟ ਹੋਏ ਤੇ ਇਸ ਵਿੱਚ 150 ਲੋਕ ਮਾਰੇ ਗਏ। ਸਾਡੇ ਕੋਲ ਅੰਕੜੇ ਹਨ ਕਿ ਜਿਹੜੇ 150 ਲੋਕ ਮਾਰੇ ਗਏ ਹਨ, ਉਹ ਕਿਹੜੇ-ਕਿਹੜੇ ਐਕਸੀਡੈਂਟਾਂ ਦੇ ਵਿੱਚ, ਕਿਹੜੇ-ਕਿਹੜੇ ਜਾਨਵਰਾਂ ਵੱਲੋਂ ਮਾਰੇ ਗਏ ਹਨ। ਇਹੋ ਜਿਹੀ information ਦੇਣੀ ਕਿ ਇਹ ਸਾਡੇ ਮਤੇ ਨੂੰ ਸਪੋਰਟ ਕਰਦੀ ਹੈ, ਇਹ ਬਿਲਕੁਲ ਹੀ ਗਲਤ ਗੱਲ ਹੈ। ਢਾਈ-ਤਿੰਨ ਲੱਖ ਪਸ਼ੂ ਅਵਾਰਾ ਹਨ, ਇਹ ਵਾਕਿਆ ਹੀ ਬੜਾ ਸੀਰੀਅਸ ਮਸਲਾ ਹੈ ਔਰ ਇਸ ਤੇ ਵਿਚਾਰ ਕਰਨ ਦੀ ਲੋੜ ਹੈ। ਸਾਨੂੰ ਅਫਸੋਸ ਹੈ ਕਿ ਹੁਣ ਤੱਕ ਇਸ ਤੇ ਵਿਚਾਰ ਨਹੀਂ ਹੋਇਆ। ਇਹ ਵੀ ਜ਼ਿਕਰ ਹੋਇਆ ਹੈ ਕਿ ਸਿਰਫ ਅਮਰੀਕਨ ਢੱਠੇ ਅਤੇ ਸਾਨ੍ਹ ਹੀ ਹਿੰਸਕ ਕਾਰਵਾਈ ਕਰਦੇ ਹਨ ਜਾਂ ਹਿੰਸਕ ਹੋ ਜਾਂਦੇ ਹਨ। ਇਸ ਤੇ ਵੀ ਸਾਡੇ ਕੋਲ ਕੋਈ ਪੁਖਤਾ ਅੰਕੜੇ ਨਹੀਂ ਹਨ। ਇਹ ਮੈਂਬਰ ਸਾਹਿਬ ਨੇ ਗੱਲ ਕੀਤੀ ਕਿ ਜਦੋਂ ਸਾਨੂੰ ਦੁੱਧ ਦੀ ਲੋੜ ਸੀ ਉਦੋਂ ਅਸੀਂ ਐਚ.ਐਫ ਅਤੇ Jersey cows ਇੱਥੇ ਲਿਆਂਦੀਆਂ, ਮੈਂ ਇਸ ਗੱਲ ਨਾਲ ਸਹਿਮਤ ਹਾਂ। ਅੱਜ ਵੀ ਪੰਜਾਬ ਵਿੱਚ ਜਾਂ ਦੇਸ਼ ਵਿੱਚ ਜਿਹੜੇ ਡੇਅਰੀ ਫਾਰਮਜ਼ ਚਲਦੇ ਹਨ, ਉਹ ਐਚ.ਐਫ ਜਾਂ Jersey cows ਕਰਕੇ ਹੀ ਚਲਦੇ ਹਨ।

ਚੇਅਰਮੈਨ ਸਾਹਿਬ, ਜੇ ਇਹ ਡੇਅਰੀ ਫਾਰਮਜ਼, ਸਾਡੀਆਂ ਦੇਸੀ ਗਾਂਵਾਂ ਕਰਕੇ ਚਲਦੇ ਹੁੰਦੇ ਤਾਂ ਸਾਨੂੰ ਬਾਹਰਲੀਆਂ ਗਾਂਵਾਂ ਨੂੰ ਲਿਆਉਣ ਦੀ ਲੋੜ ਹੀ ਨਹੀਂ ਸੀ। ਜੇ ਅਸੀਂ ਆਪਣਾ ਕਾਰੋਬਾਰ ਚਲਾਉਣਾ ਹੈ ਤਾਂ ਉਨ੍ਹਾਂ ਨਾਲ ਚਲਾਉਂਦੇ ਹਾਂ। ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਹਾਂ ਕਿ ਡੇਅਰੀ ਫਾਰਮਜ਼ ਨੂੰ ਬੜੇ ਵੱਡੇ ਪੱਧਰ ਤੇ ਹੁਲਾਰਾ ਦੇਣ ਦੀ ਲੋੜ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਲਗਦਾ ਹੈ ਕਿ ਅਸੀਂ ਦੇਸੀ ਗਾਵਾਂ ਨਾਲ ਇਸ ਕਾਰੋਬਾਰ ਨੂੰ ਬੜ੍ਹਾਵਾ ਦੇ ਸਕਦੇ ਹਾਂ? ਇਹ ਗੱਲ ਵੀ ਇੱਥੇ ਚੱਲ ਰਹੀ ਸੀ ਕਿ cross breeding ਲਈ ਐਕਸਪੈਰੀਮੈਂਟ ਹੋ ਰਹੇ ਹਨ। ਫਿਰ ਤਾਂ ਮਸਲਾ ਹੋਰ ਵੀ ਗੰਭੀਰ ਹੋ ਜਾਣਾ ਹੈ ਕਿਉਂਕਿ cross bertilisation ਨਾਲ ਸਿਲੈਕਟਿਵ ਬਰੀਡਿੰਗ, ਸਿਲੈਕਟਿਵ ਵਿਤਕਰਾ ਕਰਨਾ ਹੋਵੇ ਤਾਂ ਕਿਵੇਂ ਕਰਾਂਗੇ? ਚੇਅਰਮੈਨ ਸਾਹਿਬ, ਇੱਥੇ ਇਹ ਕਹਿਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ ਕਿ ਇਸ ਦਾ ਹੋਰ ਕੋਈ ਸਾਲਿਊਸ਼ਨ ਨਹੀਂ ਹੈ। ਕਈ ਮੈਂਬਰ ਸਾਹਿਬਾਨ ਨੇ ਇਸ ਦੇ ਸਾਲਿਊਸ਼ਨ ਦਿੱਤੇ ਵੀ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਇੱਕ ਸਾਲਿਊਸ਼ਨ ਇਹ ਹੈ ਕਿ ਜਿਹੜਾ cow cess ਇਕੱਠਾ ਹੋ ਰਿਹਾ ਹੈ, ਉਸ ਦਾ

Under Print
Not for Legal/Official use

ਆਡਿਟ ਹੋਣਾ ਚਾਹੀਦਾ ਹੈ ਤਾਂ ਕਿ ਪਤਾ ਲੱਗੇ ਕਿ ਕੀ ਵਾਕਿਆ ਹੀ cow cess ਜਿਹੜਾ ਇਕੱਠਾ ਹੋਇਆ ਹੈ, ਉਹ ਇਸਤੇਮਾਲ ਹੋਇਆ ਹੈ ਜਾਂ ਨਹੀਂ ਹੋਇਆ? ਮੈਨੂੰ ਸ਼ੱਕ ਹੈ ਕਿ cow cess ਜਿਹੜਾ ਪਿਛਲੀ ਸਰਕਾਰ ਵੇਲੇ ਵੀ ਇਕੱਠਾ ਹੋਇਆ ਸੀ ਜਾਂ ਇਸ ਵੇਲੇ ਵੀ ਹੋਇਆ ਹੈ, ਜਿਸ ਕੰਮ ਲਈ ਇਕੱਠਾ ਕੀਤਾ ਗਿਆ ਸੀ, ਉਹ ਕੰਮ ਨਹੀਂ ਹੋਇਆ। ਇਸ ਦੇ ਵਾਸਤੇ ਮੇਰੇ ਕੋਲ ਕੋਈ ਅੰਕੜੇ ਨਹੀਂ ਹਨ। ਦੂਜਾ, ਅਸੀਂ ਪ੍ਰਾਈਵੇਟ ਗਊਸ਼ਾਲਾਵਾਂ ਖੋਲ੍ਹ ਦਿੱਤੀਆਂ, ਇਹ ਸਾਲਿਊਸ਼ਨ ਨਹੀਂ ਹੈ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਸਰਕਾਰ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਆਪਾਂ ਇਸ ਨੂੰ ਗਊਸ਼ਾਲਾ ਕਹਿਣ ਦੀ ਬਜਾਏ cattle pound ਕਹੀਏ ਤਾਂ ਕਿ ਉਥੇ ਹਰ ਤਰ੍ਹਾਂ ਦਾ ਜਾਨਵਰ ਆ ਸਕੇ, ਉਸ ਵਿੱਚ ਡਾਈਵਰਸੀਫਿਕੇਸ਼ਨ ਹੋ ਸਕਦੀ ਹੈ ਕਿ ਇਸ ਵਿੱਚ ਗਾਈਆਂ ਹੋਣ ਜਾਂ ਇਸ ਵਿਚ ਹੋਰ ਜਾਨਵਰ ਹੋ ਸਕਣ। ਇਹ ਜ਼ਿੰਮੇਵਾਰੀ ਮਿਉਂਸਿਪਲ ਕਮੇਟੀਜ਼ ਨੂੰ ਜਾਂ ਕਾਰਪੋਰੇਸ਼ਨਾਂ ਨੂੰ ਦੇਣੀ ਚਾਹੀਦੀ ਹੈ ਔਰ ਉਸ ਦੇ ਨਾਲ ਨਾਲ ਪਿੰਡਾਂ ਵਿੱਚ ਕਲੱਸਟਰ ਆਫ ਵਿਲੇਜ਼ਿਜ਼, ਕਲੱਸਟਰ ਆਫ ਪੰਚਾਇਤਜ਼ ਬਣਾਈਆਂ ਜਾਣ, 5-10-15 ਪੰਚਾਇਤਾਂ ਮਿਲ ਕੇ ਇਹ ਕੈਟਲ ਪੌਂਡਜ਼ ਜਾਂ ਜੇ ਇਨ੍ਹਾਂ ਨੂੰ ਗਊਸ਼ਾਲਾਵਾਂ ਕਹਿਣਾ ਹੈ ਤਾਂ ਇਨ੍ਹਾਂ ਗਊਸ਼ਾਲਾਵਾਂ ਨੂੰ ਚਲਾ ਸਕਣ । ਇਨ੍ਹਾਂ ਸਾਰੀਆਂ ਗਊਸ਼ਾਲਾਵਾਂ ਜਾਂ ਕੈਟਲ ਪੌਂਡਜ਼ ਵਿੱਚ ਬਾਇਓ ਗੈਸ ਪਲਾਂਟ ਲੱਗ ਸਕਦੇ ਹਨ। ਬਾਇਓ ਗੈਸ ਪਲਾਂਟ ਨਾਲ ਗੈਸ ਫਰੀ ਪ੍ਰੋਡਿਊਸ ਹੋ ਸਕਦੀ ਹੈ, ਜਿਸ ਨਾਲ ਐਲ.ਪੀ.ਜੀ. ਦੀ ਲੋੜ ਨਹੀਂ ਪਵੇਗੀ। ਮੈਨੂੰ ਯਾਦ ਹੈ ਕਿ ਰੋਪੜ ਦੇ ਕੋਲ ਕਿਸੇ ਨੇ ਆਪਣੀ ਡੇਅਰੀ ਫਾਰਮ ਖੋਲ੍ਹੀ ਸੀ ਉਹ ਡੇਅਰੀ ਫਾਰਮ ਵਾਲਾ ਸ਼ਖਸ ਦੁਬਈ ਤੋਂ ਆਇਆ ਸੀ ਪਰ ਉਹ ਪੁਰਾਣਾ ਰਹਿਣ ਵਾਲਾ ਰੋਪੜ ਦੇ ਨੇੜੇ ਦਾ ਸੀ। ਉਸ ਨੇ ਉਥੇ ਡੇਅਰੀ ਫਾਰਮਿੰਗ ਚਲਾਈ ਹੈ। ਉਸ ਡੇਅਰੀ ਫਾਰਮ ਨਾਲ ਸਾਰੇ ਪਿੰਡ ਕੁਕਿੰਗ ਬਾਇਓ ਗੈਸ ਨਾਲ ਚਲਦੀ ਹੈ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਬੈਠੇ ਬੈਠੇ):** ਭੱਦਲ ਪਿੰਡ ਹੈ।

**ਸ਼੍ਰੀ ਕੰਵਰ ਸੰਧੂ:** ਹਾਂ ਜੀ। ਸਿੱਧੂ ਸਾਹਿਬ ਨੂੰ ਇਸ ਬਾਰੇ ਪਤਾ ਵੀ ਹੈ, ਇਨ੍ਹਾਂ ਨੂੰ ਦੱਸਿਆ ਵੀ ਹੈ। ਸੋ, ਇੱਕ ਤਾਂ ਬਾਇਓ ਗੈਸ ਪਲਾਂਟ ਚਲਾਏ ਜਾਣ ਤਾਂਕਿ ਇਹ ਜਿਹੜੇ ਕਲਸਟਰਜ਼ ਹਨ, ਕੈਟਲ ਪੌਂਡਜ਼ ਹਨ ਉਹ ਸੈਲਫ ਸਫੀਸ਼ੀਐਂਸੀ ਵੱਲ ਚਲ ਸਕਣ। ਇਸ ਦੇ ਨਾਲ ਨਾਲ ਉਥੇ ਜਿਹੜੀ ਖਾਦ ਦੀ ਪ੍ਰੋਡਕਸ਼ਨ ਵੀ ਹੋਵੇਗੀ ਅਤੇ ਉਸ ਦੀ ਵਿਕਰੀ ਵੀ ਹੋ ਸਕਦੀ ਹੈ। ਇਹ ਜ਼ਿੰਮੇਵਾਰੀ ਜਿਹੜੀ ਹੈ ਇਹ ਵਾਕਿਆ ਹੀ ਪੰਚਾਇਤਾਂ ਦੀ ਔਰ ਮਿਉਂਸੀਪੈਲਿਟੀਜ਼ ਦੀ ਹੋਣੀ ਚਾਹੀਦੀ ਹੈ। ਜਿਵੇਂ ਇਕ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਲੋਕ ਆਪਣੇ ਪਸ਼ੂ ਛੱਡ ਦਿੰਦੇ ਹਨ ਜਦੋਂ ਉਹ ਪਸ਼ੂ ਦੁੱਧ ਦੇਣ ਯੋਗ ਨਹੀਂ ਹੁੰਦੇ ਤਾਂ ਉਨ੍ਹਾਂ ਵਾਸਤੇ ਸਜ਼ਾ ਵੀ ਮਿਥਣੀ ਚਾਹੀਦੀ ਹੈ ਅਤੇ ਇਸ ਵਾਸਤੇ ਸਾਨੂੰ ਵਾਕਿਆ ਹੀ ਇੱਕ ਪਰਾਪਰ ਰਜਿਸਟਰ ਮੇਨਟੇਨ ਕਰਨ ਦੀ ਲੋੜ ਹੈ। ਹੋਰ ਸਮਾਂ ਨਾ ਲੈਂਦਿਆਂ ਹੋਇਆ ਮੈਂ ਇਕ ਵਾਰੀ ਫਿਰ ਕਹਿਣਾ ਚਾਹੁੰਦਾ ਹਾਂ ਕਿ ਵਾਕਿਆ ਹੀ ਇਹ ਮਸਲਾ ਬੜਾ ਗੰਭੀਰ ਹੈ, ਮਨਸ਼ਾ ਇਸ ਦੇ ਪਿਛੇ ਠੀਕ ਹੈ ਪਰ ਇਹ ਕੋਈ ਸਲਿਊਸ਼ਨ ਨਹੀਂ ਹੈ।

**ਸ਼੍ਰੀ ਸਭਾਪਤੀ:** ਧੰਨਵਾਦ। ਸ਼੍ਰੀ ਅੰਗਦ ਸਿੰਘ ਜੀ।

**ਸ਼੍ਰੀ ਅਮਨ ਅਰੋੜਾ:** ਚੇਅਰਮੈਨ ਸਾਹਿਬ, ਮੇਰੇ ਡਬਲ ਸਟੈਂਡਰਡ ਦੀ ਗੱਲ ਹੈ, ਮੈਨੂੰ ਇੱਕ ਮਿੰਟ ਦਿਉ ਜੀ।

**ਸ਼੍ਰੀ ਸਭਾਪਤੀ:** ਅਰੋੜਾ ਜੀ, ਤੁਸੀਂ ਬਾਅਦ ਵਿਚ ਬੋਲ ਲੈਣਾ।

**ਸ਼੍ਰੀ ਅੰਗਦ ਸਿੰਘ (ਨਵਾਂ ਸ਼ਹਿਰ):** ਮਾਨਯੋਗ ਚੇਅਰਮੈਨ ਸਾਹਿਬ...

**ਸ਼੍ਰੀ ਅਮਨ ਅਰੋੜਾ:** ਚੇਅਰਮੈਨ ਸਾਹਿਬ, just ਇੱਕ ਮਿੰਟ ਦੇ ਦਿਉ ਜੀ।

**ਸ਼੍ਰੀ ਸਭਾਪਤੀ:** ਅਮਨ ਜੀ, please be short.

**Shri Aman Arora:** Sir, very very short ji. (ਵਿਘਨ) ਸਰ, ਮੇਰੀ ਬੇਨਤੀ ਸਿਰਫ ਇੰਨੀ ਹੈ... (ਵਿਘਨ) ਮੈਂ ਸਿਰਫ ਇਕ ਮਿੰਟ ਲੈਣਾ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਸਨ ਤੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**Mr. Chairman:** Please complete the point and address the Chair.

ਸ਼੍ਰੀ ਅਮਨ ਅਰੋੜਾ: ਸਰ, ** **

**ਸ਼੍ਰੀ ਸਭਾਪਤੀ :** ਅਮਨ ਜੀ, ਤੁਸੀਂ ਕਿਹਾ ਸੀ ਕਿ ਬਹੁਤ ਸ਼ਾਰਟ ਗੱਲ ਕਰਾਂਗਾ। No point of order. ਤੁਸੀਂ ਬੈਠ ਜਾਉ। ਸ਼੍ਰੀ ਅੰਗਦ ਸਿੰਘ ਜੀ, ਪਲੀਜ਼ ਕਾਂਟੀਨਿਊ ਕਰੋ ਜੀ।

**ਸ਼੍ਰੀ ਅੰਗਦ ਸਿੰਘ:** ਮਾਨਯੋਗ ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ..

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਅਮਨ ਜੀ, ਤੁਸੀਂ ਬੈਠ ਜਾਉ।

**ਸ਼੍ਰੀ ਅੰਗਦ ਸਿੰਘ:** ਮਾਨਯੋਗ ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਸ ਗੰਭੀਰ ਮਸਲੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ।(ਵਿਘਨ) ਵੜਿੰਗ ਸਾਹਿਬ, ਦੋ ਮਿੰਟ ਦੇ ਦਿਉ।(ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਅਮਨ ਜੀ, ਪਲੀਜ਼ ਤੁਸੀਂ ਬੈਠ ਜਾਉ। ਤੁਹਾਨੂੰ ਬਾਅਦ ਵਿਚ ਬੋਲਣ ਦਾ ਮੌਕਾ ਦੇ ਦਿਆਂਗਾ। (ਵਿਘਨ)(ਸ਼ੋਰ) ਪਲੀਜ਼, ਬੈਠ ਜਾਉ।ਹਾਂ ਜੀ, ਸ਼੍ਰੀ ਅੰਗਦ ਸਿੰਘ ਜੀ।

---

** Expunged as ordered by the chair

Under Print
Not for Legal/Official use

**ਸ਼੍ਰੀ ਅੰਗਦ ਸਿੰਘ:** ਮਾਨਯੋਗ ਚੇਅਰਮੈਨ ਸਾਹਿਬ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਗੰਭੀਰ ਮਸਲੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਮੈਂ ਸਮਝਦਾ ਹਾਂ ਕਿ.. (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਰਾਜਾ ਵੜਿੰਗ ਜੀ, ਇੱਕ ਮਿੰਟ ਉਨ੍ਹਾਂ ਨੂੰ ਬੋਲ ਲੈਣ ਦਿਉ, ਉਹ ਪਹਿਲੀ ਵਾਰੀ ਬੋਲਣ ਲੱਗੇ ਹਨ, ਪਲੀਜ਼ ਉਨ੍ਹਾਂ ਨੂੰ ਬੋਲ ਲੈਣ ਦਿਉ। ਅਮਨ ਜੀ, ਪਲੀਜ਼ ਬੈਠ ਜਾਉ। (ਵਿਘਨ)(ਸ਼ੋਰ) ਅੰਗਦ ਜੀ, ਤੁਸੀਂ ਪਲੀਜ਼ ਕਾਂਟੀਨਿਊ ਕਰੋ ਜੀ।

**ਸ਼੍ਰੀ ਅੰਗਦ ਸਿੰਘ:** ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲਾਂ... (ਵਿਘਨ)

**ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਚੇਅਰਮੈਨ ਸਾਹਿਬ, ਕਿਸੇ ਉਤੇ ਇਲਜ਼ਾਮ ਲਗਾ ਦੇਣਾ, ਇਹ ਕੋਈ ਚੰਗੀ ਗੱਲ ਨਹੀਂ, ਇਹ ਬੜੇ ਸੂਝਵਾਨ ਸਾਡੇ ਐਮ.ਐਲ.ਏ.ਸਾਹਿਬ ਹਨ, ਬੜੇ ਕਾਬਲ ਐਮ.ਐਲ.ਏ.ਸਾਹਿਬ ਹਨ, ਬੁੱਚੜਖਾਨੇ ਦੀ ਗੱਲ ਕਰਕੇ ਐਗਜ਼ਾਂਪਲ ਦੇ ਦੇਣਾ ਫਿਰ ਇਹ ਐਗਜ਼ਾਂਪਲ ਦੇਣਾ ਕਿ ਮੁਰਗਾ ਵੱਢਿਆ ਜਾਂਦਾ ਹੈ, ਬੱਕਰਾ ਵੱਢਿਆ ਜਾਂਦਾ ਹੈ..

**ਸ਼੍ਰੀ ਅਮਨ ਅਰੋੜਾ:** ਸਰ, ਇੱਕ ਵਰਡ ਦੇ ਉਪਰ ਜਿਹੜਾ ਮੈਂ ਸਲਾਟਰ ਹਾਊਸ ਲਿਖਿਆ ਹੈ, ਬੁਚੜਖਾਨਾ ਲਿਖਿਆ ਹੈ ਉਸ ਉਪਰ ਦਿੱਕਤ ਹੈ, ਮੈਂ ਉਸ ਨੂੰ ਡਿਲਿਊਟ ਕਰ ਦਿੰਦਾ ਹਾਂ, ਵੇਚਣ ਵੱਟਣ ਦੀ ਇਜਾਜ਼ਤ ਦਿੱਤੀ ਜਾਵੇ, ਟਰਾਂਸਪੋਰਟ ਦੀ ਏਜੰਸੀ, ਇਕ ਤਾਂ ਇਹ ਐਡ ਕਰ ਲਵੋ। ਦੂਜਾ ਜਿਹੜਾ ਮੇਰੇ ਡਬਲ ਸਟੈਂਡਰਡ ਦੀ ਗੱਲ ਹੋਈ ਹੈ। ਸਰ, ਇਸ ਤਰ੍ਹਾਂ ਹੈ ਕਿ ਸਾਰੇ ਜੀਵਾਂ ਦੀ ਜਿਹੜੀ ਜਾਨ ਹੈ ਉਹ ਬਰਾਬਰ ਹੈ ਜੇ ਇਸ ਤਰ੍ਹਾਂ ਹੈ ਤਾਂ ਫਿਰ ਕਿੰਨੇ ਕੱਟੇ, ਕਿੰਨੇ ਬੱਕਰੇ, ਜਿੰਨੇ ਮੁਰਗੇ ਮਾਰੇ ਜਾਂਦੇ ਹਨ ਉਹ ਵੀ ਬੰਦ ਕੀਤੇ ਜਾਣ। ਸਰ, 20 ਤਰੀਕ ਨੂੰ ਸੀ.ਐਮ.ਸਾਹਿਬ ਨੇ ਇੱਥੇ ਵਿਧਾਨ ਸਭਾ ਵਿਚ ਲੰਚ ਦਿੱਤਾ ਸੀ ਤੇ ਮੈਂ ਬਹੁਤੇ ਸਾਥੀ ਜਿਹੜੇ ਅੱਜ ਵਿਰੋਧ ਕਰ ਰਹੇ ਹਨ ਉਥੇ ਮੁਰਗੇ ਤੇ ਬੱਕਰੇ ਪਾੜਦੇ ਦੇਖੇ ਹਨ।

ਮੈਂ ਸਮਝਦਾ ਹਾਂ ਕਿ ਇਹ ਕੋਈ sensible ਗੱਲ ਨਹੀਂ ਹੈ।

**ਸ਼੍ਰੀ ਸਭਾਪਤੀ** : ਵੜਿੰਗ ਜੀ, ਤੁਹਾਡਾ ਪੁਆਇੰਟ ਆ ਗਿਆ ਹੈ।

**ਸਲਾਹਕਾਰ/ਮੁੱਖ ਮੰਤਰੀ**: ਅਰੋੜਾ ਜੀ ਤੁਹਾਡੇ ਮਤੇ ਕਾਰਨ ਤੁਹਾਡੇ ਸਾਥੀ ਸ਼ਰਮ ਦੇ ਮਾਰੇ ਉੱਠ ਕੇ ਚਲੇ ਗਏ ਹਨ।

**ਸ਼੍ਰੀ ਸਭਾਪਤੀ** : ਅੰਗਦ ਜੀ, ਤੁਸੀਂ ਕੰਟੀਨਿਊ ਕਰੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਸਲਾਹਕਾਰ/ਮੁੱਖ ਮੰਤਰੀ(ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) ਅਤੇ ਆਮ ਆਦਮੀ ਪਾਰਟੀ ਦੇ ਸ਼੍ਰੀ ਅਮਨ ਅਰੋੜਾ ਆਪਸ ਵਿੱਚ ਬਹਿਸ ਕਰ ਰਹੇ ਸਨ।)

**ਸ਼੍ਰੀ ਸਭਾਪਤੀ**: ਰਾਜਾ ਵੜਿੰਗ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। Please. (ਵਿਘਨ...ਸ਼ੋਰ) ਜੋ ਕੁਝ ਵੀ ਚੇਅਰ ਦੀ ਇਜ਼ਾਜਤ ਤੋਂ ਬਿਨਾ ਕਹਿ ਰਹੇ ਹਨ, ਉਹ ਨੋਟ ਨਾ ਕੀਤਾ ਜਾਵੇ। ਅਮਨ ਜੀ, please. (ਵਿਘਨ...ਸ਼ੋਰ) ਅੰਗਦ ਜੀ, ਤੁਸੀਂ ਕੰਟੀਨਿਊ ਕਰੋ।

**ਸ਼੍ਰੀ ਅੰਗਦ ਸਿੰਘ** : ਸਰ, ਪਹਿਲਾਂ ਇਨ੍ਹਾਂ ਨੂੰ ਚੁੱਪ ਕਰਾਓ।

**ਸ਼੍ਰੀ ਸਭਾਪਤੀ** : ਰਾਜਾ ਵੜਿੰਗ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। ਪਲੀਜ਼, ਉਨ੍ਹਾਂ ਨੂੰ ਬੋਲਣ ਦਿਓ। (ਵਿਘਨ...ਸ਼ੋਰ) ਵੜਿੰਗ ਜੀ, ਬੈਠ ਜਾਓ। ਸਾਰੇ ਬੈਠ ਜਾਓ। (ਵਿਘਨ...ਸ਼ੋਰ) ਅਮਨ ਜੀ, ਪਲੀਜ਼ ਬੈਠ ਜਾਓ। ਅੰਗਦ ਜੀ ਬੋਲਣਗੇ।

**ਸ਼੍ਰੀ ਅੰਗਦ ਸਿੰਘ** : ਅਰੋੜਾ ਜੀ, ਸਾਨੂੰ ਵੀ ਬੋਲਣ ਦਿਓ। ਆਪਣੇ ਛੋਟੇ ਭਰਾ ਨੂੰ ਬੋਲਣ ਦਾ ਮੌਕਾ ਦਿਓ। (ਵਿਘਨ...ਸ਼ੋਰ)

**ਸ਼੍ਰੀ ਸਭਾਪਤੀ** : ਰਾਜਾ ਜੀ, ਪਲੀਜ਼ ਬੈਠ ਜਾਓ। (ਵਿਘਨ...ਸ਼ੋਰ) ਵੜਿੰਗ ਜੀ, ਪਲੀਜ਼ ਬੈਠ ਜਾਓ।

**ਸ਼੍ਰੀ ਅੰਗਦ ਸਿੰਘ**: ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਮਸਲਾ ਹੈ, ਸਾਰੇ ਇਸ ਨੂੰ acknowledge ਕਰਦੇ ਹਨ। (ਵਿਘਨ...ਸ਼ੋਰ)

**ਸ਼੍ਰੀ ਸਭਾਪਤੀ** : ਅਮਨ ਜੀ, ਪਲੀਜ਼ ਸ਼ਾਂਤ ਹੋ ਜਾਓ।(ਵਿਘਨ...ਸ਼ੋਰ) ਅੰਗਦ ਜੀ, please continue. ਵੜਿੰਗ ਜੀ, please sit down.(ਵਿਘਨ....ਸ਼ੋਰ) ਅਮਨ ਜੀ, please do not start the controversy. Please. ਅੰਗਦ ਜੀ, ਤੁਸੀਂ ਬੋਲੋ।(ਵਿਘਨ...ਸ਼ੋਰ)

**ਸ਼੍ਰੀ ਅੰਗਦ ਸਿੰਘ** : ਰਾਜਾ ਵੀਰ ਜੀ, ਮੈਨੂੰ ਆਪਣੀ ਗੱਲ ਕਰ ਲੈਣ ਦਿਓ। ਚੇਅਰਮੈਨ ਸਾਹਿਬ, ਇਹ ਮਸਲਾ ਬੜਾ ਗੰਭੀਰ ਹੈ ਅਤੇ ਸਾਰੇ respectable members ਇਸ ਨੂੰ acknowledge ਕਰਦੇ ਹਨ ਅਤੇ ਸਾਰਿਆਂ ਨੇ ਆਪਣੀ ਆਪਣੀ ਗੱਲ ਬੜੇ ਵਿਸਥਾਰ ਨਾਲ ਰੱਖੀ ਹੈ। ਠੀਕ ਹੈ, ਹਰ ਇਕ ਮੈਂਬਰ ਦਾ ਆਪਣਾ view point ਹੋ ਸਕਦਾ ਹੈ। ਮੈਂ ਆਪਣੇ ਵਿਚਾਰ ਵੀ ਇਸ ਵਾਸਤੇ ਰੱਖਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਜਿਹੜਾ topic of discussion ਹੈ ਇਸ ਨੂੰ ਕੋਈ ਵੀ ਬਹੁਤ ਜ਼ਿਆਦਾ ਖੁਸ਼ੀ ਨਾਲ ਡਿਸਕਸ ਨਹੀਂ ਕਰ ਸਕਦਾ। We are not very comfortable discussing it because ਇਸ topic ਵਿੱਚ ਤੁਸੀਂ slaughter ਦੀ ਗੱਲ ਕਰ ਰਹੇ ਹੋ, ਤੁਸੀਂ culling ਦੀ ਗੱਲ ਕਰ ਰਹੇ ਹੋ, ਤੁਸੀਂ ਇਕ living being ਨੂੰ ਖਤਮ ਕਰਨ ਦੀ ਗੱਲ ਕਰ ਰਹੇ ਹੋ। ਜਿਵੇਂ ਵੀਰ ਜੀ ਨੇ ਦੱਸਿਆ ਹੈ ਕਿ ਜਦੋਂ ਆਪਾਂ ਆਪੋਜ਼ੀਸ਼ਨ ਵਿੱਚ ਬੈਠੇ ਹੁੰਦੇ ਸੀ, ਮੇਰੇ ਮਾਤਾ ਜੀ ਇੱਥੇ ਬੈਠੇ ਹੁੰਦੇ ਸਨ। ਉਸ ਸਮੇਂ ਵੀ ਮੁੱਦੇ ਤਾਂ ਇਹੀ ਸਨ, ਗੱਲਾਂ ਵੀ ਇਹੀ ਸਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਆਪਾਂ ਸਾਰੇ ਇਸ ਗੱਲ ਨੂੰ acknowledge ਕਰ ਰਹੇ ਹਾਂ ਕਿ it is a real issue. ਇਸ ਗੱਲ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਕੈਬਿਨੇਟ ਦੀ ਸਬ ਕਮੇਟੀ ਬਣਾਈ ਹੈ ਅਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਦੋ ਬੈਠਕਾਂ ਹੋ ਗਈਆਂ ਹਨ ਪਰ ਅਸਲ ਗੱਲ ਇਹ ਹੈ ਕਿ ਇਕੱਲੀ ਬੈਠਕ ਨਾਲ ਇਸ ਤੇ ਕੰਮ ਨਹੀਂ ਸਰਨਾ। ਸਾਨੂੰ ਇਸ ਵਾਸਤੇ proper time frame ਰੱਖਣਾ ਪੈਣਾ ਹੈ, ਸਾਨੂੰ ਇਸ ਵਾਸਤੇ proper action plan ਬਣਾਉਣਾ ਪੈਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਇਸ ਮਸਲੇ ਦਾ ਹੱਲ ਅਸੀਂ ਕਿਵੇਂ ਕਰਨਾ ਹੈ। ਜਿਵੇਂ ਮੇਰੇ ਤੋਂ ਪਹਿਲਾਂ

Under Print
Not for Legal/Official use

ਰਾਜਾ ਵੜਿੰਗ ਜੀ ਨੇ ਗੱਲ ਕੀਤੀ ਹੈ ਕਿ ਇਹ ਮਸਲਾ ਸਿਰਫ ਪੰਜਾਬ ਦਾ ਨਹੀਂ ਹੈ, ਇਹ ਮਸਲਾ ਅੱਜ ਸਾਰੇ ਹਿੰਦੁਸਤਾਨ ਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ monkeys ਦਾ ਮਸਲਾ ਹੈ, ਤੁਸੀਂ ਬਾਕੀ ਹਿੰਦੁਸਤਾਨ ਵਿੱਚ ਦੇਖੋ ਉਥੇ cattles, dogs ਦਾ ਮਸਲਾ ਹੈ। ਇਹ ਜਿਹੜਾ ਇਸ਼ੂ ਹੈ, ਇਸ ਵਾਸਤੇ ਮੈਂ ਬਿਲਕੁਲ ਰਾਜਾ ਜੀ ਨੂੰ ਸੈਕਿੰਡ ਕਰਦਾ ਹਾਂ ਕਿ ਜਿੰਨੇ ਵੀ stray animals ਹਨ, ਇਨ੍ਹਾਂ ਦੀ proper identification ਹੋਣੀ ਚਾਹੀਦੀ ਹੈ। ਰਾਜਾ ਵੀਰ ਜੀ ਅਤੇ ਅੰਕਲ ਜੀ (ਸ਼੍ਰੀ ਕੰਵਰ ਸੰਧੂ) ਨੇ ਗੱਲ ਕੀਤੀ ਹੈ ਕਿ ਇਨ੍ਹਾਂ ਦੀ proper registration ਹੋਣੀ ਚਾਹੀਦੀ ਹੈ। ਅੱਜ ਟੈਕਨਾਲੋਜੀ ਦਾ ਜਮਾਨਾ ਹੈ ਅਤੇ ਮੈਂ ਜਿਸ ਇਲਾਕੇ ਤੋਂ ਆਉਂਦਾ ਹਾਂ ਉਹ ਮੈਕਸੀਮਮ ਐਨ.ਆਰ.ਆਈਜ਼ ਦਾ ਇਲਾਕਾ ਹੈ। ਮੇਰੇ ਇਲਾਕੇ ਤੋਂ ਬਹੁਤ ਲੋਕ ਨਿਊਜੀਲੈਂਡ ਗਏ ਹਨ, ਜਿਥੇ ਜ਼ਿਆਦਾਤਰ ਲੋਕ ਡੇਅਰੀ ਫਾਰਮਿੰਗ ਦਾ ਕੰਮ ਕਰਦੇ ਹਨ। ਉਨ੍ਹਾਂ ਨਾਲ ਜਦੋਂ ਗੱਲਾਂ ਕਰਦੇ ਹਾਂ, ਫੋਟੋਆਂ ਦੇਖਦੇ ਹਾਂ, ਉਹ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਦੇ ਡੇਅਰੀ ਫਾਰਮਾਂ ਵਿੱਚ ਜਾਨਵਰਾਂ ਦੀ proper tagging ਕੀਤੀ ਗਈ ਹੈ। ਤੁਸੀਂ ਫਿਲਮਾਂ ਵਿੱਚ ਦੇਖਿਆ ਹੋਵੇਗਾ ਕਿ ਜਾਨਵਰਾਂ ਦੇ ਕੰਨਾਂ ਵਿੱਚ proper GPS ਲੱਗਿਆ ਹੁੰਦਾ ਹੈ, ਉਸ ਤੇ proper serial number ਲੱਗਿਆ ਹੁੰਦਾ ਹੈ ਕਿ ਇਸ ਪਸ਼ੂ ਦਾ ਕਿੰਨਾ ਨੰਬਰ ਹੈ ਅਤੇ ਉਸ ਦੀ ਪੁਜ਼ੀਸ਼ਨ ਕੀ ਹੈ। ਅੱਜ ਆਪਾਂ ਟੈਕਨਾਲੋਜੀ ਦੇ ਜ਼ਮਾਨੇ ਵਿੱਚ ਜੀਅ ਰਹੇ ਹਾਂ। ਮੇਰੀ ਸਭ ਤੋਂ ਪਹਿਲੀ ਬੇਨਤੀ ਹੈ ਕਿ ਸਰਕਾਰ ਨੇ ਗਊਸ਼ਾਲਾਵਾਂ ਬਣਾਈਆਂ ਹਨ ਅਤੇ ਉਸ ਤੋਂ ਇਲਾਵਾ ਵੀ 400 ਦੇ ਲਗਭਗ ਰਜਿਸਟਰਡ ਗਊਸ਼ਾਲਾਵਾਂ ਹਨ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਇਕੋ ਜਿਹੇ ਹੁੰਦੇ ਹਨ ਪਰ ਕਿਤੇ ਨਾ ਕਿਤੇ ਬਹੁਤ ਵੱਡੀ ਕਮੀ ਹੈ। ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਪਿੰਡਾਂ ਦੇ ਲੋਕ ਬਹੁਤ ਦੁਖੀ ਹਨ। ਠੀਕ ਹੈ ਕਿ ਕਮੀ ਸਾਡੇ ਵਿੱਚ ਵੀ ਹੈ, ਜਦੋਂ ਤੱਕ ਸਾਨੂੰ ਫਾਇਦਾ ਹੁੰਦਾ ਹੈ, ਗਊ ਸਾਨੂੰ ਦੁੱਧ ਦਿੰਦੀ ਹੈ, ਉਦੋਂ ਤੱਕ ਉਸ ਦੀ ਸੇਵਾ ਕਰਦੇ ਹਾਂ ਪਰ ਉਸ ਤੋਂ ਬਾਅਦ ਜਦੋਂ ਉਹ ਇਕ ਵਾਰ ਲਾਚਾਰ ਹੋ ਜਾਂਦੀ ਹੈ, ਉਸ ਸੜਕਾਂ ਤੇ ਜਾ ਕੇ ਖੋਲ੍ਹ ਦਿੰਦੇ ਹਾਂ। ਚੇਅਰਮੈਨ ਸਾਹਿਬ, ਸਾਡੇ mind set ਵਿੱਚ ਇਕ ਬਹੁਤ ਵੱਡੀ ਕਮੀ ਹੈ, ਜਿਸ ਵਿੱਚ ਬੰਦੇ ਦਾ economic background ਵੀ ਬਹੁਤ ਵੱਡਾ ਕਾਰਨ ਬਣ ਜਾਂਦਾ ਹੈ ਜਿਸ ਵਿੱਚ ਉਸ ਦਾ financial side support ਨਾ ਕਰਦਾ ਹੋਵੇ।

ਅੱਜਕਲ੍ਹ ਆਪਾਂ ਅਖ਼ਬਾਰਾਂ ਵਿਚ ਪੜ੍ਹਦੇ ਹਾਂ ਕਿ ਲੋਕ ਤੰਗ ਆ ਕੇ stray cattles ਨੂੰ ਇਕੱਠਾ ਕਰਕੇ ਸਰਕਾਰੀ ਦਫ਼ਤਰਾਂ ਵਿਚ ਛੱਡ ਦਿੰਦੇ ਹਨ। ਜਦੋਂ ਉਹ ਗਊਸ਼ਾਲਾਵਾਂ ਵਿਚ ਪਿੰਡਾਂ ਵਿਚੋਂ ਕੈਟਲਜ ਨੂੰ ਇਕੱਠਾ ਕਰਕੇ ਲੈ ਕੇ ਜਾਂਦੇ ਹਨ ਤਾਂ ਉਥੇ ਪ੍ਰਤੀ ਗਾਂ ਜਾਂ ਪ੍ਰਤੀ ਸਟਰੇਅ ਕੈਟਲ 3000/-, 4000/- ਜਾਂ 5000/- ਰੁਪਿਆ ਜਮ੍ਹਾਂ ਕਰਵਾਉਂਦੇ ਹਨ ਕਿ ਸਾਡੀ ਗਾਂ ਨੂੰ ਇੱਥੇ ਰੱਖ ਲਵੋ। ਸਰ, ਮੈਨੂੰ ਇਹ ਗੱਲ ਬੜੇ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਕਈ ਗਊਸ਼ਾਲਾਵਾਂ ਇਹੋ ਜਿਹੀਆਂ ਵੀ ਹਨ, ਜਿਹੜੀਆਂ ਕਿ ਰਾਤ ਨੂੰ ਥੋੜ੍ਹੇ ਸਮੇਂ ਲਈ ਤਾਂ ਪਸ਼ੂ ਨੂੰ ਆਪਣੇ ਕੋਲ ਰੱਖ ਲੈਂਦੀਆਂ ਹਨ ਪਰ ਬਾਅਦ ਵਿੱਚ ਫਿਰ ਉਨ੍ਹਾਂ ਨੂੰ ਸੜਕਾਂ ਤੇ ਛੱਡ ਦਿੰਦੀਆਂ ਹਨ ਅਤੇ ਗੱਲ ਫਿਰ ਉਥੇ ਦੀ ਉਥੇ ਹੀ ਆ ਜਾਂਦੀ ਹੈ, ਸਿਰੇ ਨਹੀਂ ਚੜ੍ਹ ਸਕਦੀ। ਮੁੜ ਕੇ

Under Print
Not for Legal/Official use

ਫਿਰ ਉਹੀ ਪ੍ਰਾਬਲਮ ਸਾਡੇ ਸਾਹਮਣੇ ਖੜ੍ਹੀ ਹੋ ਜਾਂਦੀ ਹੈ। ਅੱਜ ਆਪਾਂ ਰੋਜ਼ ਦੇਖਦੇ ਹਾਂ ਕਿ ਸੜਕਾਂ ਤੇ ਕਿੰਨੇ ਐਕਸੀਡੈਂਟਸ ਹੋ ਰਹੇ ਹਨ, ਰੋਜ਼ ਕਿੰਨੀਆਂ ਮੌਤਾਂ ਹੋ ਰਹੀਆਂ ਹਨ, ਮੈਂ ਇਸ ਗੱਲ ਤੇ ਜ਼ਿਆਦਾ ਚਰਚਾ ਨਹੀਂ ਕਰਾਂਗਾ ਕਿਉਂਕਿ ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਪਤਾ ਹੈ। ਆਪਾਂ ਲੋਕ ਪਿੰਡਾਂ ਵਿਚ ਰਹਿੰਦੇ ਹਾਂ, ਕਦੇ ਕਿਸੇ ਦਾ ਮੋਟਰਸਾਈਕਲ ਮੱਝਾਂ ਵਿਚ ਵੱਜ ਜਾਂਦਾ ਹੈ ਅਤੇ ਕਦੇ ਰਾਤ ਨੂੰ ਕਾਰ ਐਕਸੀਡੈਂਟਸ ਹੋ ਜਾਂਦੇ ਹਨ। ਇਹ ਸਾਰੀਆਂ ਗੱਲਾਂ ਸਾਡੇ ਸਾਹਮਣੇ ਹੀ ਹਨ ਪਰ ਮੁੱਖ ਗੱਲ ਇਹ ਹੈ ਕਿ ਅੱਜ ਹਾਲਾਤ ਅਜਿਹੇ ਹਨ, ਸਟਰੇਅ ਕੈਟਲਜ ਦੀਆਂ ਨਹਿਰਾਂ ਵਿਚ ਮੌਤਾਂ ਹੋ ਰਹੀਆਂ ਹਨ। ਆਪਾਂ ਪਿਛਲੇ ਸਮੇਂ ਵਿਚ ਦੇਖਿਆ ਹੈ ਕਿ ਨਹਿਰਾਂ ਪੱਕੀਆਂ ਹੋਣ ਕਾਰਨ ਇੱਕ ਵਾਰੀ ਉਸ ਵਿਚ ਜੇ ਕੋਈ ਜਾਨਵਰ ਚਲਾ ਜਾਵੇ ਤਾਂ ਉਹ ਪੱਕੀ ਹੋਣ ਕਾਰਨ ਕਦੇ ਬਾਹਰ ਨਹੀਂ ਆ ਸਕਦਾ। ਮੇਰੇ ਖਿਆਲ ਨਾਲ ਇਸ ਪਾਸੇ ਲੋਕ ਬਹੁਤਾ ਧਿਆਨ ਨਹੀਂ ਦਿੰਦੇ ਜਿਸ ਕਾਰਨ ਉਥੇ ਹੀ ਉਹ ਗਾਵਾਂ ਬਿਨਾਂ ਕਿਸੇ ਖਾਣੇ ਦੇ ਅਤੇ ਜੇਕਰ ਨਹਿਰਾਂ ਸੁੱਕੀਆਂ ਹੋਣ, ਬਿਨਾਂ ਪਾਣੀ ਦੇ ਮਰ ਜਾਂਦੀਆਂ ਹਨ। ਸੋ, ਇਹ ਜਿਹੜੇ ਹਾਲਾਤ ਹਨ, ਇਹ ਬੜੇ ਮਾੜੇ ਹਨ। ਇਹ ਮਸਲਾ ਬਹੁਤ ਗੰਭੀਰ ਹੈ, ਇਸ ਟਾਪਿਕ ਤੇ ਗੱਲ ਕਰਨ ਲੱਗਿਆਂ ਅਤੇ ਡਿਸਕਸ਼ਨ ਕਰਨ ਲੱਗਿਆ ਕੋਈ ਵੀ ਬਹੁਤਾ ਕੰਫਰਟੇਬਲ ਫੀਲ ਨਹੀਂ ਕਰਦਾ ਕਿਉਂਕਿ ਲੋਕਾਂ ਦੇ ਸੈਂਟੀਮੈਂਟਸ ਇਸ ਨਾਲ ਕਾਫ਼ੀ ਜੁੜੇ ਹੋਏ ਹਨ ਪਰ ਮੇਰੀ ਤੁਹਾਡੇ ਰਾਹੀਂ ਇਹ ਅਪੀਲ ਹੈ ਕਿ ਇਹ ਜਿਹੜਾ ਮੈਟਰ ਹੈ, ਇਹ ਬੜਾ ਕੰਪਲੀਕੇਟਿਡ ਹੈ। ਕੰਪਲੀਕੇਟਿਡ ਇਸ ਕਰਕੇ ਹੈ ਕਿਉਂਕਿ ਸ਼ਹਿਰਾਂ ਵਿਚ ਇਹ ਮਸਲਾ ਲੋਕਲ ਗੌਰਮਿੰਟ ਡਿਪਾਰਟਮੈਂਟ ਨਾਲ ਸਬੰਧਤ ਹੈ ਅਤੇ ਪਿੰਡਾਂ ਵਿਚ ਇਹ ਮਸਲਾ ਪੰਚਾਇਤ ਵਿਭਾਗ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਟੈਕਨੀਕਲੀ ਨਾ ਸ਼ਹਿਰਾਂ ਵਿਚ ਕਿਸੇ ਨੂੰ ਪਤਾ ਹੈ ਅਤੇ ਨਾ ਹੀ ਪਿੰਡਾਂ ਵਿਚ ਪਤਾ ਹੈ ਕਿ ਇਸ ਵਿਚ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਵੀ ਇਨਵਾਲਵਡ ਹੈ। ਜੇ ਕਿਸੇ ਗਾਂ ਦੀ ਨਸਬੰਦੀ ਕਰਵਾਉਣੀ ਹੈ ਜਾਂ ਕੋਈ ਪ੍ਰੋਸੀਜਰ ਫਾਲੋ ਕਰਨਾ ਹੈ ਤਾਂ ਆਪਣੀਆਂ ਪੰਚਾਇਤਾਂ ਜਾਂ ਮਿਉਂਸਪਲ ਕਮੇਟੀਆਂ ਇਹ ਕੰਮ ਨਹੀਂ ਕਰ ਸਕਦੀਆਂ। ਸੋ, ਮੇਰੀ ਸਭ ਤੋਂ ਪਹਿਲਾਂ ਤਾਂ ਇਹ ਬੇਨਤੀ ਹੈ, ਜਿਵੇਂ ਮੇਰੇ ਵੀਰ ਨੇ ਪਹਿਲਾਂ ਦੱਸਿਆ ਹੈ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਵੀ ਇਹ ਗੱਲ ਆਈ ਸੀ ਕਿ ਇਸ ਮੁੱਦੇ ਤੇ ਜਿੱਥੇ ਇੱਕ ਸਬ ਕਮੇਟੀ ਬਣਾਈ ਗਈ ਹੈ, ਉਥੇ ਹੀ ਜਿਲ੍ਹਾ ਪੱਧਰ ਤੇ ਇਸਦੀ ਇੱਕ ਪਰਾਪਰ ਕਮੇਟੀ ਬਣਾਈ ਜਾਵੇ। ਉਸ ਕਮੇਟੀ ਵਿਚ ਪਰਾਪਰ ਕੋਆਰਡੀਨੇਸ਼ਨ ਹੋਵੇ। ਮੇਰੇ ਖਿਆਲ ਨਾਲ ਇਹ ਕੰਮ ਐਨੀਮਲ ਹਸਬੈਂਡਰੀ ਵਿਭਾਗ ਨੂੰ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਜਾਨਵਰਾਂ ਦੀ ਪਰਾਪਰ ਮਾਰਕਿੰਗ ਹੋਵੇ, ਉਨ੍ਹਾਂ ਦੀ ਪਰਾਪਰ ਜੀ.ਪੀ.ਐਸ. ਟੈਗਿੰਗ ਹੋਵੇ। ਟੈਗਿੰਗ ਕਰਨ ਦੇ ਉਸ ਪ੍ਰੋਸੀਜਰ ਨੂੰ ਫਾਲੋ ਕਰਨ ਵਿਚ ਪਰਾਪਰ ਸਰਜੀਕਲ ਪ੍ਰੋਸੀਜਰ ਨਾਲ ਕੰਮ ਹੋਣਾ ਹੁੰਦਾ ਹੈ। ਇਸ ਸਬੰਧ ਵਿਚ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਨੂੰ ਟਾਰਗੈਟਸ ਦਿੱਤੇ ਜਾਣ ਕਿ ਤੁਹਾਡੀਆਂ ਕਿੰਨੀਆਂ ਗਾਵਾਂ ਸਟਰੇਅ ਹਨ, ਸਾਡੇ ਕੋਲ ਅੰਦਾਜ਼ੇ ਹਨ ਕਿ ਲਗਭਗ ਡੇਢ ਲੱਖ ਸਟਰੇਅ ਕੈਟਲਜ਼ ਇਸ ਸਮੇਂ ਪੰਜਾਬ ਵਿਚ ਹਨ। ਉਨ੍ਹਾਂ ਨੂੰ ਫੜਿਆ ਜਾਵੇ ਅਤੇ ਡਿਸਟ੍ਰਿਕਟਵਾਈਜ਼ ਉਨ੍ਹਾਂ ਦੀ ਅਸੈਸਮੈਂਟ ਹੋਵੇ। ਇਨ੍ਹਾਂ ਵਾਸਤੇ ਇੱਕ ਆਨਲਾਈਨ

Under Print
Not for Legal/Official use

ਪੋਰਟਲ ਬਣੇ ਜਿਹੜਾ ਕਿ ਚੰਡੀਗੜ੍ਹ ਤੋਂ ਅਪਰੇਟ ਹੋਵੇ ਅਤੇ ਉਸ ਆਨਲਾਈਨ ਪੋਰਟਲ ਤੇ ਜਿੰਨੇ ਵੀ ਸਟਰੇਅ ਕੈਟਲਜ਼ ਫੜੇ ਜਾਣ, ਉਨ੍ਹਾਂ ਦੀ ਜਾਣਕਾਰੀ ਅਪਲੋਡ ਹੋਵੇ। ਫਿਰ ਰਿਸਪੈਕਟਿਵ ਗਊਸ਼ਾਲਾਵਾਂ ਵਿਚ ਜਾਂ ਜਿਥੇ ਵੀ ਸਰਕਾਰ ਸ਼ੈਲਟਰ ਹਾਊਸ ਬਣਾਵੇਗੀ ਜਾਂ ਬਣੇ ਹੋਏ ਹਨ, ਉਨ੍ਹਾਂ ਨੂੰ ਉਥੇ ਭੇਜਿਆ ਜਾਵੇ ਔਰ ਉਸ ਤੋਂ ਬਾਅਦ ਰੈਗੂਲਰ ਚੈੱਕ ਹੋਵੇ ਕਿ ਇਹ ਜਿਹੜੀਆਂ ਕੈਟਲਜ਼ ਹਨ, ਇਹ ਬਾਹਰ ਤਾਂ ਨਹੀਂ ਨਿਕਲ ਰਹੀਆਂ। ਇਨ੍ਹਾਂ ਨੂੰ ਰੀਲੀਜ਼ ਤਾਂ ਨਹੀਂ ਕੀਤਾ ਜਾ ਰਿਹਾ। ਇਸ ਸਬੰਧ ਵਿੱਚ ਪਰਾਪਰ ਰਿਕਾਰਡ ਬਣ ਸਕੇ। ਸਰ, ਅੱਜਕਲ੍ਹ ਜ਼ਮਾਨਾ ਰਜਿਸਟਰਾਂ ਦਾ ਨਹੀਂ ਰਿਹਾ।

ਮੇਰੀ ਇਸ ਵਿਚ ਇੱਕ ਹੋਰ ਬੇਨਤੀ ਹੈ ਇਹ ਮਸਲਾ ਐਨੀਮਲ ਕਰੂਐਲਿਟੀ ਦਾ ਵੀ ਬਣ ਜਾਂਦਾ ਹੈ। ਜਦੋਂ ਆਪਾਂ ਕਿਸੇ ਜਾਨਵਰ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜਿਹੜੇ ਐਨੀਮਲ ਐਕਟੀਵਿਸਟ ਹੁੰਦੇ ਹਨ, ਉਹ ਵੀ ਇਸ ਮਸਲੇ ਵਿਚ ਕਾਫ਼ੀ ਰੌਲ਼ਾ ਪਾਉਂਦੇ ਹਨ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਸਾਨੂੰ ਇਸ ਮਸਲੇ ਤੇ ਸੈਂਟਰਲ ਗੌਰਮਿੰਟ ਨੂੰ, ਮਨਿਸਟਰੀ ਆਫ ਇਨਵਾਇਰਨਮੈਂਟਲ ਨੂੰ ਵੀ ਲਿਖਣਾ ਚਾਹੀਦਾ ਹੈ ਅਤੇ ਜਿਹੜੇ ਇਸ ਮੁਲਕ ਦੇ ਵੱਡੇ ਐਨੀਮਲ ਐਕਟੀਵਿਸਟ ਜਾਂ ਗਰੁੱਪਸ ਬਣੇ ਹੋਏ ਹਨ, ਉਨ੍ਹਾਂ ਨੂੰ ਵੀ ਆਨ ਬੋਰਡ ਲੈਣਾ ਚਾਹੀਦਾ ਹੈ ਤਾਂ ਕਿ ਉਹ ਵੀ ਸਾਨੂੰ ਇਸ ਮਸਲੇ ਦਾ ਹੱਲ ਦੱਸਣ। ਉਸਦਾ ਕੋਈ ਟਾਈਮ ਫਰੇਮ ਹੋਵੇ, ਉਸ ਟਾਈਮ ਫਰੇਮ ਵਿਚ ਜੇ ਮਸਲਾ ਹੱਲ ਨਹੀਂ ਹੁੰਦਾ ਤਾਂ ਫਿਰ ਜਿਵੇਂ ਅਮਨ ਜੀ ਨੇ ਗੱਲ ਕੀਤੀ ਹੈ ਕਿ stray cattle ਸਲਾਟਰ ਹਾਊਸਿਜ਼ ਵਿਚ ਭੇਜੇ ਜਾਣ, ਫੈਸਲਾ ਬਹੁਤ ਸਖਤ ਹੈ ਕਿਉਂਕਿ ਦੇਸੀ ਗਊਆਂ ਨੂੰ ਆਪਾਂ ਮਾਤਾ ਕਹਿੰਦੇ ਹਾਂ। ਆਪਾਂ ਸਾਰੇ ਰਿਸਪੈਕਟ ਕਰਦੇ ਹਾਂ ਔਰ ਸਾਡੇ ਰਿਲੀਜਅਸ ਸੈਂਟੀਮੈਂਟਸ ਵੀ ਹਨ ਪਰ ਜਿਥੇ ਹਿਊਮਨ ਲਾਈਫ ਦੀ ਗੱਲ ਆ ਜਾਵੇ, ਉਸ ਤੋਂ ਉਪਰ ਕੁਝ ਨਹੀਂ ਹੈ। ਹਿਊਮਨ ਲਾਈਫ ਨੂੰ ਪ੍ਰੋਟੈਕਟ ਕਰਨਾ ਸਾਡਾ ਪਹਿਲਾ ਫਰਜ਼ ਬਣਦਾ ਹੈ। ਮੈਂ ਇੰਨਾ ਕਹਿੰਦਾ ਹੋਇਆ ਆਪਣੀ ਸਪੀਚ ਕਨਕਲੂਡ ਕਰਦਾ ਹਾਂ। ਧੰਨਵਾਦ ਜੀ।

**ਸ਼੍ਰੀ ਐਨ.ਕੇ. ਸ਼ਰਮਾ (ਡੇਰਾ ਬੱਸੀ):** ਚੇਅਰਮੈਨ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਅੱਜ ਬੜੇ ਅਹਿਮ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅੱਜ ਸਟਰੇਅ ਕੈਟਲਜ਼ ਦੀ ਗੰਭੀਰ ਸਮੱਸਿਆ ਪੰਜਾਬ ਅੰਦਰ ਬਣੀ ਹੋਈ ਹੈ। ਇਕੱਲਾ ਕੈਟਲਜ਼ ਦੀ ਹੀ ਨਹੀਂ ਸਗੋਂ ਡੌਗਜ਼ ਦੀ ਵੀ ਬਹੁਤ ਵੱਡੀ ਸਮੱਸਿਆ ਹੈ। ਹਰ ਰੋਜ਼ ਹਜ਼ਾਰਾਂ ਹੀ ਡੌਗਜ਼ ਬਾਈਟਸ ਦੇ ਕੇਸ ਹੁੰਦੇ ਹਨ ਔਰ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਸਭਾਪਤੀ ਜੀ, ਅੱਜ ਪੂਰੇ ਹਿੰਦੁਸਤਾਨ ਵਿਚ ਜਾਨਵਾਰਾਂ ਬਾਰੇ ਵੀ ਵੱਖ ਵੱਖ ਕਾਨੂੰਨ ਬਣੇ ਹੋਏ ਹਨ। ਕੁਝ ਜਾਨਵਰਾਂ ਤੇ ਪੰਛੀਆਂ ਨੂੰ ਅਸੀਂ ਘਰਾਂ ਵਿਚ ਰੱਖ ਸਕਦੇ ਹਾਂ, ਕੁਝ ਨੂੰ ਨਹੀਂ ਰੱਖ ਸਕਦੇ। ਕਿਸੇ ਨੂੰ ਮਾਰ ਸਕਦੇ ਹਾਂ, ਕਿਸੇ ਨੂੰ ਨਹੀਂ ਮਾਰ ਸਕਦੇ। ਕਿਸੇ ਦਾ ਮੀਟ ਆਪਾਂ ਖਾ ਸਕਦੇ ਹਾਂ, ਕਿਸੇ ਦਾ ਮੀਟ ਨਹੀਂ ਖਾ ਸਕਦੇ। ਕੁਝ ਤਾਂ ਸਿਰਫ ਤੇ ਸਿਰਫ ਮੀਟ ਵਾਸਤੇ ਹੀ ਵਰਤੇ ਜਾਂਦੇ ਹਨ। ਹਿੰਦੁਸਤਾਨ ਇਕ ਸੈਕੂਲਰ ਕੰਟਰੀ ਹੈ, ਇਥੇ ਹਰ ਧਰਮ ਦਾ ਸਤਿਕਾਰ ਹੁੰਦਾ ਹੈ। ਆਪਾਂ ਪੰਜਾਬ ਵਿਚ ਬੈਠੇ ਹਾਂ, ਇਥੇ ਤਾਂ ਸਾਡੇ ਗੁਰੂਆਂ ਨੇ ਸਰਬੱਤ ਦੇ ਭਲੇ ਦੀ ਗੱਲ

Under Print
Not for Legal/Official use

ਕੀਤੀ ਹੈ ਅਤੇ ਕੋਈ ਵੀ ਕਾਨੂੰਨ ਬਣਾਉਣ ਤੋਂ ਪਹਿਲਾਂ ਕਾਨੂੰਨਦਾਨ ਇਹ ਜ਼ਰੂਰ ਸੋਚਦੇ ਹਨ ਕਿ ਕਿਸੇ ਦੇ ਸੈਂਟੀਮੈਂਟਸ ਹਰਟ ਨਾ ਹੋਣ। ਜੇਕਰ ਸਰਕਾਰ ਤੋਂ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਸ ਜਾਨਵਰ ਨੂੰ ਅਸੀਂ ਮਾਰ ਦੇਈਏ ਜਾਂ ਸਲਾਟਰ ਹਾਊਸ ਭੇਜ ਦੇਈਏ ਅਤੇ ਬੀਫ ਇਹ ਸੋਚ ਕੇ ਖਾ ਲਈਏ ਕਿ ਇਹ ਅਮਰੀਕਨ ਗਊ ਦਾ ਹੈ। ਚੇਅਰਮੈਨ ਸਾਹਿਬ, ਇਹ ਫਾਰਮੂਲਾ ਨਾ ਤਾਂ ਅੱਜ ਤੱਕ ਕਿਤੇ ਲਾਗੂ ਹੋਇਆ ਹੈ ਤੇ ਨਾ ਹੀ ਹੋਣਾ ਹੈ। ਜੇਕਰ ਸਲਾਟਰ ਹਾਊਸ ਬਣ ਗਏ ਤਾਂ ਕੱਲ੍ਹ ਨੂੰ ਇਥੇ ਗਾਵਾਂ ਟੰਗੀਆਂ ਜਾਣਗੀਆਂ ਤੇ ਕਿਹਾ ਜਾਵੇਗਾ ਕਿ ਇਹ ਤਾਂ ਅਮਰੀਕਨ ਗਊਆਂ ਹਨ। ਜਦੋਂ ਚਮੜੀ ਉਤਰ ਗਈ ਫਿਰ ਤਾਂ ਪਤਾ ਹੀ ਨਹੀਂ ਲੱਗਣਾ ਕਿ ਇਹ ਅਮਰੀਕਨ ਹੈ ਜਾਂ ਦੇਸੀ ਹੈ। ਜੇਕਰ ਸਾਡੀ ਮਾਂ ਕੈਨੇਡਾ ਦੀ ਹੋਵੇ ਤਾਂ ਕੀ ਫਿਰ ਆਪਾਂ ਉਸ ਦਾ ਸਤਿਕਾਰ ਨਾ ਕਰੀਏ, ਇਹ ਤਾਂ ਕੋਈ ਗੱਲ ਨਹੀਂ ਬਣਦੀ। ਮੇਰਾ ਖਿਆਲ ਹੈ ਕਿ ਅਜਿਹੀਆਂ ਗੱਲਾਂ ਸਾਡੇ ਸਮਾਜ ਵਿਚ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਹ ਜਿਹੜਾ ਸਲਾਟਰ ਹਾਊਸ ਦਾ ਮਤਾ ਆਇਆ ਹੈ, ਇਹ ਬਿਲਕੁਲ ਰਿਜੈਕਟ ਹੋਣਾ ਚਾਹੀਦਾ ਹੈ। ਪਤਾ ਨਹੀਂ ਆਮ ਆਦਮੀ ਪਾਰਟੀ ਨੇ ਕਿਹੜੀ ਭਾਵਨਾ ਨਾਲ ਇਹ ਮਤਾ ਲਿਆਂਦਾ ਹੈ। ਇਹ ਤਾਂ ਧਰਮ ਤੇ ਅਟੈਕ ਕਰਨ ਵਾਲਾ ਨਵਾਂ ਪੰਗਾ ਪੰਜਾਬ ਵਿਚ ਛੇੜਨ ਵਾਲੀ ਗੱਲ ਹੈ ਜੋ ਕਿ ਮੈਂ ਨਿਜੀ ਤੌਰ ਤੇ ਮਹਿਸੂਸ ਕਰਦਾ ਹਾਂ। ਅਜਿਹਾ ਨਹੀਂ ਹੈ ਕਿ ਇਸ ਤੋਂ ਪਹਿਲਾਂ ਕਦੇ ਇਸ ਮਾਮਲੇ ਤੇ ਵਿਚਾਰ ਨਹੀਂ ਹੋਇਆ। ਇਹ ਮਤਾ ਪਿਛਲੀ ਸਰਕਾਰ ਵੇਲੇ ਵੀ ਆਇਆ ਸੀ, ਇਸ ਤੇ ਡਿਸਕਸ਼ਨ ਵੀ ਹੋਈ ਸੀ ਤੇ ਹੱਲ ਵੀ ਨਿਕਲਿਆ ਸੀ । ਸਭਾਪਤੀ ਜੀ, ਪਿਛਲੀ ਸਰਕਾਰ ਵੇਲੇ ਪੂਰੇ ਪੰਜਾਬ ਵਿਚ, ਹਰ ਜ਼ਿਲ੍ਹੇ ਵਿਚ 22 ਗਊਸ਼ਾਲਾਵਾਂ ਬਣੀਆਂ ਸਨ। ਉਨ੍ਹਾਂ ਦਾ ਨਾਮ ਕੈਟਲ ਪਾਊਂਡ ਸੀ, ਉਨ੍ਹਾਂ ਦਾ ਮਕਸਦ ਇਹ ਸੀ ਕਿ ਜਿਹੜੀਆਂ ਅਵਾਰਾ ਗਾਵਾਂ ਜਾਂ ਪਸ਼ੂ ਹਨ, ਉਹ ਸਾਰੀਆਂ ਕੈਟਲ ਪਾਉਂਡਜ਼ ਵਿਚ ਰੱਖੀਆਂ ਜਾਣ। ਇਹ ਗਊਸ਼ਾਲਾਵਾਂ ਸਰਕਾਰੀ ਸਨ ਅਤੇ ਉਨ੍ਹਾਂ ਵਾਸਤੇ ਬਕਾਇਦਾ ਸ਼ੈੱਡ ਬਣਾਉਣ ਵਾਸਤੇ ਅਤੇ barked wire ਵਾਸਤੇ ਫੰਡ ਜਾਰੀ ਕੀਤੇ ਗਏ ਸੀ। ਇਹ ਗਊਸ਼ਾਲਾਵਾਂ 25-25 ਏਕੜ ਵਿਚ ਬਣੀਆਂ ਸਨ। ਇਸ ਦਾ ਮਕਸਦ ਇਹ ਸੀ ਕਿ 8-10 ਏਕੜ ਵਿਚ ਦੋ-ਤਿੰਨ ਹਜ਼ਾਰ ਗਊਆਂ, ਸਾਨ੍ਹ ਜਾਂ ਅਵਾਰਾ ਜਾਨਵਰ ਰੱਖੇ ਜਾਣੇ ਹਨ ਅਤੇ 10-15 ਏਕੜ ਵਿਚ ਚਾਰਾ ਵੀ ਉਗਾਇਆ ਜਾਵੇ। ਉਸ ਦੀ ਸਾਰੀ ਸਾਂਭ ਸੰਭਾਲ ਸਰਕਾਰ ਵੱਲੋਂ ਕੀਤੀ ਜਾਣੀ ਸੀ। ਮੈਂ ਤੁਹਾਨੂੰ ਉਦਾਹਰਣ ਦੇ ਤੌਰ ਤੇ ਦੱਸਦਾ ਹਾਂ ਕਿ ਮੇਰੇ ਆਪਣੇ ਹਲਕੇ ਲਾਲੜੂ ਵਿਚ 25 ਏਕੜ ਵਿਚ ਗਊਸ਼ਾਲਾ ਬਣੀ ਸੀ। ਉਥੇ ਸ਼ੈੱਡ ਵੀ ਬਣਿਆ, ਤਾਰਾਂ ਵੀ ਲੱਗੀਆਂ ਅਤੇ ਉਸ ਸਮੇਂ ਸਾਡੀ ਸਰਕਾਰ ਨੇ 60 ਲੱਖ ਰੁਪਿਆ ਇਸ ਕੰਮ ਵਾਸਤੇ ਭੇਜਿਆ ਸੀ ਤਾਂ ਕਿ ਗਊਸ਼ਾਲਾ ਲਈ ਚਾਰਾ, ਟਰੈਕਟਰ, ਮੈਨਟੀਨੈਂਸ ਅਤੇ ਗਊਆਂ ਦਾ ਰੱਖ ਰਖਾਅ ਕੀਤਾ ਜਾਵੇ ਪਰ ਮੈਨੂੰ ਅਫਸੋਸ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਸਰਕਾਰ ਕੋਲ ਫੰਡ ਹੀ ਨਹੀਂ ਹੁੰਦੇ।ਇਹ ਸਾਡੇ ਖਜਾਨਾ ਮੰਤਰੀ ਜੀ ਖਜਾਨੇ ਨੂੰ ਤਾਲਾ ਲਗਾ ਕੇ ਬੈਠੇ ਹਨ ਤੇ ਕਹਿੰਦੇ ਹਨ ਕਿ ਖਜਾਨਾ ਖਾਲੀ ਹੈ। ਤੁਸੀਂ ਅੱਜ ਵੀ ਚੈੱਕ ਕਰ ਲਓ, ਡਿਪਟੀ ਕਮਿਸ਼ਨਰ, ਮੋਹਾਲੀ ਦੇ ਖਾਤੇ ਵਿਚ ਉਹ 60 ਲੱਖ ਰੁਪਿਆ ਪਿਆ ਹੈ,

Under Print
Not for Legal/Official use

ਇਹ ਕਿੰਨੀ ਮਾੜੀ ਗੱਲ ਹੈ। ਸਾਡੀ ਸਰਕਾਰ ਨੇ 2016 ਵਿਚ 60 ਲੱਖ ਰੁਪਿਆ ਜਾਰੀ ਕੀਤਾ ਸੀ ਪਰੰਤੂ ਅਗਲੇ ਤਿੰਨ ਸਾਲ 60 ਲੱਖ ਰੁਪਿਆ ਚਾਰੇ ਵਾਸਤੇ ਜਾਰੀ ਹੀ ਨਹੀਂ ਕੀਤਾ ਗਿਆ। ਇਹ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਸਲਾਟਰ ਹਾਊਸ ਦੀ ਗੱਲ ਕਰਦੇ ਹਨ ਪਰ ਸਾਡੇ ਸਾਹਮਣੇ ਬੈਠੇ ਵੀਰਾਂ ਨੇ ਇਹ ਫਾਰਮੂਲਾ ਕੱਢਿਆ ਹੈ ਕਿ ਗਊਆਂ ਨੂੰ ਫਾਂਸੀ ਦੇ ਦਿਓ। ਚੇਅਰਮੈਨ ਸਾਹਿਬ, ਤਿੰਨ-ਚਾਰ ਮਹੀਨਿਆਂ ਵਿਚ ਲਾਲੜੂ ਗਊਸ਼ਾਲਾ ਵਿਚ 150 ਗਊਆਂ ਮਰੀਆਂ। ਇਹ ਖਬਰ ਅਖਬਾਰਾਂ ਵਿਚ ਵੀ ਆਈ ਸੀ ਅਤੇ ਡੀ.ਸੀ. ਨੇ ਉਥੇ ਜਾ ਕੇ ਬਿਆਨ ਦਿੱਤਾ ਕਿ ਇਹ ਗਊਆਂ ਚਾਰੇ ਤੋਂ ਬਗੈਰ ਮਰ ਗਈਆਂ ਹਨ। ਉਨ੍ਹਾਂ ਨੂੰ ਦਵਾਈ ਨਹੀਂ ਦਿੱਤੀ ਗਈ ਤਾਂ ਮਰ ਗਈਆਂ। 50 ਗਊਆਂ ਦਾ ਪੋਸਟ ਮਾਰਟਮ ਹੋਇਆ ਸੀ ਅਤੇ ਡਾਕਟਰ ਨੇ ਲਿਖ ਕੇ ਦਿੱਤਾ ਹੈ ਕਿ ਚਾਰੇ ਤੋਂ ਬਗੈਰ ਮਰੀਆਂ ਹਨ।ਤੇ ਰਿਜ਼ਲਟ ਕੀ ਨਿਕਲਿਆ? ਡੀ.ਸੀ. ਸਾਹਿਬ ਕੋਲ 60 ਲੱਖ ਰੁਪਿਆ ਪਿਆ ਸੀ ਤੇ ਮਿਉਂਸਪਲ ਕੌਂਸਲ ਪੈਸੇ ਦੇਣ ਨੂੰ ਤਿਆਰ ਸੀ। Dyan Foundation ਜਿਹੜੀ ਗਊਆਂ ਦੇ ਨਾਂ ਤੇ ਸਾਰੇ ਹਿੰਦੁਸਤਾਨ ਤੋਂ ਪੈਸੇ ਇੱਕਠੇ ਕਰਦੀ ਹੈ ਹੁਣ ਉਸ ਨੂੰ ਇਸ ਗਊਸ਼ਾਲਾ ਦੀ ਦੇਖ-ਰੇਖ ਦਾ ਕੰਮ ਫੜਾ ਦਿੱਤਾ ਹੈ। ਚਾਰੇ ਦੇ ਪੈਸੇ ਡੀ.ਸੀ. ਸਾਹਿਬ ਨੇ ਦੇਣੇ ਸਨ। ਅਸਲੀਅਤ ਇਹ ਹੈ ਕਿ ਉੱਥੇ 400 ਗਊਆਂ ਸਨ, ਜਿਨ੍ਹਾਂ ਵਾਸਤੇ 160 ਟਨ ਚਾਰਾ ਰੋਜ਼ਾਨਾ ਆਉਣਾ ਚਾਹੀਦਾ ਸੀ ਪਰੰਤੂ ਡੀ.ਸੀ. ਮੋਹਾਲੀ, ਡੇਅਲੀ 22 ਟਨ ਚਾਰੇ ਦੇ ਪੈਸੇ ਜਾਰੀ ਕਰਦਾ ਰਿਹਾ। 140 ਗਊਆਂ ਦੇ ਚਾਰੇ ਦਾ ਪੈਸਾ ਗਊਸ਼ਾਲਾ ਵਿੱਚ ਨਹੀਂ ਪਹੁੰਚਿਆ ਜਿਸ ਕਾਰਨ ਤਿੰਨ ਚਾਰ ਮਹੀਨਿਆਂ ਵਿੱਚ 150 ਗਊਆਂ ਮਰ ਗਈਆਂ। ਇਹ ਰਿਜ਼ਲਟ ਹੈ। ਫਿਰ ਜਿਹੜਾ ਕਾਓ ਸੈੱਸ ਲਗਦਾ ਹੈ ਇਹ ਇਕੱਲਾ ਜ਼ਿੰਮੀਂਦਾਰ ਨਹੀਂ ਦਿੰਦਾ, ਇਹ ਸਾਰੇ ਹੀ ਦਿੰਦੇ ਹਨ। ਉਸ ਦਾ ਮਕਸਦ ਇਹ ਸੀ ਕਿ ਇਸ ਅਵਾਰਾ ਪਸ਼ੂਆਂ ਦੀ ਬਿਮਾਰੀ ਤੋਂ ਨਿਜਾਤ ਦਿਵਾਈ ਜਾ ਸਕੇ। ਸਾਡੇ ਭੈਣ ਜੀ ਨੇ ਇੱਕ ਲੱਖ ਦਸ ਹਜ਼ਾਰ ਗਊਆਂ ਦੀ ਕਾਊਂਟ ਦੱਸੀ ਹੈ। ਜੇਕਰ 5-5 ਹਜ਼ਾਰ ਕੈਟਲ ਵਾਸਤੇ ਗਊਸ਼ਾਲਾ ਬਣਾਈਆਂ ਜਾਣ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿੰਨਾ ਪੈਸਾ ਕਾਓ ਸੈੱਸ ਤੋਂ ਆ ਰਿਹਾ ਹੈ, ਉਨ੍ਹਾਂ ਦੇ ਹਿਸਾਬ ਨਾਲ 100% ਗਊਆਂ ਸੰਭਾਲੀਆਂ ਜਾ ਸਕਦੀਆਂ ਹਨ ਪਰੰਤੂ ਆਪਾਂ ਉਹ ਪੈਸਾ ਖਰਚ ਨਹੀਂ ਕਰ ਰਹੇ ਅਤੇ ਮਾਰਨ ਵਾਲੇ ਪਾਸੇ ਨੂੰ ਤੁਰੇ ਹੋਏ ਹਾਂ।

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਇੱਥੇ ਇੱਕ ਸੁਜੈਸ਼ਨ ਬਹੁਤ ਵਧੀਆ ਆਇਆ ਹੈ। ਤੁਸੀ ਬਾਹਰਲੇ ਦੇਸ਼ਾਂ ਵਿੱਚ ਚਲੇ ਜਾਓ, ਹਰ ਜਾਨਵਰ ਦਾ ਰਿਕਾਰਡ ਹੁੰਦਾ ਹੈ। ਇਕੱਲੇ ਇਕੱਲੇ ਡਾੱਗਜ਼ ਦੀ ਰਜਿਸਟਰੇਸ਼ਨ ਹੁੰਦੀ ਹੈ, ਉਸ ਨੂੰ ਚੈੱਕ ਕਰਕੇ ਆਉਂਦੇ ਹਨ। ਮੈਂ ਕੈਨੇਡਾ ਅਤੇ ਇੰਗਲੈਂਡ ਗਿਆ ਹਾਂ। ਜੇ ਕਿਸੇ ਨੇ ਕੁੱਤੇ ਨੂੰ ਬਾਹਰ ਲੈ ਕੇ ਜਾਣਾ ਹੈ ਤਾਂ ਹਰੇਕ ਦੇ ਹੱਥ ਵਿੱਚ ਲਿਫਾਫਾ ਵੀ ਹੁੰਦਾ ਹੈ, ਤਾਂ ਜੋ ਉਹ ਬਾਹਰ ਲੈਟਰੀਨ ਵੀ ਕਰ ਦੇਵੇ ਕੁੱਤੇ ਦਾ ਮਾਲਕ ਉਸ ਨੂੰ ਆਪ ਚੁੱਕ ਕੇ ਲੈ ਕੇ ਜਾਂਦਾ ਹੈ। ਕੀ ਆਪਾਂ ਆਪਣੀਆਂ ਗਊਆਂ ਕਾਊਂਟ ਨਹੀਂ ਕਰ ਸਕਦੇ? ਕੀ ਰਜਿਸਟਰ ਨਹੀਂ ਲਗਾ ਸਕਦੇ? ਉਨ੍ਹਾਂ ਦੇ ਕੰਨਾਂ ਵਿੱਚ ਆਪਾਂ ਟੈਗ ਪਾ ਸਕਦੇ ਹਾਂ ਅਤੇ ਜਦੋਂ ਉਸ ਦੀ ਡੈੱਥ ਹੋ ਗਈ ਤਾਂ ਉਹ ਨੰਬਰ ਦੂਸਰੀ ਨੂੰ ਜਾਰੀ ਕਰ ਦੇਈਏ।ਸੋ, ਮੈਂ

Under Print
Not for Legal/Official use

ਕਹਿਣਾ ਚਾਹੁੰਦਾ ਹਾਂ ਕਿ ਆਪਾਂ ਨੂੰ ਇਸ ਦਾ ਹੱਲ ਕਢਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਮਾਰਨ ਵਾਲੇ ਪਾਸੇ ਤੁਰਨਾ ਚਾਹੀਦਾ ਹੈ। ਪਤਾ ਨਹੀਂ ਕਿਉਂ ਹਰ ਵਾਰੀ ਸਪੈਸ਼ਲੀ ਤੌਰ ਤੇ ਇੱਕ ਫਿਰਕੇ ਦੇ ਸੈਂਟੀਮੈਂਟਸ ਹਰਟ ਕਰਨ ਵਾਸਤੇ ਆਪਾਂ ਕੋਈ ਨਾ ਕੋਈ ਮਤਾ ਲੈ ਆਉਂਦੇ ਹਾਂ? ਇਨ੍ਹਾਂ ਨੇ (ਸੰਸਦੀ ਮਾਮਲੇ ਮੰਤਰੀ ਵੱਲ ਇਸ਼ਾਰਾ) ਕਿਹਾ ਸੀ, ਸਾਹਮਣੇ ਬੈਠੇ ਹਨ, ਜਿਹੜੇ ਕਿ ਦਿੱਲੀ ਵਿੱਚ ** ** ਨੇ ਕਿਉਂ ਨਹੀਂ ਕਰ ਦਿੱਤਾ? ਉਨ੍ਹਾਂ ਨੂੰ ਪਤਾ ਹੈ ਕਿ ਇਸ ਦੇ ਰਿਜ਼ਲਟ ਕੀ ਹਨ? ਪੰਜਾਬ ਵਿੱਚ ਅੱਗ ਲਾਉਣਾ ਚਾਹੁੰਦੇ ਹਨ। ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਸਮੱਸਿਆ ਦਾ ਹੱਲ ਮਾਰਨਾ ਥੋੜ੍ਹੀ ਹੁੰਦੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ। )

**ਸ਼੍ਰੀ ਸਭਾਪਤੀ:** ਇਹ ** ** ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ। ਬੈਠ ਜਾਓ, ਨਾਮ ਕੱਟ ਦਿਓ।

**ਸ਼੍ਰੀ ਅਮਨ ਅਰੋੜਾ:** ਸਮੱਸਿਆ ਪੰਜਾਬ ਦੀ ਹੈ, ਪੰਜਾਬ ਦੀ ਗੱਲ ਕਰੋ।

**ਸ਼੍ਰੀ ਸਭਾਪਤੀ:** ਸ਼ਰਮਾ ਜੀ, stick with your issue.

**ਸ਼੍ਰੀ ਐਨ.ਕੇ. ਸ਼ਰਮਾ:** ਆਪਾਂ ਕਿਵੇਂ ਪੰਜਾਬ ਵਿੱਚ ਗਊਆਂ ਨੂੰ ਮਾਰਨ ਦੀ ਇਜਾਜ਼ਤ ਦੇ ਦਿਆਂਗੇ। ਚੇਅਰਮੈਨ ਸਾਹਿਬ, ਆਮ ਆਦਮੀ ਪਾਰਟੀ ਦੇ ਸਾਡੇ ਨੁਮਾਇੰਦੇ ਹਨ.....(ਵਿਘਨ) (ਸ਼੍ਰੀ ਅਮਨ ਅਰੋੜਾ ਨੂੰ ਸੰਬੋਧਨ ਕਰਦੇ ਹੋਏ)ਜੇ ਆਪਣਾ ਬਾਪ ਜਾਂ ਮਾਂ ਅਮਰੀਕਾ ਦਾ ਹੋਵੇ ਤਾਂ ਕੀ ਅਸੀਂ ਉਸ ਨੂੰ ਬਾਪ ਨਹੀਂ ਸਮਝਾਗੇ ਜਾਂ ਮਾਂ ਨਹੀਂ ਸਮਝਾਂਗੇ?

ਸ਼੍ਰੀ **ਅਮਨ ਅਰੋੜਾ:** ਚੇਅਰਮੈਨ ਸਾਹਿਬ, ਇਹ ਮਤਾ ਪੜ੍ਹ ਕੇ ਨਹੀਂ ਆਉਂਦੇ । ਮਤੇ ਵਿੱਚ ਲਿਖਿਆ ਹੈ, ਦੇਸੀ ਗਊ ਨੂੰ ਸਾਂਭੋ।

**ਸ਼੍ਰੀ ਸਭਾਪਤੀ:** ਸ਼ਰਮਾ ਜੀ, controversy ਨਾ ਕਰੀਏਟ ਕਰੋ। ਕੰਟੀਨਿਊ ਕਰੋ।

**ਸ਼੍ਰੀ ਐਨ.ਕੇ. ਸ਼ਰਮਾ:** ਆਪਾਂ ਇੰਨੇ ਮਤਲਬ ਪ੍ਰਸਤ ਹੋ ਗਏ ਹਾਂ ਕਿ ਜੇ ਦੇਸੀ ਗਊ ਨੇ ਦੁੱਧ ਦਿੱਤਾ ਤਾਂ ਉਹ ਮਾਂ ਹੈ। ਜੇ ਉਹ ਗਊ ਅਮਰੀਕਾ ਵਾਲੀ ਸੀ ਫਿਰ ਉਹ ਮਾਂ ਨਹੀਂ ਹੈ, ਚਾਹੇ ਉਸ ਨੇ ਜਿੰਨਾ ਮਰਜ਼ੀ ਦੁੱਧ ਪਿਲਾ ਦਿੱਤਾ ਹੋਵੇ। ਇਹ ਹਾਲਤ ਆਮ ਆਦਮੀ ਪਾਰਟੀ ਦੀ ਹੈ। ਮਤਲਬ ਉਹ ਮਾਂ ਨਹੀਂ ਹੈ। ਆਮ ਆਦਮੀ ਪਾਰਟੀ ਦੇ ਮਾਨਯੋਗ ਮੈਂਬਰ ਗੁਰੂਆਂ ਦੇ ਸਿਧਾਂਤਾਂ ਦੀ ਗੱਲ ਕਰਦੇ ਹਨ। ਮੈਂ ਇਹ ਦਾਅਵੇ ਨਾਲ ਗੱਲ ਕਹਿ ਸਕਦਾ ਹਾਂ....

**ਸ਼੍ਰੀ ਸਭਾਪਤੀ:** ਸ਼ਰਮਾ ਜੀ, address the Chair.

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਮੈਂ ਇਹ ਗੱਲ 100% ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਲੋਕ ਮੀਟ ਵਾਸਤੇ ਕਦੇ ਵੀ ਗਊ ਨੂੰ ਲੈ ਕੇ ਨਹੀਂ ਆਏ ।ਇਹ ਬਿਲਕੁਲ ਝੂਠ ਗੱਲ ਹੈ, ਇਸ ਦੀ

---

** Expunged as ordered by the Chair.

Under Print
Not for Legal/Official use

ਨਿਖੇਧੀ ਕਰਨੀ ਚਾਹੀਦੀ ਹੈ। ਪੰਜਾਬ ਦੇ ਲੋਕ ਭਾਵੇਂ ਕਿਸੇ ਧਰਮ ਨਾਲ ਸਬੰਧ ਰੱਖਦੇ ਹਨ, ਚਾਹੇ ਮੁਸਲਿਮ ਧਰਮ ਨਾਲ ਸਬੰਧ ਰੱਖਦੇ ਹਨ, ਉਹ ਵੀ ਕਦੇ ਪੰਜਾਬ ਦੇ ਅੰਦਰ ਮੀਟ ਵਾਸਤੇ ਗਊ ਨੂੰ ਨਹੀਂ ਲੈ ਕੇ ਆਏ। ਜਿਹੜੀ ਗੱਲ ਸੰਧਵਾਂ ਸਾਹਿਬ ਨੇ ਕਹੀ ਹੈ, ਇਹ ਟੋਟਲੀ ਗਲਤ ਸੀ। ਇੱਕ ਧਰਮ ਨੂੰ ਬਦਨਾਮ ਕਰਨ ਵਾਸਤੇ ਇਹ ਅਜਿਹੀਆਂ ਗੱਲਾਂ ਕਰਦੇ ਹਨ। (ਵਿਘਨ)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੇਰਾ ਨਾਂ ਲਿਆ ਹੈ ਜੀ। ਪੁਆਇੰਟ ਆਫ ਆਰਡਰ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਸ਼੍ਰੀ ਸਭਾਪਤੀ** : ਸੰਧਵਾਂ ਜੀ, ਕਲੀਅਰ ਕਰ ਲਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਮਾਨਯੋਗ ਚੇਅਰਮੈਨ ਸਾਹਿਬ, ਦਾਸ ਵੱਲੋਂ ਜਿਹੜੀ ਇੱਥੇ ਸਬਮਿਸ਼ਨ ਕੀਤੀ ਗਈ ਸੀ ਉਹ ਇਹ ਸੀ ਕਿ ਜਦੋਂ ਇਹ HS ਬਰੀਡ, Cow Pig ਡਿਵੈਲਪ ਕੀਤੀ ਗਈ ਸੀ, it was meant for meat in western countries. ਇੱਥੇ ਅਸੀਂ ਮੀਟ ਵਾਸਤੇ ਨਹੀਂ ਲੈ ਕੇ ਆਏ, ਇੱਥੇ ਦੁੱਧ ਵਾਸਤੇ ਲੈ ਕੇ ਆਏ ਹਾਂ। Meat was the by-product of that. ਇਨ੍ਹਾਂ ਨੂੰ ਜਾਂ ਤਾਂ ਪੰਜਾਬੀ ਚੱਜ ਨਾਲ ਪੜ੍ਹਨੀ ਨਹੀਂ ਆਉਂਦੀ। ਮੈਂ ਪੰਜਾਬੀ ਵਿੱਚ ਬੋਲਿਆ ਸੀ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਸੰਧਵਾਂ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। ਪਲੀਜ਼ ਬੈਠ ਜਾਉ।

**ਸ਼੍ਰੀ ਐਨ.ਕੇ. ਸ਼ਰਮਾ** : ਚੇਅਰਮੈਨ ਸਾਹਿਬ, ਜਿਹੜੀਆਂ ਦਲੀਲਾਂ ਆਈਆਂ ਹਨ, ਮੈਂ ਉਨ੍ਹਾਂ ਦਾ ਜਵਾਬ ਦੇ ਰਿਹਾ ਹਾਂ। ਆਮ ਆਦਮੀ ਪਾਰਟੀ ਨੇ ਦਲੀਲ ਦਿੱਤੀ ਹੈ ਕਿ ਆਪਾਂ ਬੱਕਰਾ ਵੀ ਤਾਂ ਖਾਂਦੇ ਹਾਂ। ਅਮਨ ਜੀ, ਤੁਸੀਂ ਸ਼ਾਇਦ ਬੱਕਰਾ ਖਾਂਦੇ ਹੋਣੇ ਹੋਵੋਗੇ, (ਵਿਘਨ) (ਸ਼ੋਰ) ਫਿਰ ਕੀ ਇਹ ਦਲੀਲ ਬਣਦੀ ਹੈ?

**ਸ਼੍ਰੀ ਸਭਾਪਤੀ** : ਸ਼ਰਮਾ ਜੀ, ਮਤੇ ਤੇ ਸੀਮਤ ਰਹੀਏ, ਜ਼ਿਆਦਾ ਸੋਹਣਾ ਲੱਗਦਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ, ਸ਼ੋਰ ਹੋਣ ਕਾਰਨ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਐਨ.ਕੇ. ਸ਼ਰਮਾ** : ਚੇਅਰਮੈਨ ਸਾਹਿਬ.......(ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਸ਼ਰਮਾ ਜੀ, ਪਲੀਜ਼ ਕੰਟੀਨਿਊ।(ਵਿਘਨ) (ਸ਼ੋਰ)

**ਸ਼੍ਰੀ ਐਨ. ਕੇ ਸ਼ਰਮਾ:** ਚੇਅਰਮੈਨ ਸਾਹਿਬ, ਪੰਜਾਬ ਵਿੱਚ ਕੋਈ ਮੁਰਗਾ ਖਾਂਦਾ ਹੋਣਾ...... (ਵਿਘਨ) (ਸ਼ੋਰ) ਇੱਕ ਮਿੰਟ ਜੀ, ਮੈਂ ਇਹ ਕਹਿ ਸਕਦਾ ਹਾਂ ਕਿ ਕੋਈ ਮੁਰਗਾ ਖਾਂਦਾ ਹੋਣਾ ਜਾਂ ਕੋਈ ਬੱਕਰਾ ਖਾਂਦਾ ਹੋਣਾ ਹੈ

ਪਰ ਪੰਜਾਬ ਵਿੱਚ ਮੇਰਾ ਖਿਆਲ ਹੈ ਕਿ ਬਾਹਰ ਜਾ ਕੇ ਵੀ ਕੋਈ ਗਾਂ ਦਾ ਮੀਟ ਨਹੀਂ ਖਾਂਦਾ। (ਵਿਘਨ) (ਸ਼ੋਰ) ਚਾਹੇ ਉਹ ਕਿਸੇ ਵੀ ਧਰਮ ਦਾ ਵਿਅਕਤੀ ਹੋਵੇ ਅਤੇ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ। ਜਿਹੜੀ ਗੱਲ ਦੀ ਅਮਨ ਜੀ ਨੇ ਦਲੀਲ ਦਿੱਤੀ ਹੈ, ਉਸ ਨੇ ਮੇਰੇ ਸੈਂਟੀਮੈਂਟਸ ਨੂੰ ਹਰਟ ਕੀਤਾ ਹੈ ਕਿ ਜੇ ਅਸੀਂ ਬੱਕਰਾ ਖਾ ਸਕਦੇ ਹਾਂ ਤਾਂ ਅਸੀਂ ਗਾਂ ਕਿਉਂ ਨਹੀਂ ਖਾ ਸਕਦੇ? ਮੈਂ ਸਮਝਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਨੈਗੇਟਿਵ ਵਿਚਾਰਧਾਰਾ ਦਾ ਨਤੀਜਾ ਹੈ। (ਵਿਘਨ) (ਸ਼ੋਰ) ਬਿਲਕੁਲ ਤੁਹਾਨੂੰ ਸ਼ੇਮ ਕਰਨ ਚਾਹੀਦੀ ਹੈ, ਇਹ ਬਿਲਕੁਲ ਮਾੜੀ ਗੱਲ ਕੀਤੀ ਹੈ।

**ਸ਼੍ਰੀ ਅਮਨ ਅਰੋੜਾ** : ਚੇਅਰਮੈਨ ਸਾਹਿਬ.......(ਵਿਘਨ) (ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ** : ਅਮਨ ਜੀ, ਤੁਹਾਨੂੰ ਮੁਆਫੀ ਮੰਗਣੀ ਚਾਹੀਦੀ ਹੈ। (ਵਿਘਨ) (ਸ਼ੋਰ)

**ਸ਼੍ਰੀ ਅਮਨ ਅਰੋੜਾ** : ਸਰ, ਮੈਂ ਜੀਵ ਹੱਤਿਆ ਦੀ ਗੱਲ ਕੀਤੀ ਹੈ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਅਮਨ ਜੀ, ਤੁਹਾਡੀ ਗੱਲ ਰਿਕਾਰਡ ਵਿੱਚ ਹੈ। ਤੁਹਾਡੀ ਗੱਲ ਰਿਕਾਰਡ ਤੇ ਆ ਗਈ, ਬੈਠ ਜਾਉ।(ਵਿਘਨ) (ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ** : ਪੰਜਾਬ ਦੇ ਹਿੰਦੂਆਂ ਦੇ ਸੈਂਟੀਮੈਂਟਸ ਨੂੰ ਤੁਸੀਂ ਹਰਟ ਕੀਤਾ ਹੈ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਨੂੰ ਹਰਟ ਕੀਤਾ ਹੈ ਕਿ ਜੇਕਰ ਕੋਈ ਬੱਕਰਾ ਖਾ ਸਕਦਾ ਹੈ ਤਾਂ ਅਮਰੀਕਨ ਗਾਂ ਵੀ ਖਾ ਸਕਦਾ ਹੈ। (ਵਿਘਨ) (ਸ਼ੋਰ) ਮੈਂ ਸਮਝਦਾ ਹਾਂ ਕਿ ਪੰਜਾਬ ਦੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਦੇ ਉਲਟ ਜਾ ਕੇ ਆਮ ਆਦਮੀ ਪਾਰਟੀ ਨੇ ਜਿਹੜੀ ਗੱਲ ਕੀਤੀ ਹੈ ਇਸ ਵਾਸਤੇ ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਅਸੀਂ ਇਸ ਦੀ ਨਿਖੇਧੀ ਵੀ ਕਰਦੇ ਹਾਂ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਸ਼ਰਮਾ ਜੀ, ਸੁਝਾਅ ਦਿਉ।(ਵਿਘਨ) (ਸ਼ੋਰ)

**ਸ਼੍ਰੀ ਅਮਨ ਅਰੋੜਾ** : ਮੈਂ ਜੀਵ ਹੱਤਿਆ ਦੀ ਗੱਲ ਕੀਤੀ ਹੈ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਅਮਨ ਜੀ, ਪਲੀਜ਼ ਬੈਠ ਜਾਉ।

**ਸ਼੍ਰੀ ਐਨ.ਕੇ.ਸ਼ਰਮਾ** : ਆਮ ਆਦਮੀ ਪਾਰਟੀ ਨੇ ਇਹ ਗੱਲ ਕਹਿ ਕੇ ਅੱਜ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਕਤਲ ਕੀਤਾ ਹੈ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ** : ਸ਼ਰਮਾ ਜੀ ਵਾਈਂਡ ਅੱਪ ਕਰੋ।

**ਸ਼੍ਰੀ ਐਨ. ਕੇ. ਸ਼ਰਮਾ** : ਇਨ੍ਹਾਂ ਨੇ ਪੰਜਾਬ ਦੇ ਸੱਭਿਆਚਾਰ ਅਤੇ ਕਲਚਰ ਦੇ ਉਲਟ ਜਾ ਕੇ ਗੱਲ ਕੀਤੀ ਹੈ ਜੀ।

Under Print
Not for Legal/Official use

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰ ਦਿਉ।(ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕੁਲਤਾਰ ਸਿੰਘ ਸੰਧਵਾਂ, ਮੈਂਬਰ ਆਮ ਆਦਮੀ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਸਭਾਪਤੀ** : ਸੰਧਵਾਂ ਸਾਹਿਬ, ਤੁਹਾਨੂੰ ਟਾਈਮ ਪੂਰਾ ਮਿਲਿਆ ਹੈ। Please don't disturb.

**ਸ਼੍ਰੀ ਐਨ.ਕੇ. ਸ਼ਰਮਾ** : ਚੇਅਰਮੈਨ ਸਾਹਿਬ, ਆਮ ਆਦਮੀ ਪਾਰਟੀ ਤੋਂ ਇੱਕ ਦਲੀਲ ਹੋਰ ਆਈ ਹੈ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰ ਦਿਉ।

**ਸ਼੍ਰੀ ਐਨ. ਕੇ. ਸ਼ਰਮਾ** : ਚੇਅਰਮੈਨ ਸਾਹਿਬ, ਇੱਕ ਦਲੀਲ ਆਈ ਹੈ, ਮੈਂ ਤਾਂ ਸੁਣ ਕੇ ਹੈਰਾਨ ਹਾਂ ਕਹਿੰਦੇ ਹਨ ਕਿ ਜੇ ਕੁੱਤਾ ਹੜਕ ਜਾਵੇ ਤਾਂ ਉਸ ਨੂੰ ਵੀ ਤਾਂ ਮਾਰਦੇ ਹਾਂ। ਬੰਦਾ ਹੜਕ ਜਾਵੇ ਤਾਂ ਉਸ ਨੂੰ ਵੀ ਤਾਂ ਮਾਰਦੇ ਹਾਂ। ਫਿਰ ਗਾਵਾਂ ਦਾ ਵੀ ਕਤਲ ਕਰ ਦਿਉ, ਚਾਹੇ ਨਾ ਵੀ ਹੜਕੀ ਹੋਵੇ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰ ਦਿਉ। ਗੁਰਮੀਤ ਸਿੰਘ ਜੀ।

**ਸ਼੍ਰੀ ਐਨ.ਕੇ. ਸ਼ਰਮਾ** : ਚੇਅਰਮੈਨ ਸਾਹਿਬ, ਇਹ ਮਤਾ ਪੰਜਾਬ ਦੀ ਬਿਹਤਰੀ ਵਾਸਤੇ ਨਹੀਂ ਆਇਆ, ਇਹ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਹਰਟ ਕਰਨ ਵਾਸਤੇ ਆਇਆ ਹੈ।

**ਸ਼੍ਰੀ ਸਭਾਪਤੀ** : ਸ਼ਰਮਾ ਜੀ, ਬੈਠ ਜਾਉ।(ਵਿਘਨ) (ਸ਼ੋਰ) ਸ਼ਰਮਾ ਜੀ, ਬੈਠ ਜਾਉ।(ਵਿਘਨ) (ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ** : ਮੇਰਾ ਸਪੀਕਰ ਆਨ ਕਰਵਾ ਦਿਉ ਜੀ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰ ਦਿਉ।(ਵਿਘਨ) (ਸ਼ੋਰ) ਤੁਹਾਡਾ ਟਾਈਮ ਹੋ ਗਿਆ ਹੈ, ਜਿੰਨਾ ਟਾਈਮ ਤੁਹਾਡੀ ਪਾਰਟੀ ਦਾ ਬਣਦਾ ਸੀ..... (ਵਿਘਨ) (ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ** : ਚੇਅਰਮੈਨ ਸਾਹਿਬ, ਸੰਧਵਾਂ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਵਿੱਚ ਬੇਅਦਬੀ ਹੋਈ ਹੈ। ਬੇਅਦਬੀ ਦੀ ਅਸੀਂ ਸਾਰੇ ਨਿਖੇਧੀ ਕਰਦੇ ਹਾਂ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ... (ਵਿਘਨ) (ਸ਼ੋਰ) ਇੱਕ ਮਿੰਟ, ਮੇਰੀ ਗੱਲ ਸੁਣੋ।

**ਸ਼੍ਰੀ ਸਭਾਪਤੀ:** ਢਿੱਲੋਂ ਸਾਹਿਬ, ਤੁਸੀਂ ਪਾਰਟੀ ਦੇ ਲੀਡਰ ਹੋ, ਇਨ੍ਹਾਂ ਨੂੰ ਕਹੋ ਕਿ ਇਹ ਗੱਲ ਕੰਪਲੀਟ ਕਰ ਦੇਣ, ਪਲੀਜ਼।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

Under Print
Not for Legal/Official use

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਮੈਨੂੰ ਗੱਲ ਕਰਨ ਦਿਓ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਬਿਠਾਓ, ਮੈਨੂੰ ਗੱਲ ਕਰਨ ਦਿਓ।

**ਸ਼੍ਰੀ ਸਭਾਪਤੀ:** ਤੁਸੀਂ ਵਾਈਂਡ ਅੱਪ ਕਰ ਦਿਓ, ਤੁਹਾਡਾ ਟਾਈਮ ਹੋ ਗਿਆ ਹੈ। (ਵਿਘਨ,ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਪੰਜਾਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਸੀਂ ਉਸ ਦੀ ਨਿਖੇਧੀ ਕਰਦੇ ਹਾਂ। ਜਿਸ ਨੇ ਬੇਅਦਬੀ ਕੀਤੀ ਹੈ, ਉਸ ਨੂੰ ਫਾਂਸੀ ਤੇ ਟੰਗਣਾ ਚਾਹੀਦਾ ਹੈ, ਜਿਸ ਦੀ ਇਨਵਾਲਵਮੈਂਟ ਹੈ, ਉਸ ਨੂੰ ਫਾਂਸੀ ਹੋਣੀ ਚਾਹੀਦੀ ਹੈ। ਗੁਰੂ ਸਾਡੇ ਸਾਰਿਆਂ ਦੇ ਸਾਂਝੇ ਹਨ ਪਰ ਉਸ ਦਾ ਮਤਲਬ ਇਹ ਤਾਂ ਨਹੀਂ ਹੈ ਕਿ ਤੁਸੀਂ ਗਊਆਂ ਨੂੰ ਵੱਢਣ ਲੱਗ ਜਾਓ। ਸੰਧਵਾਂ ਜੀ, ਤੁਸੀਂ ਇਹ ਕਹਿ ਰਹੇ ਹੋ ਕਿ ਜੇ ਬੇਅਦਬੀ ਹੋਈ ਤਾਂ ਗਊਆਂ ਵੱਢ ਦਿਓ।

**ਸ਼੍ਰੀ ਸਭਾਪਤੀ:** ਸ਼ਰਮਾ ਜੀ, ਜੇ ਸੁਝਾਅ ਨਹੀਂ ਹੈ ਤਾਂ ਪਲੀਜ਼ ਬੈਠ ਜਾਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਜਿਹੜੀ ਗੱਲ ਸੰਧਵਾਂ ਸਾਹਿਬ ਨੇ ਕਹੀ ਹੈ ਕੀ ਇਹ ਹਿੰਦੂਆਂ ਦੇ ਧਰਮ ਦੀ ਬੇਅਦਬੀ ਨਹੀਂ ਹੈ? (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਬੈਠ ਜਾਓ ਜੀ। ਗੁਰਮੀਤ ਸਿੰਘ ਮੀਤ ਜੀ, ਪਲੀਜ਼ ਕੰਟੀਨਿਊ। ਸ਼ਰਮਾ ਜੀ, ਬੈਠ ਜਾਓ, ਤੁਹਾਡੀ ਗੱਲ ਆ ਗਈ ਹੈ। (ਵਿਘਨ,ਸ਼ੋਰ) ਆ ਗਈ ਹੈ, ਆ ਗਈ ਹੈ। ਮੀਤ ਜੀ, ਪਲੀਜ਼ ਕੰਟੀਨਿਊ। (ਵਿਘਨ, ਸ਼ੋਰ)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਇਹ ਕਾਂਵਾਂ-ਰੌਲੀ ਪਾਈ ਜਾਂਦੇ ਹਨ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਢਿੱਲੋਂ ਸਾਹਿਬ, ਤੁਸੀਂ ਪਲੀਜ਼ ਮੈਂਬਰ ਸਾਹਿਬ ਨੂੰ ਕਹੋ ਕਿ ਇਹ ਬੈਠ ਜਾਣ, ਇਨ੍ਹਾਂ ਦਾ ਟਾਈਮ ਖਤਮ ਹੋ ਗਿਆ ਹੈ।(ਵਿਘਨ,ਸ਼ੋਰ) ਸ਼ਰਮਾ ਜੀ, ਤੁਹਾਡਾ ਟਾਈਮ ਹੋ ਗਿਆ ਹੈ, ਜਿੰਨਾ ਟਾਈਮ ਤੁਹਾਡੀ ਪਾਰਟੀ ਵੱਲੋਂ ਆਇਆ ਸੀ, ਉਹ ਦੇ ਦਿੱਤਾ ਹੈ। ਮੀਤ ਜੀ please continue.

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਹੁਣ ਤੁਸੀਂ ਇਕੱਲਿਆਂ ਨੇ ਥੋੜ੍ਹੀ ਬੋਲਣਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਇੱਕ ਮਿੰਟ ਦੇ ਦਿਓ ਜੀ।(ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਹਾਂ ਜੀ, ਲੈ ਲਓ, ਲੈ ਲਓ। ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਹਨ, ਬੋਲੋ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਚੇਅਰਮੈਨ ਸਾਹਿਬ, ਜਦੋਂ ਡੇਰਾਬੱਸੀ ਵਿੱਚ ਸਲਾਟਰ ਹਾਊਸ ਖੁੱਲ੍ਹਿਆ ਸੀ, ਉਸ ਵੇਲੇ ਪੰਜਾਬ ਵਿੱਚ ਕਿਸ ਦੀ ਸਰਕਾਰ ਸੀ? ਉਦੋਂ ਕਾਂਗਰਸ ਪਾਰਟੀ ਦੀ ਸਰਕਾਰ ਸੀ ਤੇ ਜਦੋਂ ਖਨੌਰੀ

Under Print
Not for Legal/Official use

ਪਿੰਡ ਵਿੱਚ ਸਲਾਟਰ ਹਾਊਸ ਖੁੱਲ੍ਹਿਆ ਸੀ ਤਾਂ ਉਹ ਅਕਾਲੀ ਦਲ ਨੇ ਖੋਲ੍ਹਿਆ ਸੀ। ਇਹ ਇੱਥੇ ਵਿਧਾਨ ਸਭਾ ਵਿੱਚ ਆ ਕੇ ਮਿਸਲੀਡ ਕਰ ਰਹੇ ਹਨ। ਪਹਿਲਾ ਸਲਾਟਰ ਹਾਊਸ ਕਾਂਗਰਸ ਨੇ ਖੋਲ੍ਹਿਆ ਤੇ ਸੈਕਿੰਡ ਸਲਾਟਰ ਹਾਊਸ ਤੁਹਾਡੇ ਹਲਕੇ ਵਿੱਚ (ਸ਼੍ਰੀ ਐਨ.ਕੇ. ਸ਼ਰਮਾ ਵੱਲ ਇਸ਼ਾਰਾ ਕਰਦੇ ਹੋਏ) ਡੇਰਾਬੱਸੀ ਵਿੱਚ ਖੁੱਲ੍ਹਿਆ। ਸ਼ਰਮਾ ਜੀ ਦੇ ਹਲਕੇ ਵਿੱਚ ਡੇਰਾਬੱਸੀ ਵਿੱਚ ਖੁੱਲ੍ਹਿਆ ਜੋ ਕਿ ਲੋਕਾਂ ਦੇ ਵਿਰੋਧ ਕਾਰਨ ਬੰਦ ਹੋਇਆ। ਸੋ, ਇਹ ਝੂਠ ਬੋਲਦੇ ਹਨ, ਇਹ ਹਾਊਸ ਨੂੰ ਮਿਸਲੀਡ ਕਰਦੇ ਹਨ।

**ਸ਼੍ਰੀ ਸਭਾਪਤੀ:** ਚੀਮਾ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ। ਚੀਮਾ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ। (ਵਿਘਨ,ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਸ਼ਰਮਾ ਜੀ, ਤੁਸੀਂ ਹਾਊਸ ਤੋਂ ਮਾਫੀ ਮੰਗੋ। ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਇੱਕ ਸਲਾਟਰ ਹਾਊਸ ਇਨ੍ਹਾਂ ਦੇ ਹਲਕੇ ਵਿੱਚ ਖੁੱਲਿਆ ਔਰ ਦੂਜਾ ਧੂਰੀ ਹਲਕੇ ਵਿੱਚ ਖਨੌਰੀ ਪਿੰਡ ਵਿੱਚ ਖੁੱਲ੍ਹਿਆ। ਜੇ ਉਹ ਲੋਕਾਂ ਨੇ ਬੰਦ ਕਰਵਾ ਦਿੱਤਾ ਤਾਂ ਉਹ ਵੱਖਰੀ ਗੱਲ ਹੈ ਲੇਕਿਨ ਇਨ੍ਹਾਂ ਦੇ ਹਲਕੇ ਵਿੱਚ ਖੁੱਲਿਆ ਹੈ। ਇਹ ਇੱਥੇ ਖੜ੍ਹ ਕੇ ਝੂਠ ਬੋਲੀ ਜਾਂਦੇ ਹਨ, ਬਿਲਕੁਲ ਝੂਠ ਬੋਲ ਰਹੇ ਹਨ, ਇਨ੍ਹਾਂ ਨੂੰ ਮਾਫੀ ਮੰਗਣੀ ਚਾਹੀਦੀ ਹੈ, ਇਨ੍ਹਾਂ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ।

**ਸ਼੍ਰੀ ਸਭਾਪਤੀ:** ਚੀਮਾ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਚੇਅਰਮੈਨ ਸਾਹਿਬ, ਇਨ੍ਹਾਂ ਤੋਂ ਮਾਫੀ ਮੰਗਵਾਓ। ਇਨ੍ਹਾਂ ਦੇ ਹਲਕੇ ਵਿੱਚ ਖੁੱਲ੍ਹਿਆ ਹੈ, ਇਨ੍ਹਾਂ ਨੂੰ ਪੂਰੀ ਨਾਲੇਜ ਹੈ। ਇਹ ਲਗਾਤਾਰ ਝੂਠ ਬੋਲ ਰਹੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਮਨਜੀਤ ਸਿੰਘ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸ਼੍ਰੀ ਐਨ.ਕੇ.ਸ਼ਰਮਾ:** ਸਰ, ਮੇਰਾ ਮਾਈਕ ਤਾਂ ਚਲਵਾ ਦਿਓ।

**ਸ਼੍ਰੀ ਸਭਾਪਤੀ:** ਚਲਵਾ ਦਿੰਦੇ ਹਾਂ, ਜੇ ਮਤੇ ਤੇ ਰਹੋਗੇ ਤਾਂ ਚਲਵਾ ਦਿਆਂਗੇ ਤੇ ਨਾਲ ਹੀ ਤੁਸੀਂ ਵਾਈਂਡ ਅੱਪ ਕਰ ਦਿਓ, ਪਲੀਜ਼। ਸ਼ਰਮਾ ਜੀ ਦਾ ਮਾਈਕ ਦੋ ਮਿੰਟ ਲਈ ਖੋਲ੍ਹ ਦਿਓ।

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ,..... (ਵਿਘਨ, ਸ਼ੋਰ)

**ਸ਼੍ਰੀ ਸਭਾਪਤੀ:** ਉਹ ਵਾਈਂਡ ਅੱਪ ਕਰ ਲੱਗੇ ਹਨ ਜੀ।

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਜੇ ਮੇਰੇ ਸਮੇਂ ਵਿੱਚ ਅਕਾਲੀ ਦਲ ਵੇਲੇ ਇੱਕ ਵੀ ਸਲਾਟਰ ਹਾਊਸ ਬਣਿਆ ਹੋਵੇ ਤਾਂ ਮੈਂ ਇੱਥੇ ਖੜ੍ਹ ਕੇ ਰਿਜ਼ਾਈਨ ਦੇ ਦਿਆਂਗਾ।

**ਸ਼੍ਰੀ ਸਭਾਪਤੀ:** ਸ਼ਰਮਾ ਜੀ, the end ਕਰ ਦਿਓ। ਸ਼ਰਮਾ ਜੀ ਦਾ ਟਾਈਮ ਓਵਰ ਹੋ ਗਿਆ ਹੈ, ਮਾਈਕ ਬੰਦ ਕਰ ਦਿਓ। ਮੀਤ ਜੀ। (ਵਿਘਨ,ਸ਼ੋਰ)

Under Print
Not for Legal/Official use

**ਸ਼੍ਰੀ ਐਨ.ਕੇ. ਸ਼ਰਮਾ:** ਨਹੀਂ, ਨਹੀਂ, ਚੇਅਰਮੈਨ ਸਾਹਿਬ, ਮੇਰੀ ਗੱਲ ਸੁਣੋ।

**ਸ਼੍ਰੀ ਸਭਾਪਤੀ:** ਨਹੀਂ, ਤੁਹਾਡੀ ਗੱਲ ਹੋ ਗਈ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਟੀਨੂ ਜੀ, ਤੁਹਾਡੀ ਗੱਲ ਹੋ ਗਈ ਹੈ। ਢਿੱਲੋਂ ਸਾਹਿਬ, ਪਲੀਜ਼। ਮੀਤ ਜੀ, ਤੁਸੀਂ ਕੰਟੀਨਿਊ ਕਰੋ। ਸ਼ਰਮਾ ਜੀ, ਤੁਹਾਨੂੰ ਵਾਧੂ ਟਾਈਮ ਮਿਲ ਗਿਆ ਹੈ, ਬੈਠ ਜਾਓ।

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਮੈਨੂੰ ਦੋ ਮਿੰਟ ਦਿਓ।(ਵਿਘਨ...) ਕਨਕਲੂਡ ਤਾਂ ਕਰ ਲੈਣ ਦਿਓ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਹੋ ਗਿਆ ਜੀ, ਜਿਹੜੀਆਂ ਤੁਸੀਂ ਗੱਲਾਂ ਕਹਿਣੀਆਂ ਸੀ, ਕਹਿ ਲਈਆਂ ਹਨ।

**ਸ਼੍ਰੀ ਸਭਾਪਤੀ:** ਹੋ ਗਿਆ ਜੀ, ਤੁਸੀਂ ਬਹੁਤ ਟਾਈਮ ਲੈ ਲਿਆ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਭਾਵੇਂ ਘੰਟਾ ਦੇ ਦਿਓ, ਇਨ੍ਹਾਂ ਨੇ ਮੁੱਦੇ ਦੀ ਗੱਲ ਨਹੀਂ ਕਰਨੀ।

**ਸ਼੍ਰੀ ਸਭਾਪਤੀ:** ਠੀਕ ਹੈ, ਇੱਕ ਮਿੰਟ ਦਿੱਤਾ ਜੀ। ਕਨਕਲੂਡ ਕਰ ਲਓ।

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਮੈਂ ਕਿਸੇ ਦੀ ਸ਼ਾਨ ਦੇ ਖਿਲਾਫ ਨਹੀਂ ਬੋਲ ਰਿਹਾ ਹਾਂ। ਹਿੰਦੂ ਵੇਦ ਸ਼ਾਸਤਰ ਚਾਰ ਯੁਗਾਂ ਤੋਂ ਚਲੇ ਆ ਰਹੇ ਹਨ। ਚਾਰ ਵੇਦ ਹਨ। ਉਸ ਟਾਈਮ ਤੋਂ ਹੀ ਗਊ ਨੂੰ ਮਾਤਾ ਮੰਨਿਆ ਗਿਆ ਹੈ, ਅਸੀਂ ਸਤਿਕਾਰ ਕਰਦੇ ਹਾਂ, ਮੈਂ ਤਾਂ ਆਪ ਪੂਜਾ ਕਰਦਾ ਹਾਂ, ਸਾਡਾ ਪਰਿਵਾਰ ਪੂਜਾ ਕਰਦਾ ਹੈ। ਇੱਕ ਹਜ਼ਾਰ ਗਊਆਂ ਜ਼ੀਰਕਪੁਰ ਵਿੱਚ ਰੱਖੀਆਂ ਹੋਈਆਂ ਹਨ, ਤੁਸੀਂ ਜਾ ਕੇ ਦੇਖੋ ਕਿ ਉਨ੍ਹਾਂ ਦੀ ਕਿੰਨੀ ਸੰਭਾਲ ਹੁੰਦੀ ਹੈ ਪਰ ਜਿਹੜੀ ਇਨ੍ਹਾਂ ਨੇ ਅੱਜ ਗੱਲ ਕੀਤੀ ਹੈ, ਉਹ ਸਾਡੇ ਵੇਦਾਂ ਤੋਂ ਉਲਟ ਕੀਤੀ ਹੈ, ਸਾਡੇ ਸੰਸਕਾਰ ਤੋਂ ਉਲਟ ਕੀਤੀ ਹੈ। ਪੰਜਾਬ ਦੇ ਭਲੇ ਦੇ ਉਲਟ ਗੱਲ ਹੋਈ ਹੈ, ਪੰਜਾਬ ਦੇ ਹਿੰਦੂਆਂ ਦੇ ਸੈਂਟੀਮੈਂਟਸ ਹਰਟ ਹੋਏ ਹਨ।

**ਸਰਦਾਰ ਮਨਜੀਤ ਸਿੰਘ:** ਸਰ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ:** ਉਹ ਵਾਈਂਡ ਅੱਪ ਕਰਨ ਲੱਗੇ ਹਨ, ਬੈਠੋ ਜੀ।

**ਸ਼੍ਰੀ ਐਨ.ਕੇ. ਸ਼ਰਮਾ:** ਮੇਰੇ ਸੈਂਟੀਮੈਂਟਸ ਹਰਟ ਹੋਏ ਹਨ ਔਰ ਇਹ ਮਾਫੀ ਮੰਗਣ ਦੀ ਬਜਾਏ ਸਲਾਟਰ ਹਾਊਸ ਦੀਆਂ ਦਲੀਲਾਂ ਦੇ ਰਹੇ ਹਨ, ਬੱਕਰੇ ਦੀਆਂ ਦਲੀਲਾਂ ਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਟੋਟਲੀ ਗਲਤ ਹੈ, ਮੈਂ ਇਸ ਗੱਲ ਦੀ ਨਿਖੇਧੀ ਕਰਦਾ ਹਾਂ। ਇਹ ਆਮ ਆਦਮੀ ਪਾਰਟੀ ਅੱਗ ਲਾਉਣਾ ਚਾਹ ਰਹੀ ਹੈ।

Under Print
Not for Legal/Official use

**ਸ਼੍ਰੀ ਸਭਾਪਤੀ:** ਆ ਗਿਆ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। Please sit down. ਮੀਤ ਜੀ, continue.

**ਸ਼੍ਰੀ ਐਨ.ਕੇ. ਸ਼ਰਮਾ:** ਕਿਸੇ ਦੇ ਸੈਂਟੀਮੈਂਟਸ ਹਰਟ ਕਰਨ ਦੀ ਜਿੱਥੇ ਜ਼ਰੂਰਤ ਪੈਂਦੀ ਹੈ....

**ਸ਼੍ਰੀ ਸਭਾਪਤੀ:** ਤੁਸੀਂ ਸੇਮ ਗੱਲ ਤਿੰਨ ਵਾਰੀ ਕਰ ਦਿੱਤੀ ਹੈ, ਪਲੀਜ਼, ਤੁਹਾਡੀ ਗੱਲ ਆ ਗਈ ਹੈ, ਗੱਲ ਆ ਗਈ ਹੈ। ਹਾਂ ਜੀ, ਮੀਤ ਜੀ। (ਵਿਘਨ,ਸ਼ੋਰ)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ):** ਧੰਨਵਾਦ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਪੰਜਾਬ ਦੇ ਬੜੇ ਇੰਪਾਰਟੈਂਟ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਸ਼ਰਮਾ ਜੀ, ਬੈਠ ਜਾਓ ਪਲੀਜ਼ ਤੁਹਾਡਾ ਟਾਈਮ ਹੋ ਗਿਆ ਹੈ। ਤੁਹਾਨੂੰ ਵਾਈਂਡ-ਅੱਪ ਕਰਨ ਲਈ ਦੋ ਵਾਰ ਟਾਈਮ ਦਿੱਤਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਮੈਂ ਸਮਝਦਾ ਹਾਂ ਕਿ ਜਿੰਨੇ ਵੀ ਬੁਲਾਰੇ ਬੋਲੇ ਹਨ, ਭਾਵੇਂ ਇੱਧਰੋਂ ਬੋਲੇ ਹਨ, ਭਾਵੇਂ ਸਾਹਮਣੇ ਤੋਂ ਬੋਲੇ ਹਨ, ਸਾਰਿਆਂ ਨੇ ਚੰਗੀਆਂ ਗੱਲ ਕੀਤੀਆਂ ਹਨ, ਚੰਗੇ ਸੁਝਾਅ ਦਿੱਤੇ ਹਨ ਪਰ ਕੇਵਲ ਤੇ ਕੇਵਲ ਮੁੱਦੇ ਤੇ ਭਟਕਾਉਣ ਦੀਆਂ ਘੁੰਮਾ-ਫਿਰਾ ਕੇ ਗੱਲਾਂ ਕਰਨ ਦੀ ਜਿਹੜੀ ਅੱਗ ਇਹ ਪੂਰੇ ਹਿੰਦੁਸਤਾਨ ਵਿੱਚ ਲਾ ਰਹੇ ਹਨ, ਉਹੀ ਅੱਗ ਪੰਜਾਬ ਵਿੱਚ ਲਗਾਉਣ ਦੀ ਸਾਰੇ ਬੁਲਾਰਿਆਂ ਨੂੰ ਛੱਡ ਕੇ ਕੇਵਲ ਸ਼ਰਮਾ ਜੀ ਨੇ ਕੋਸ਼ਿਸ਼ ਕੀਤੀ ਹੈ ਕਿਉਂਕਿ ਉਨ੍ਹਾਂ ਦੀ ਰਾਜਨੀਤੀ ਇੱਕ ਹੈ, ਇਹ ਇੱਥੇ ਕਹਿ ਰਹੇ ਹਨ ਕਿ ਅਸੀਂ ਗਊਮਾਤਾ ਨੂੰ ਮੰਨਦੇ ਹਾਂ। ਜਿਹੜੇ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਨੇ ਇਹ ਮਤਾ ਲਿਆਂਦਾ ਹੈ, ਇਹ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਅੱਜ ਜਿਹੜੀ ਪਾਰਟੀ ਵਿੱਚ ਜਾ ਕੇ ਇਹ ਗੋਡਿਆਂ ਤੇ ਬੈਠਦੇ ਹਨ, ਉਹ ਪਾਰਟੀ ਅੱਜ ਪੂਰੇ ਹਿੰਦੁਸਤਾਨ ਨੂੰ ਵੰਡਣ ਦਾ ਕੰਮ ਕਰ ਰਹੀ ਹੈ। ਜਿਹੜੀ ਪਾਰਟੀ ਨੇ ਅੱਜ ਦਿੱਲੀ ਵਿੱਚ ਅੱਗ ਲਗਾਈ ਹੋਈ ਹੈ, ਉਸੇ ਪਾਰਟੀ ਬਾਰੇ ਇਹ ਖਬਰ ਹੈ ਕਿ- BJP, RSS form cattle meat manufacturing cooperative society to sell beef in Kerala, (ਆਮ ਆਦਮੀ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਜੇ ਤੁਸੀਂ ਵਾਕਿਆ ਹੀ ਗਊਮਾਤਾ ਦੀ ਇੱਜ਼ਤ ਕਰਦੇ ਹੋ ਤਾਂ ਜਿਹੜੀ ਤੁਹਾਡੀ ** ਇੱਕ ਮੰਤਰੀ ਦੀ ਕੁਰਸੀ ਲੈਣ ਲਈ ਉੱਥੇ ਬੈਠੇ ਹਨ, ਉਨ੍ਹਾਂ ਨੂੰ ਤੁਸੀਂ ਵਾਪਸ ਬੁਲਾਓ।

**ਸ਼੍ਰੀ ਸਭਾਪਤੀ:** ਮੀਤ ਜੀ, ਮਤੇ ਤੇ ਬੋਲੋ ਪਲੀਜ਼।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਅਸੀਂ ਤਾਂ ਮਤੇ ਦੀ ਗੱਲ ਕਰਦੇ ਸੀ ਪਰ ਇਹ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਮਤੇ ਤੇ ਨਹੀਂ ਰਹਿੰਦੇ।

---

** Expunged as ordered by the Hon'ble Speaker.

Under Print
Not for Legal/Official use

**ਸ਼੍ਰੀ ਸਭਾਪਤੀ:** ਤੁਸੀਂ ਮਤੇ ਤੇ ਆਓ। (ਵਿਘਨ..ਸ਼ੋਰ) ਕੁਲਤਾਰ ਜੀ, ਪਲੀਜ਼।

(ਇਸ ਸਮੇਂ ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) ਬੋਲਣ ਲਈ ਸਮੇਂ ਦੀ ਮੰਗ ਕਰ ਕਰ ਰਹੇ ਸਨ।)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਵੜਿੰਗ ਸਾਹਿਬ, ਇਸ ਤੋਂ ਬਾਅਦ ਬੋਲ ਲੈਣਾ।

**ਸ਼੍ਰੀ ਸਭਾਪਤੀ:** ਵੜਿੰਗ ਸਾਹਿਬ, ਤੁਸੀਂ ਬੋਲ ਲਿਆ। ਪਲੀਜ਼ ਉਨ੍ਹਾਂ ਨੂੰ ਬੋਲ ਲੈਣ ਦਿਉ।(ਵਿਘਨ..ਸ਼ੋਰ) ਵੜਿੰਗ ਜੀ, ਬੈਠ ਜਾਓ ਪਲੀਜ਼। ਮੀਤ ਜੀ, ਤੁਸੀਂ ਕੰਟੀਨਿਊ ਕਰੋ ਜੀ। (ਵਿਘਨ..ਸ਼ੋਰ) ਵੜਿੰਗ ਸਾਹਿਬ, ਬੈਠ ਜਾਓ ਪਲੀਜ਼।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਬੜਾ ਗੰਭੀਰ ਮੁੱਦਾ ਹੈ। ਪੰਜਾਬ ਦੇ ਕਿਸਾਨ ਬੜੇ ਪ੍ਰੇਸ਼ਾਨ ਹਨ ਕਿਉਂਕਿ ਪੰਜਾਬ ਵਿਚ ਹਰ ਸਾਲ ਤਕਰੀਬਨ 200 ਕਰੋੜ ਰੁਪਏ ਦੀ ਫਸਲ ਦਾ ਨੁਕਸਾਨ ਹੁੰਦਾ ਹੈ ਅਤੇ ਬੜੇ ਐਕਸੀਡੈਂਟ ਵੀ ਹੁੰਦੇ ਹਨ। ਅਸੀਂ ਜਿੰਨੇ ਇੱਥੇ ਸਦਨ ਵਿੱਚ ਬੈਠੇ ਹਨ, ਅਰੋੜਾ ਸਾਹਿਬ ਦਾ ਵੀ ਥੋੜ੍ਹੇ ਦਿਨ ਪਹਿਲਾਂ ਢੱਠੇ ਕਾਰਨ ਐਕਸੀਡੈਂਟ ਹੋ ਕੇ ਹਟਿਆ ਹੈ। ਸਾਨੂੰ 117 ਐਮ.ਐਲ.ਏਜ਼. ਨੂੰ ਰੋਜ਼ਾਨਾ ਸਾਰੇ ਪੰਜਾਬ ਵਿੱਚ ਘੁੰਮਣਾ ਪੈਂਦਾ ਹੈ, ਸਾਰੇ ਪੰਜਾਬ ਨਾਲੋਂ ਜ਼ਿਆਦਾ ਸਮਾਂ ਸੜਕਾਂ ਤੇ ਬਤੀਤ ਕਰਨਾ ਪੈਂਦਾ ਹੈ। ਇੱਕ ਵੀ ਬੰਦਾ ਖੜ੍ਹਾ ਹੋ ਕੇ ਕਹਿ ਦੇਵੇ ਕਿ ਕਿਸੇ ਦਾ ਐਕਸੀਡੈਂਟ ਨਹੀਂ ਹੋਇਆ ਜਾਂ ਕਿਸੇ ਪਸ਼ੂ ਨਾਲ ਹੁੰਦਾ-ਹੁੰਦਾ ਬਚ ਗਿਆ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਹਰ ਇੱਕ ਪਸ਼ੂ ਨਾ ਕੇਵਲ ਢੱਠਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਹਾਂ ਜੀ, ਹਰੇਕ ਪਸ਼ੂ, ਮੈਂ ਕਹਿੰਦਾ ਹਾਂ ਕਿ ਇਹ ਮੁੱਦਾ ਬੜਾ ਗੰਭੀਰ ਹੈ। ਆਪਾਂ ਇਸ ਤੇ ਕੇਂਦ੍ਰਿਤ ਰਹਿ ਕੇ ਵਿਚਾਰੀਏ ਕਿ ਇਸ ਦਾ ਕੀ ਹੱਲ ਹੋ ਸਕਦਾ ਹੈ? ਵੜਿੰਗ ਸਾਹਿਬ ਨੇ ਬੜੀ ਅੱਛੀ ਗੱਲ ਕੀਤੀ ਕਿ ਇਨ੍ਹਾਂ ਦਾ ਕੋਈ ਰਿਕਾਰਡ ਮੈਨਟੇਨ ਹੋਣਾ ਚਾਹੀਦਾ ਹੈ ਤਾਂ ਕਿ ਪਤਾ ਲੱਗੇ ਕਿ ਪੰਜਾਬ ਵਿਚ ਕਿੰਨੇ ਪਸ਼ੂ ਹਨ? ਅਜਿਹੇ ਕਿਹੜੇ ਲੋਕ ਹਨ ਜੋ ਪਹਿਲਾਂ ਦੁੱਧ ਪੀਂਦੇ ਹਨ ਤੇ ਬਾਅਦ ਵਿੱਚ ਉਨ੍ਹਾਂ ਨੂੰ ਐਕਸੀਡੈਂਟ ਕਰਨ ਲਈ ਜਾਂ ਫਸਲਾਂ ਉਜਾੜਨ ਲਈ ਸੜਕਾਂ ਤੇ ਛੱਡ ਦਿੰਦੇ ਹਨ। ਸਾਰੇ ਅੱਛੇ ਸੁਝਾਅ ਹਨ। ਅੰਗਦ ਜੀ ਹੁਣ ਚਲੇ ਗਏ ਹਨ, ਉਨ੍ਹਾਂ ਨੇ ਵੀ ਗੱਲ ਕੀਤੀ ਸੀ ਕਿ ਜੇ ਅਸੀਂ ਪਸ਼ੂ ਗਊਸ਼ਾਲਾ ਵਿੱਚ ਇਕੱਠੇ ਕਰਕੇ ਛੱਡ ਕੇ ਆਉਂਦੇ ਹਾਂ ਤਾਂ ਗਊਸ਼ਾਲਾ ਵਾਲੇ ਉਨ੍ਹਾਂ ਪਸ਼ੂਆਂ ਨੂੰ ਰਾਤ ਨੂੰ ਫੇਰ ਛੱਡ ਦਿੰਦੇ ਹਨ। ਸਰ, ਅਵਾਰਾ ਪਸ਼ੂਆਂ ਦਾ  ਮੁੱਦਾ ਤਾਂ ਇਵੇਂ ਬਣ ਗਿਆ ਕਿ ਇਸ ਨੇ ਇੰਪਲਾਇਮੈਂਟ ਦੇ ਸਾਧਨ ਵੀ ਪੈਦਾ ਕਰ ਦਿੱਤੇ ਹਨ। ਮੈਨੂੰ ਨਹੀਂ ਪਤਾ ਕਿ ਮਾਝੇ-ਦੁਆਬੇ ਵਿੱਚ ਅਜਿਹਾ ਚੱਲਦਾ ਹੈ ਕਿ ਨਹੀਂ ਪਰ ਸਾਡੇ ਮਾਲਵੇ ਵਿੱਚ ਅਜਿਹੇ ਕਈ ਗਰੁੱਪ ਬਣੇ ਹੋਏ ਹਨ ਜਿਹੜੇ ਕਹਿੰਦੇ ਹਨ ਕਿ ਸਾਨੂੰ ਦੱਸੋ ਤੁਹਾਡੇ ਏਰੀਏ ਵਿੱਚ ਕਿੰਨੀਆਂ ਗਾਵਾਂ ਹਨ। ਉਹ ਗਰੁੱਪ ਗਾਵਾਂ ਇਕੱਠੀਆਂ ਕਰਦੇ ਹਨ। ਜਿਵੇਂ ਬਰਨਾਲੇ ਵਿੱਚੋਂ 50 ਗਾਵਾਂ ਇਕੱਠੀਆਂ ਕੀਤੀਆਂ ਤਾਂ ਇੱਕ ਦਾ ਹਜ਼ਾਰ-ਹਜ਼ਾਰ ਰੁਪਿਆ ਲੈ ਲਿਆ। ਫੇਰ ਉਹ ਰਾਤ ਨੂੰ ਮਾਨਸਾ ਛੱਡ ਆਉਂਦੇ ਹਨ।

Under Print
Not for Legal/Official use

ਅੱਗੇ ਮਾਨਸਾ ਵਿੱਚ ਵੀ ਗਰੁੱਪ ਬਣੇ ਹੋਏ ਹਨ। ਉਹ ਉੱਥੋਂ ਇਕੱਠੀਆਂ ਕਰਕੇ ਬਠਿੰਡਾ ਛੱਡ ਆਉਂਦੇ ਹਨ। ਇਨ੍ਹਾਂ ਅਵਾਰਾ ਪਸ਼ੂਆਂ ਨੇ ਇੰਪਲਾਇਮੈਂਟ ਦਾ ਸਾਧਨ ਪੈਦਾ ਕਰ ਦਿੱਤਾ ਹੈ ਪਰ ਇਨ੍ਹਾਂ ਦਾ ਹੱਲ ਕੀ ਹੈ? ਵੜਿੰਗ ਸਾਹਿਬ ਨੇ ਕਿਹਾ, ਲੋਧੀਨੰਗਲ ਸਾਹਿਬ ਨੇ ਵੀ ਕਿਹਾ ਕਿ ਪੰਜਾਬ ਵਿੱਚ ਇਹ ਸਮੱਸਿਆ ਵਧਦੀ ਜਾ ਰਹੀ ਹੈ। ਮੈਂ ਮੰਨਦਾ ਹਾਂ ਕਿ ਪੂਰੇ ਹਿੰਦੁਸਤਾਨ ਦੇ ਵਿਚ ਅਵਾਰਾ ਪਸ਼ੂਆਂ ਦੀ ਸਮੱਸਿਆ ਹੈ ਪਰ ਸਾਰੇ ਹਿੰਦੋਸਤਾਨ ਵਿੱਚ ਗਊ ਸੈੱਸ ਲਗਾਉਣ ਵਾਲਾ ਪੰਜਾਬ ਪਹਿਲਾ ਸਟੇਟ ਹੈ। ਇਹ ਸਮੱਸਿਆ ਸਾਰੇ ਹਿੰਦੋਸਤਾਨ ਦੀ ਹੈ। ਜੇਕਰ ਸਮੱਸਿਆ ਹੈ ਤਾਂ ਹੀ ਅਸੀਂ ਇੱਥੇ ਗਊ ਸੈੱਸ ਲਗਾਇਆ ਪਰ ਉਸ ਦਾ ਹੱਲ ਕਿੱਥੇ ਹੋਇਆ ਹੈ? ਇੱਥੇ ਦਿੱਲੀ ਦੀ ਗੱਲ ਕੀਤੀ ਗਈ ਹੈ ਪਰ ਦਿੱਲੀ ਸਰਕਾਰ ਨੇ ਤਾਂ ਗਊ ਸੈੱਸ ਲਗਾਇਆ ਹੀ ਨਹੀਂ। ਸਾਡੇ ਤੋਂ ਬਾਅਦ ਚੰਡੀਗੜ੍ਹ ਗਊ ਸੈੱਸ ਲੱਗਿਆ, ਫਿਰ ਰਾਜਸਥਾਨ ਅਤੇ ਯੂ.ਪੀ. ਵਿੱਚ ਲੱਗਿਆ ਹੈ। ਇਹ ਗਊ ਸੈੱਸ ਸਿਰਫ ਚਾਰ ਸਟੇਟਾਂ ਵਿੱਚ ਹੀ ਲੱਗਿਆ ਹੈ।

**ਸਰਦਾਰ ਨਵਤੇਜ ਸਿੰਘ ਚੀਮਾ(ਬੈਠੇ-ਬੈਠੇ):** ਸਰ, ਟਾਈਮ ਘੱਟ ਰਹਿ ਗਿਆ ਜੀ।

**ਸ਼੍ਰੀ ਸਭਾਪਤੀ:** ਚੀਮਾ ਜੀ, please. I take care.

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਸੰਧੂ ਸਾਹਿਬ ਉੱਠ ਕੇ ਚਲੇ ਗਏ ਹਨ। ਮੈਂ ਵੀ ਸਮਝਦਾ ਹਾਂ ਕਿ ਗਊ ਸੈੱਸ ਦਾ ਪਰਾਪਰ ਆਡਿਟ ਹੋਵੇ। ਜੇਕਰ ਗਊ ਸੈੱਸ ਨੂੰ ਸਹੀ ਜਗ੍ਹਾ ਲਗਾਇਆ ਜਾਵੇ ਤਾਂ ਇਸ ਨਾਲ ਵੀ ਬਹੁਤ ਸਾਰੀ ਪ੍ਰਾਬਲਮ ਹੱਲ ਹੋ ਜਾਵੇਗੀ। ਅਰੋੜਾ ਸਾਹਿਬ ਨੇ ਮੋਡੀਫਿਕੇਸ਼ਨ ਦੀ ਵੀ ਗੱਲ ਕੀਤੀ ਹੈ। ਬਹੁਤੇ ਮੈਂਬਰ ਸਲਾਊਟਰ ਹਾਊਸ ਖੋਲ੍ਹਣ ਦੇ ਹੱਕ ਵਿੱਚ ਨਹੀਂ ਹਨ ਪਰ ਜੋ ਮੋਡੀਫਿਕੇਸ਼ਨ ਦੀ ਗੱਲ ਕੀਤੀ ਗਈ ਹੈ ਮੈਂ ਇਸ ਵਿੱਚ ਐਡੀਸ਼ਨ ਕਰਨਾ ਚਾਹਾਂਗਾ। ਮੈਂ ਪਿਛਲੀ ਵਾਰੀ ਵੀ ਇਹ ਮੁੱਦਾ ਉਠਾਇਆ ਸੀ। ਉਸ ਸਮੇਂ ਮਹਿਕਮਾ ਸਿੱਧੂ ਸਾਹਿਬ (ਸਰਦਾਰ ਬਲਬੀਰ ਸਿੰਘ ਸਿੱਧੂ) ਕੋਲ ਸੀ। ਮੈਂ ਗੱਲ ਕੀਤੀ ਸੀ ਕਿ ਪੰਜਾਬ ਕੋਲ 13 wild life sanctuaries, ਬੀੜਾਂ ਹਨ। ਇਹ ਬੀੜਾਂ ਬੜੀਆਂ ਵੱਡੀਆਂ-ਵੱਡੀਆਂ ਹਨ। ਮੈਂ ਇਹ ਗੱਲ ਉਦੋਂ ਵੀ ਕੀਤੀ ਸੀ। ਠੀਕ ਹੈ, ਸਲਾਟਰ ਹਾਊਸ ਦੀ ਗੱਲ ਛੱਡ ਦਿਓ।ਦੇਸੀ ਗਊਆਂ ਨੂੰ ਗਊਸ਼ਾਲਾਵਾਂ ਵਿੱਚ ਰੱਖ ਲਓ ਅਤੇ ਜੋ ਅਮਰੀਕਨ ਗਾਵਾਂ ਹਨ, ਉਨ੍ਹਾਂ ਨੂੰ ਘੱਟੋ-ਘੱਟ ਜਿਹੜੀਆਂ ਬੀੜਾਂ ਹਨ, ਉਨ੍ਹਾਂ ਦੀ ਜਾਲ ਲਗਾ ਕੇ ਚਾਰ-ਦੀਵਾਰੀ ਕਰਕੇ ਉਨ੍ਹਾਂ ਵਿੱਚ ਤਾਂ ਛੱਡ ਸਕਦੇ ਹਾਂ? ਹੁਣ ਵੀ ਜਿਹੜੀਆਂ ਗਾਵਾਂ ਸੜਕਾਂ ਤੇ ਤੁਰੀਆਂ ਫਿਰਦੀਆਂ ਹਨ, ਉਹ ਕੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ? ਕਿਸੇ ਦਾ ਪੋਸਟਮਾਰਟਮ ਕਰਵਾ ਲਓ, 40-40 ਕਿਲੋ ਲਿਫਾਫੇ ਇੱਕ-ਇੱਕ ਦੇ ਢਿੱਡ ਵਿੱਚੋਂ ਨਿਕਲਦੇ ਹਨ। ਉਹ ਵੀ ਨਕਰ ਭੋਗ ਰਹੀਆਂ ਹਨ ਅਤੇ ਪੰਜਾਬ ਦੇ ਲੋਕ ਵੀ ਉਨਾ ਹੀ ਨਰਕ ਭੋਗ ਰਹੇ ਹਨ। ਪੰਜਾਬ ਦੇ ਲੋਕ ਵੀ ਅਤੇ ਪੰਜਾਬ ਦੇ ਕਿਸਾਨ ਵੀ ਉਨ੍ਹਾਂ ਕਰਕੇ ਦੁਖੀ ਹਨ। ਮੈਂ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਾਂਗਾ ਕਿ ਪਰ ਉਹ ਇੱਥੇ ਮੌਜੂਦ ਨਹੀਂ ਹਨ। ਮੈਨੂੰ ਸਿੱਧੂ ਸਾਹਿਬ ਨੇ ਇੱਕ ਗੱਲ ਕਹੀ ਸੀ, ਉਨ੍ਹਾਂ ਨੇ ਕਿਹਾ ਸੀ ਕਿ ਸਰਕਾਰ ਇਸ ਤੇ ਵਿਚਾਰ ਕਰ ਰਹੀ ਹੈ। ਮੈਂ ਅੱਜ ਵੀ ਕਹਿੰਦਾ ਹਾਂ ਕਿ ਪਟਿਆਲਾ ਦੀ ਬੀੜ ਇੰਨੀ ਵੱਡੀ

Under Print
Not for Legal/Official use

ਹੈ ਕਿ ਸਾਡੇ ਮਾਲਵਾ ਦੇ ਸਾਰੇ ਅਵਾਰਾ ਪਸ਼ੂ ਉਸ ਵਿੱਚ ਆ ਸਕਦੇ ਹਨ। ਸਾਰੇ ਮਾਲਵੇ ਦੇ ਪਸ਼ੂ ਆ ਸਕਦੇ ਹਨ। ਸਰ, ਮੈਂ ਇਸ ਵਿੱਚ ਐਡੀਸ਼ਨ ਕਰਨਾ ਚਾਹਾਂਗਾ, ਸਰਦਾਰ ਬਲਬੀਰ ਸਿੰਘ ਸਿੱਧੂ ਜੀ ਵੀ ਇੱਥੇ ਬੈਠੇ ਹਨ, ਅਵਾਰਾ ਪਸ਼ੂਆਂ ਦੀ ਗੱਲ ਹੋਈ ਹੈ ਪਰੰਤੂ ਇਸ ਦੇ ਨਾਲ-ਨਾਲ ਅਵਾਰਾ ਕੁੱਤਿਆਂ ਦੀ ਵੀ ਇੱਕ ਬੜੀ ਵੱਡੀ ਸਮੱਸਿਆ ਸਾਹਮਣੇ ਆ ਰਹੀ ਹੈ। ਕੱਲ੍ਹ ਵੀ ਸਾਡੇ ਇੱਕ ਮਾਨਯੋਗ ਮੈਂਬਰ ਨੇ ਗੱਲ ਕੀਤੀ ਸੀ ਕਿ ਜਿਹੜੇ ਬੀ.ਜੇ.ਪੀ. ਵਾਲੇ ਸਾਥੀ ਹਨ, ਉਹ ਇਕੱਲੇ ਕੁੱਤਿਆਂ ਦੀ ਗੱਲ ਕਰਦੇ ਹਨ, ਗਊਆਂ ਦੀ ਗੱਲ ਨਹੀਂ ਕਰਦੇ। ਸਰ, ਕੁੱਤਿਆਂ ਦੀ ਵੀ ਇੱਕ ਬੜੀ ਗੰਭੀਰ ਸਮੱਸਿਆ ਹੈ। ਸਾਲ 2014 ਵਿੱਚ 22,000 dog bites ਹੋਈਆਂ ਸਨ, ਸਾਲ 2015 ਵਿੱਚ 39,000, ਸਾਲ 2016 ਵਿੱਚ 54,000, ਸਾਲ 2017 ਵਿੱਚ 1.12 ਲੱਖ ਅਤੇ ਸਾਲ 2018 ਵਿੱਚ 1.13 ਲੱਖ ਹੋਈਆਂ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਲਗਾਤਾਰ ਡਾੱਗ ਬਾਈਟਸ ਵਧਦੀਆਂ ਜਾ ਰਹੀਆਂ ਹਨ। ਮੋਗਾ ਜ਼ਿਲ੍ਹੇ ਦੀ ਇਸੇ ਸਾਲ ਦੀ ਇੱਕ ਖਬਰ ਹੈ ਕਿ ਮੋਗਾ ਜ਼ਿਲ੍ਹੇ ਦੇ ਪਿੰਡ ਵਿੱਚ 7 ਸਾਲ ਦੇ ਬੱਚੇ ਨੂੰ ਅਵਾਰਾ ਕੁੱਤੇ ਖਾ ਗਏ, even ਬੱਚੇ ਦੇ body organs ਤੱਕ ਨੂੰ ਵੀ ਕੁੱਤਿਆਂ ਨੇ ਖਾ ਲਿਆ। ਇਹ ਇੱਕ ਨਹੀਂ ਸਗੋਂ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿੱਥੇ ਬੱਚਿਆਂ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ।

**ਸ਼੍ਰੀ ਸਭਾਪਤੀ:** ਪਲੀਜ਼, ਵਾਈਂਡ ਅੱਪ ਕਰੋ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇਹ ਬੜੀ ਗੰਭੀਰ ਸਮੱਸਿਆ ਹੈ। ਸਾਨੂੰ ਜਿੱਥੇ ਅਵਾਰਾ ਗਊਆਂ ਲਈ ਗਊਸ਼ਾਲਾਵਾਂ ਦੀ ਸਮੱਸਿਆਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ, ਉੱਥੇ ਹੀ ਇਨ੍ਹਾਂ ਅਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਵੀ ਹੱਲ ਕਰਨ ਦੀ ਜ਼ਰੂਰਤ ਹੈ। ਸਿੱਧੂ ਸਾਹਿਬ, ਇੱਕ ਗੱਲ ਮੈਂ Level-III ਹੋਰ ਕਹਿਣੀ ਚਾਹਾਂਗਾ ਕਿ ਜਦੋਂ ਡਾੱਗ ਬਾਈਟ ਹੁੰਦਾ ਹੈ, ਜਿਸ ਨੂੰ severe bite ਕਿਹਾ ਜਾਂਦਾ ਹੈ, ਉਸ ਦਾ ਇੰਜੈਕਸ਼ਨ ਪੰਜਾਬ ਦੇ ਕਿਸੇ ਵੀ ਹਸਪਤਾਲ ਵਿੱਚ ਨਹੀਂ ਹੈ। ਉਸ ਇੰਜੈਕਸ਼ਨ ਨੂੰ ਇਊਮੋਗਲੋਲਿਨ ਕਿਹਾ ਜਾਂਦਾ ਹੈ। ਇਹ ਇੰਜੈਕਸ਼ਨ ਬੜਾ ਮਹਿੰਗਾ ਹੈ। ਜਿਹੜੇ level-I ਅਤੇ level-II bite ਵਾਲੇ ਇੰਜੈਕਸ਼ਨ ਹਨ, ਉਹ ਸਾਡੇ ਕੋਲ ਹਨ ਪਰੰਤੂ ਜਿਹੜਾ level-III ਵਾਲਾ ਇੰਜੈਕਸ਼ਨ ਹੈ, ਇਹ ਮਹਿੰਗਾ ਹੋਣ ਕਾਰਨ ਸਾਡੇ ਪੰਜਾਬ ਦੇ ਕਿਸੇ ਵੀ ਹਸਪਤਾਲ ਵਿੱਚ ਨਹੀਂ ਹੈ। ਸਰ, ਸਾਡੇ ਬਰਨਾਲਾ ਵਿੱਚ ਇੱਕ-ਦੋ ਕੇਸ ਹੋਏ ਹਨ.....

**ਸ਼੍ਰੀ ਸਭਾਪਤੀ:** ਗੁਰਮੀਤ ਮੀਤ ਜੀ, ਬੈਠ ਜਾਓ। ਹਾਂ ਜੀ, ਜੈ ਕ੍ਰਿਸ਼ਨ ਸਿੰਘ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਠੀਕ ਹੈ ਜੀ।

**ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਮੀਤ ਜੀ, ਕਿਰਪਾ ਕਰਕੇ ਇਹ ਤਾਂ ਕਲੀਅਰ ਕਰ ਦਿਓ ਕਿ ਅਮਰੀਕਨ ਗਾਵਾਂ ਨੂੰ ਸਲਾਟਰ ਹਾਊਸ ਭੇਜਣ ਵਾਸਤੇ ਜਾਂ ਢੱਠਿਆਂ ਨੂੰ ਭੇਜਣ ਵਾਸਤੇ ਤੁਹਾਡੀ ਸਹਿਮਤੀ ਹੈ ਜਾਂ ਨਹੀਂ? ਬਾਕੀ ਜੋ ਤੁਸੀਂ ਕਿਹਾ ਹੈ, ਉਹ ਠੀਕ ਕਿਹਾ ਹੈ। ਇਸ ਗੱਲ ਤੇ ਤਾਂ ਕਲੈਰੀਫਿਕੇਸ਼ਨ ਦੇ ਦਿਓ।

Under Print
Not for Legal/Official use

**ਸ਼੍ਰੀ ਸਭਾਪਤੀ:** ਗੁਰਮੀਤ ਮੀਤ ਜੀ, ਬੈਠ ਜਾਓ। ਤੁਹਾਡਾ ਟਾਈਮ ਹੋ ਗਿਆ ਹੈ। ਰਾਜਾ ਜੀ, ਤੁਸੀਂ ਵੀ ਬੈਠ ਜਾਓ। ਹਾਂ ਜੀ, ਜੈ ਕ੍ਰਿਸ਼ਨ ਸਿੰਘ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਚੇਅਰਮੈਨ ਸਾਹਿਬ, ਤੁਹਾਡੀ ਬਹੁਤ-ਬਹੁਤ ਮਿਹਰਬਾਨੀ ਕਿ ਤੁਸੀਂ ਅੱਜ ਮੈਨੂੰ ਪੰਜਾਬ ਦੇ ਬਹੁਤ ਹੀ ਭੱਖਦੇ ਹੋਏ ਅਵਾਰਾ ਪਸ਼ੂਆਂ ਦੇ ਮੁੱਦੇ ਉੱਤੇ ਬੋਲਣ ਦਾ ਸਮਾਂ ਦਿੱਤਾ। ਜਿਸ ਏਰੀਏ ਨੂੰ ਮੈਂ ਬਿਲੌਂਗ ਕਰਦਾ ਹਾਂ, ਉਹ ਕੰਢੀ ਦਾ ਹੇਰੀਆ ਹੈ। ਕੰਢੀ ਦੇ ਏਰੀਏ ਵਿੱਚ ਜਿੱਥੇ ਸਡਕਾਂ ਉੱਪਰ ਅਵਾਰਾ ਪਸ਼ੂ ਮਿਲਦੇ ਹਨ ਉੱਥੇ ਨਾਲ ਹੀ ਸਾਡੇ ਕੁਝ ਪਿੰਡ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਲਗਦੇ ਹਨ। ਮੈਂ ਪੰਜਾਬ ਸਰਕਾਰ ਦਾ, ਮੁੱਖ ਮੰਤਰੀ ਸਾਹਿਬ ਦਾ ਪਿਛਲੇ ਸੈਸ਼ਨ ਵਿੱਚ ਧੰਨਵਾਦ ਵੀ ਕੀਤਾ ਸੀ ਕਿ ਉਨ੍ਹਾਂ ਨੇ ਕੰਢੀ ਦੇ ਕਿਸਾਨਾਂ ਦੇ ਲਈ ਜਾਲ ਦੀ ਰਾਸ਼ੀ ਦਾ ਪ੍ਰਬੰਧ ਕੀਤਾ ਸੀ। ਮੈਂ ਉਸ ਸਮੇਂ ਵੀ ਇੱਕ ਮੁੱਦਾ ਰੱਖਿਆ ਸੀ ਕਿ ਜਾਲ ਦਾ ਪੈਸਾ ਸਿਰਫ ਉਨ੍ਹਾਂ ਕਿਸਾਨਾਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਨੇ, ਚਾਹੇ ਆਪਣੇ ਰਿਸ਼ਤੇਦਾਰ ਤੋਂ ਫੜ ਕੇ, ਚਾਹੇ ਉਧਾਰ ਫੜ ਕੇ ਜਾਲ ਲਗਾ ਲਿਆ, ਉਨ੍ਹਾਂ ਨੂੰ ਹੀ ਜਾਲ ਦੇ ਪੈਸੇ ਮਿਲੇ ਸਨ। ਕੁਝ ਕਿਸਾਨਾਂ ਕੋਲ ਸਿਰਫ ਕੁਝ ਕਨਾਲਾਂ ਜ਼ਮੀਨ ਦੀਆਂ ਹਨ, ਉਨ੍ਹਾਂ ਨੂੰ ਨਾ ਤਾਂ ਕਿਸੇ ਨੇ ਉਧਾਰ ਦਿੱਤਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਕਰਜ਼ਾ ਮਿਲਿਆ। ਉਨ੍ਹਾਂ ਕਿਸਾਨਾਂ ਨੂੰ ਅੱਜ ਵੀ ਜਾਲ ਲੈਣ ਲਈ ਸਰਕਾਰ ਵੱਲੋਂ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਉਸ ਸਮੇਂ ਮੁੱਖ ਮੰਤਰੀ ਸਾਹਿਬ ਜੀ ਨੇ ਵਿਸ਼ਵਾਸ ਵੀ ਦਿੱਤਾ ਸੀ ਜੇਕਰ ਉਨ੍ਹਾਂ ਵਾਸਤੇ ਜਾਲ ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਉਸ ਨਾਲ ਕਿਸਾਨਾਂ ਦਾ ਕਾਫੀ ਫਾਇਦਾ ਹੋ ਸਕਦਾ ਹੈ। ਜਿਹੜੇ ਸਾਡੇ ਬੇਸਹਾਰਾ ਪਸ਼ੂ ਹਨ ਜੇਕਰ ਆਪਾਂ ਉਨ੍ਹਾਂ ਦੀ ਗੱਲ ਕਰੀਏ ਤਾਂ ਆਪਾਂ ਦੇਖਦੇ ਹਾਂ ਕਿ ਲਗਭਗ 20 ਸਾਲ ਪਹਿਲਾਂ ਜਦੋਂ ਦੀ ਸਮੈਕ ਪੰਜਾਬ ਦੀ ਧਰਤੀ ਤੇ ਆਈ ਹੈ ਤਾਂ ਵੱਡੀ ਤਾਦਾਦ ਵਿੱਚ ਨੌਜਵਾਨ ਪੀੜ੍ਹੀ ਇਸ ਵਿੱਚ ਗਲਤਾਨ ਹੋ ਗਈ। ਕੁਝ ਸਮਾਂ ਬਾਅਦ ਦੇਖੀਏ ਤਾਂ ਸਾਲ 2006-07 ਤੋਂ ਬਾਅਦ ਬੇਰੁਜ਼ਗਾਰੀ ਦੇ ਕਾਰਨ ਸਾਡੇ ਕੁਝ ਨੌਜਵਾਨ ਬਾਹਰਲੇ ਦੇਸ਼ਾਂ ਵੱਲ ਚਲੇ ਗਏ। ਫੇਰ ਇੱਥੇ ਕੌਣ ਬਚਿਆ ਹੈ? ਇੱਥੇ ਗੋਲਡੀ ਜੀ ਨੇ ਦੱਸਿਆ ਹੈ ਕਿ ਉਨ੍ਹਾਂ ਦਾ ਦੋਸਤ ਸੜਕ ਹਾਦਸੇ ਵਿੱਚ ਇਸ ਦੁਨੀਆ ਤੋਂ ਰੁਖਸਤ ਹੋ ਗਿਆ। ਸੜਕਾਂ ਤੇ ਵਿੱਚ ਜਦੋਂ ਕਿਸੇ ਬੇਸਹਾਰਾ ਪਸ਼ੂ ਦੇ ਕਾਰਨ ਕਿਸੇ ਦਾ ਐਕਸੀਡੈਂਟ ਹੁੰਦਾ ਹੈ ਤਾਂ ਅਸੀਂ ਸੋਚ ਸਕਦੇ ਹਾਂ ਕਿ ਉਸ ਦੇ ਘਰ-ਪਰਿਵਾਰ ਦੇ ਜੀਆਂ ਉੱਪਰ ਕੀ ਬੀਤਦੀ ਹੈ। ਮੰਨ ਲਓ ਕਿ 3-4 ਭੈਣਾਂ ਦਾ ਇੱਕ ਭਰਾ ਹੈ। ਮਾਂ ਬਾਪ ਬਜ਼ੁਰਗ ਹਨ ਅਤੇ ਕੁੜੀਆਂ ਦਾ ਅੱਗੇ ਵਿਆਹ ਰੱਖਿਆ ਹੋਇਆ ਹੈ। ਜੇਕਰ ਅਜਿਹੇ ਘਰ ਵਿੱਚ ਇੱਕੋ ਇੱਕ ਕਮਾਊ ਹੋਵੇ, ਜਿਸ ਦੀ ਉਮਰ 18-20 ਸਾਲ ਹੋਵੇ ਅਤੇ ਉਹ ਦਿਹਾੜੀ ਕਰਨ ਗਿਆ ਹੈ। ਸ਼ਾਮ ਨੂੰ ਦਿਹਾੜੀ ਕਰਕੇ ਵਾਪਸ ਆਉਂਦਾ ਹੈ ਜਾਂ ਸਵੇਰੇ ਦਿਹਾੜੀ ਕਰਨ ਜਾਂਦਾ ਹੈ ਤੇ ਉਸ ਦਾ ਐਕਸੀਡੈਂਟ ਹੋ ਜਾਂਦਾ ਹੈ ਅਤੇ ਸਾਡੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦਾ ਇੰਨਾ ਪ੍ਰਬੰਧ ਨਹੀਂ ਜਿਸ ਕਾਰਨ ਉਹ ਪੀ.ਜੀ.ਆਈ. ਵਿੱਚ ਲਿਆਉਣਾ ਪੈਂਦਾ ਹੈ। ਰੱਬ ਨਾ ਕਰੇ ਜੇਕਰ ਉਸ ਦੀ ਮੌਤ ਹੋ ਜਾਵੇ ਤਾਂ ਅਸੀਂ ਸਾਰੇ ਮੈਂਬਰ ਆਪਣੇ ਆਪਣੇ ਹਲਕਿਆਂ ਵਿੱਚ ਉਸ ਦੇ ਘਰ ਅਫਸੋਸ ਕਰਨ ਵੀ ਜਾਂਦੇ ਹਾਂ। ਅੱਜ ਪੰਜਾਬ ਦੀਆਂ

Under Print
Not for Legal/Official use

ਸੜਕਾਂ ਉੱਪਰ ਲੱਖਾਂ ਹੀ ਅਮਰੀਕਨ ਗਾਈਆਂ ਅਤੇ ਅਮਰੀਕਨ ਢੱਠੇ ਹਨ। ਮੈਂ ਇਸ ਮਸਲੇ ਤੇ ਪੰਜਾਬ ਸਰਕਾਰ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿਉਂਕਿ ਪਿਛਲੀ ਵਿਧਾਨ ਸਭਾ ਵਿੱਚ ਮੈਂ ਪ੍ਰਸ਼ਨ ਵੀ ਲਗਾਇਆ ਸੀ। ਮੇਨ ਮੁੱਦਾ ਕੀ ਹੈ? ਮੈਂ ਗੁੱਜਰਾਂ ਦਾ ਮੁੰਡਾ ਹਾਂ। ਮੈਨੂੰ ਪਸ਼ੂਆਂ ਬਾਰੇ ਵੱਧ ਪਤਾ ਹੈ। ਮੈਂ ਜਦੋਂ ਤੋਂ ਹੋਸ਼ ਸੰਭਾਲੀ ਹੈ, ਤਿੰਨ-ਚਾਰ ਪੁਸ਼ਤਾਂ ਤੋਂ ਸਾਡੇ ਸਭ ਦੇ ਘਰ ਪਸ਼ੂ ਹਨ ਅਤੇ ਸਾਡੇ ਡੇਅਰੀ ਫਾਰਮ ਹਨ। ਅਸੀਂ ਅੱਜ ਤੱਕ ਇੱਕ ਵੀ ਗਾਂ ਸੜਕ ਤੇ ਨਹੀਂ ਛੱਡੀ ਅਤੇ ਨਾ ਹੀ ਗਊਸ਼ਾਲਾ ਦੇ ਕੇ ਆਏ ਹਾਂ। ਅੱਜ ਉਹ ਗੱਲ ਸੰਭਵ ਹੈ ਜਿਹੜੀ ਪਿੱਛਿਓਂ ਆਵਾਜ਼ ਆਈ ਸੀ ਕਿ ਟੀਕਾ ਲੱਗ ਜਾਂਦਾ ਹੈ ਜਿਸ ਨਾਲ ਗਾਰੰਟਡ ਵੱਛੀ ਹੀ ਪੈਦਾ ਹੁੰਦੀ ਹੈ। ਮੈਂ ਸਰਕਾਰ ਦਾ ਧੰਨਵਾਦ ਤਾਂ ਕੀਤਾ ਸੀ ਕਿਉਂਕਿ ਉਸ ਟੀਕੇ ਦਾ ਰੇਟ ਪਹਿਲਾਂ 700/-, 800/- ਰੁਪਿਆ ਸੀ ਅਤੇ ਹੁਣ ਸਰਕਾਰ ਨੇ ਘਟਾ ਕੇ 300/- ਰੁਪਿਆ ਕਰ ਦਿੱਤਾ ਹੈ। ਮੇਰੀ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਉਸ ਟੀਕੇ ਦਾ ਰਿਜ਼ਲਟ, ਜਿਸ ਦੇ ਨਾਲ ਪੱਕਾ ਵੱਛੀ ਹੀ ਪੈਦਾ ਹੁੰਦੀ ਹੈ, ਉਹ ਕਿਸਾਨਾਂ ਨੂੰ ਬਿਲਕੁਲ ਫਰੀ ਦਿੱਤਾ ਜਾਵੇ ਕਿਉਂਕਿ ਅਸੀਂ ਹੋਰ ਟੀਕੇ ਵੀ ਫਰੀ ਦਿੰਦੇ ਹਾਂ। ਜੇਕਰ ਉਹ ਗਾਰੰਟਡ ਵੱਛੀ ਵਾਲਾ ਟੀਕਾ ਫਰੀ ਦੇ ਦਿੱਤਾ ਜਾਵੇ ਤਾਂ ਘਰਾਂ ਦੇ ਵਿੱਚ ਫਿਰ ਵੱਛੀਆਂ ਹੀ ਹੋਣਗੀਆਂ, ਵੱਛੇ ਨਹੀਂ ਹੋਣਗੇ। ਪਿੱਛੋਂ ਇਹ ਆਵਾਜ਼ ਵੀ ਆਈ ਸੀ ਕਿ ਜੇਕਰ ਵੱਛਾ ਪੈਦਾ ਹੋ ਗਿਆ ਤਾਂ ਉਸ ਦਾ ਕੀ ਕਰਾਂਗੇ? ਜੇਕਰ ਮੰਨ ਲਓ ਸੜਕਾਂ ਉੱਤੇ ਲੱਖਾਂ ਹੀ ਪਸ਼ੂ ਹਨ ਅਤੇ ਉਨ੍ਹਾਂ ਵਿੱਚੋਂ 50 ਹਜ਼ਾਰ ਢੱਠੇ ਹਨ ਤਾਂ 50 ਹਜ਼ਾਰ ਆਪਣੇ ਆਪ ਹੀ ਘੱਟ ਜਾਵੇਗਾ।

ਇਸ ਤੋਂ ਬਾਅਦ ਅਸੀਂ ਪੰਜਾਬ ਦੀਆਂ ਸੜਕਾਂ ਦੀ ਗੱਲ ਕਰਦੇ ਹਾਂ ਕਿ ਪੰਜਾਬ ਦੀਆਂ ਜਿੰਨੀਆਂ ਵੀ ਸੜਕਾਂ ਹਨ ਉਹ ਲਗਭਗ 70-80% ਸੜਕਾਂ ਟੋਲ ਪਲਾਜ਼ੇ ਵਾਲੀਆਂ ਹਨ। ਅਸੀਂ ਭਾਵੇਂ ਸੜਕ ਦੇ ਉੱਤੇ ਘੱਟ ਚੱਲੀਏ ਚਾਹੇ ਵੱਧ ਕਿਲੋਮੀਟਰ ਚੱਲੀਏ ਪਰ ਅਸੀਂ ਇਨ੍ਹਾਂ ਟੋਲ ਪਲਾਜ਼ਾ ਕੰਪਨੀਆਂ ਨੂੰ ਪੇਮੈਂਟ ਕਰਦੇ ਹਾਂ। ਹੁਣ ਤਾਂ ਫਾਸਟੈਗ ਵੀ ਆ ਗਿਆ ਹੈ, ਜੇਕਰ ਉਹ ਨਹੀਂ ਲੱਗਿਆ ਤਾਂ ਡਬਲ ਪੇਮੈਂਟ ਲਈ ਜਾਂਦੀ ਹੈ। ਇਨ੍ਹਾਂ ਕੰਪਨੀਆਂ ਨੂੰ ਕਿਉਂ ਨਹੀਂ ਕਿਹਾ ਜਾਂਦਾ ਕਿ ਸਾਰੀਆਂ ਗੱਡੀਆਂ 100 ਕਿ.ਮੀ. ਦੀ ਸਪੀਡ ਤੇ ਚਲਦੀਆਂ ਹਨ ਜੇਕਰ ਕੋਈ ਪਸ਼ੂ ਮੂਹਰੇ ਆ ਜਾਵੇ ਤਾਂ ਇਸ ਦਾ ਕੋਈ ਹੱਲ ਕਿਉਂ ਨਹੀਂ ਹੈ? ਕਿਉਂ ਨਹੀਂ ਇਹ ਕੰਪਨੀਆਂ ਸੜਕਾਂ ਦੀਆਂ ਸਾਈਡਾਂ ਨੂੰ ਕਵਰ ਕਰਦੀਆਂ, ਫੈਂਸਿੰਗ ਲਾਈਨਾਂ ਲਗਾਉਂਦੀਆਂ? ਇਸ ਨਾਲ ਕੋਈ ਪਸ਼ੂ ਸੜਕ ਦੇ ਆਵੇਗਾ ਹੀ ਨਹੀਂ।(ਥੰਪਿੰਗ) ਐਕਸੀਡੈਂਟ ਹੀ ਨਹੀਂ ਹੋਣਗੇ। ਕੋਈ ਪਸ਼ੂ ਸੜਕ ਤੇ ਨਾ ਜਾਵੇ ਇਸ ਵਾਸਤੇ ਉਨ੍ਹਾਂ ਟੋਲ ਕੰਪਨੀਆਂ ਨੂੰ ਉੱਥੇ ਪੈਟਰੋਲਿੰਗ ਕਰਨੀ ਚਾਹੀਦੀ ਹੈ। ਜਿਵੇਂ ਪਹਿਲਾਂ ਮੰਤਰੀ ਸਾਹਿਬ ਨੇ ਵੀ ਕਿਹਾ ਹੈ ਕਿ 22 ਜ਼ਿਲ੍ਹਿਆਂ ਵਿੱਚੋਂ 20 ਜ਼ਿਲ੍ਹਿਆਂ ਵਿੱਚ ਸਾਡੀਆਂ ਸਰਕਾਰੀ ਗਊਸ਼ਾਲਾਵਾਂ ਹਨ। ਉਨ੍ਹਾਂ ਟੋਲ ਕੰਪਨੀਆਂ ਦੀ ਜ਼ਿੰਮੇਵਾਰੀ ਹੋਵੇ ਕਿ ਉਨ੍ਹਾਂ ਪਸ਼ੂਆਂ ਨੂੰ ਉਸ ਸੜਕ ਤੋਂ ਫੜ ਕੇ ਸਰਕਾਰੀ ਗਊਸ਼ਾਲਾਵਾਂ ਵਿੱਚ ਛੱਡ ਕੇ ਆਉਣ। ਸਰ, ਜਿਹੜਾ ਅਸੀਂ ਕਹਿੰਦੇ ਹਾਂ ਕਿ ਜਿੱਥੇ ਟੋਲ ਪਲਾਜ਼ਾ ਵਾਲੇ ਰੋਡ ਨਹੀਂ ਹਨ, ਉੱਥੇ ਵੀ ਪਸ਼ੂ ਆ ਜਾਂਦੇ ਹਨ। ਇਸ ਦੇ ਲਈ ਵੀ ਬੜਾ ਪੱਕਾ ਹੱਲ ਹੈ ਕਿਉਂਕਿ ਮੈਂ

Under Print
Not for Legal/Official use

ਪਸ਼ੂਆਂ ਦਾ ਸ਼ੌਕੀਨ ਹਾਂ। ਜਦੋਂ ਕਿਸੇ ਵੀ ਘਰ ਜਾਂਦਾ ਹਾਂ ਤਾਂ ਕੁਦਰਤੀ ਹੀ ਨਿਗ੍ਹਾ ਪਸ਼ੂਆਂ ਵੱਲ ਚਲੀ ਜਾਂਦੀ ਹੈ। ਮੈਂ ਸੜਕਾਂ ਉੱਪਰ ਢੱਠਿਆਂ ਨੂੰ ਆਮ ਘੁੰਮਦੇ ਵੇਖਦਾ ਹਾਂ ਪਰ ਮੈਂ ਉਹ ਹਾਲ ਨਾ ਸਾਡੇ ਗੜ੍ਹਸ਼ੰਕਰ ਵਿੱਚ ਦੇਖਿਆ ਹੈ ਤੇ ਨਾ ਹੀ ਕਿਸੇ ਗਊਸ਼ਾਲਾ ਵਿੱਚ ਦੇਖਿਆ ਹੈ। ਮੇਰਾ ਘਰ ਖਾਲਸਾ ਕਾਲਜ, ਗੜ੍ਹਸ਼ੰਕਰ ਦੇ ਬਿਲਕੁਲ ਸਾਹਮਣੇ ਹੈ। ਮੇਰੇ ਘਰ ਦੇ ਅੱਗੇ ਬਹੁਤ ਸਾਰੀ ਖਾਲੀ ਜਗ੍ਹਾ ਹੈ। ਅਸੀਂ ਪਹਿਲਾਂ ਵੀ ਕਹਿੰਦੇ ਹਾਂ ਕਿ ਸਾਡੇ ਦੁਆਬੇ ਨਾਲ ਧੱਕਾ ਹੁੰਦਾ ਹੈ। ਰਾਤ ਨੂੰ ਕੀ ਹੁੰਦਾ ਹੈ ਕਿ ਮਾਲਵੇ ਤੋਂ ਬਹੁਤ ਸਾਰੇ ਟਰੱਕ ਪਸ਼ੂਆਂ ਦੇ ਭਰ ਕੇ ਆਉਂਦੇ ਹਨ ਤੇ ਉਨ੍ਹਾਂ ਨੂੰ ਉੱਥੇ ਲਾਹ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਅਸੀਂ ਮਿਊਂਸਪਲ ਕਮੇਟੀ ਨੂੰ ਫੋਨ ਕਰਦੇ ਹਾਂ ਤੇ ਉਹ ਵੀਰ ਡੰਡਾ ਲੈ ਕੇ ਆ ਜਾਂਦੇ ਹਨ ਤੇ ਕਹਿੰਦੇ ਹਨ ਕਿ ਇਨ੍ਹਾਂ ਨੂੰ ਅਸੀਂ ਅੱਗੇ ਕੱਢ ਦਿੰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਨੂੰ ਅੱਗੇ ਕਿੱਥੇ ਕੱਢਣਾ ਹੈ? ਮੇਰੀ ਬੇਨਤੀ ਹੈ ਕਿ ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਸ਼ੂਆਂ ਦੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ, ਟੈਗ ਲੱਗ ਜਾਣੇ ਚਾਹੀਦੇ ਹਨ ਜਾਂ ਜੀ.ਪੀ.ਐਸ. ਲੱਗ ਜਾਂਦਾ ਹੈ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਪਸ਼ੂ ਕਿੱਥੇ ਹੈ? ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਪਸ਼ੂ ਖਰੀਦ ਅਤੇ ਵੇਚ ਦੇ ਸਰਟੀਫਿਕੇਟ ਜਾਰੀ ਹੋਣੇ ਚਾਹੀਦੇ ਹਨ, ਇਹ ਬਿਲਕੁਲ ਹੀ ਪਾਸੀਬਲ ਨਹੀਂ ਹੈ ਕਿਉਂਕਿ ਇੱਕ ਪਸ਼ੂ ਇੱਕ ਦਿਨ ਵਿੱਚ ਕਈ ਵਾਰ 10-10 ਵਾਰ ਅੱਗੇ ਵਿਕ ਜਾਂਦਾ ਹੈ। ਮੇਰੀ ਸਰਕਾਰ ਨੂੰ ਸਿਰਫ ਇੰਨੀ ਹੀ ਬੇਨਤੀ ਹੈ ਕਿ ਟੋਲ ਪਲਾਜ਼ਾ ਕੰਪਨੀਆਂ ਨੂੰ ਮਜਬੂਰ ਕੀਤਾ ਜਾਵੇ ਅਤੇ ਉਨ੍ਹਾਂ ਤੋਂ ਲਿਖਤੀ ਬਿਆਨ ਲਿਆ ਜਾਵੇ ਕਿ ਅਗਰ ਸੜਕ ਉੱਪਰ ਇੱਕ ਵੀ ਪਸ਼ੂ ਜਾਂ ਹੋਰ ਜਾਨਵਰ ਆਉਂਦਾ ਹੈ ਤਾਂ ਉਹ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਇਸ ਤੋਂ ਇਲਾਵਾ ਕਿਸਾਨਾਂ ਨੂੰ ਉਹ ਟੀਕਾ ਦਿੱਤਾ ਜਾਵੇ, ਜਿਸ ਨਾਲ ਗਰੰਟਿਡ ਵੱਛੀ ਪੈਦਾ ਹੁੰਦੀ ਹੈ। ਚੇਅਰਮੈਨ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਅਸੀਂ ਪਸ਼ੂ ਛੱਡਦੇ ਕਿਉਂ ਹਾਂ? ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜਿਹੜੀ ਗਾਂ ਇੱਕ ਵਾਰ ਸੂਅ ਪਈ, ਉਹ ਅੱਗੇ ਸੂਏ ਪੈਂਦੀ ਰਹਿੰਦੀ ਹੈ ਪਰ ਜਿਹੜੀ ਵੱਛੀ ਇੱਕ ਵਾਰ ਖਰਾਬ ਹੋ ਗਈ, ਉਹ ਦੁਬਾਰਾ ਨਵੇਂ ਦੁੱਧ ਨਹੀਂ ਹੁੰਦੀ। ਅਗਲੀ ਗੱਲ, ਜੇਕਰ ਗਾਂ ਦੇ ਥਣ ਖਰਾਬ ਹੋ ਜਾਣ ਤਾਂ...(ਵਿਘਨ)

**ਸਰਦਾਰ ਕੁਲਬੀਰ ਸਿੰਘ :** ਸਰ, ਪੁਆਇੰਟ ਆਫ ਆਰਡਰ। ਚੇਅਰਮੈਨ ਸਾਹਿਬ, ਰੋੜੀ ਸਾਹਿਬ ਜੀ ਨੇ ਦੱਸਿਆ ਕਿ ਉਹ ਗੁੱਜਰ ਪਰਿਵਾਰ ਵਿੱਚੋਂ ਹਨ। ਮੈਨੂੰ ਚੰਗਾ ਲੱਗਿਆ ਅਤੇ ਲੱਗਿਆ ਕਿ ਇਹ ਕੋਈ ਚੰਗੀ ਗੱਲ ਕਰਨਗੇ ਪਰ ਮੈਨੂੰ ਇਹ ਸਮਝ ਨਹੀਂ ਲੱਗੀ ਕਿ ਤੁਸੀਂ ਵਾਰ-ਵਾਰ ਟੀਕੇ ਦੀ ਗੱਲ ਕਿਉਂ ਕਰਦੇ ਹੋ। ਪਹਿਲਾਂ ਤੁਸੀਂ ਕਹਿੰਦੇ ਸੀ ਕਿ ਸਲਾਟਰ ਹਾਊਸ ਖੋਲ੍ਹੋ, ਹੁਣ ਤੁਸੀਂ ਕਹਿੰਦੇ ਹੋ ਕਿ ਟੀਕੇ ਸਾਨੂੰ 50 ਰੁਪਏ ਵਿੱਚ ਦੇ ਦਿਓ। ਤੁਸੀਂ 600/- ਰੁਪਏ ਤੋਂ 300/- ਰੁਪਏ ਤੇ ਆ ਗਏ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੈਂ ਸਰਕਾਰ ਦਾ ਧੰਨਵਾਦ ਕੀਤਾ ਹੈ ਕਿ ਰੇਟ 600/- ਰੁਪਏ ਤੋਂ 300/- ਰੁਪਏ ਤੇ ਲੈ ਕੇ ਆਏ ਹਨ।

Under Print
Not for Legal/Official use

**ਸਰਦਾਰ ਕੁਲਬੀਰ ਸਿੰਘ:** ਰੋੜੀ ਸਾਹਿਬ, ਮੈਂ ਤੁਹਾਨੂੰ ਸੁਣਿਆ ਹੈ,ਤੁਸੀਂ ਮੈਨੂੰ ਵੀ ਸੁਣੋ। ਤੁਸੀਂ ਕਿਹਾ ਹੈ ਕਿ ਇਹ ਟੀਕਾ ਫਰੀ ਦੇ ਦਿਓ। ਮੈਨੂੰ ਇਹ ਸਮਝ ਨਹੀਂ ਲੱਗੀ ਕਿ ਆਮ ਆਦਮੀ ਪਾਰਟੀ ਦੀ ਸੋਚ ਕਿਹੋ ਜਿਹੀ ਹੈ। ਪਹਿਲਾਂ ਕਹਿੰਦੇ ਸੀ ਕਿ ਸਲਾਟਰ ਹਾਊਸ ਖੋਲ੍ਹਣ ਦੀ ਪਰਮਿਸ਼ਨ ਦੇ ਦਿਓ, ਹੁਣ ਕਹਿੰਦੇ ਹਨ ਕਿ ਟੀਕਾ ਦੇ ਦਿਓ। ਇਹ ਗੱਲ ਕਹਿੰਦੇ ਹਨ ਕਿ ਜਿਸ ਨਾਲ ਵੱਛੀ ਜਨਮ ਲਿਆ ਕਰੇ, ਉਹ ਟੀਕਾ ਦੇ ਦਿਓ। ਅਸੀਂ ਕਹਿੰਦੇ ਹਾਂ ਕਿ ਭਰੂਣ ਹੱਤਿਆ ਬੰਦ ਹੋਣੀ ਚਾਹੀਦੀ ਹੈ। ਕੱਲ੍ਹ ਨੂੰ ਇਹ ਮੰਗ ਰੱਖ ਦੇਣਗੇ ਕਿ ਅਜਿਹਾ ** **

**ਸ਼੍ਰੀ ਸਭਾਪਤੀ :** ਜ਼ੀਰਾ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੈਂ ਜ਼ੀਰਾ ਸਾਹਿਬ ਦਾ ਧੰਨਵਾਦ ਕਰਦਾ ਹਾਂ। ਜਦੋਂ ਇਨ੍ਹਾਂ ਨੇ ਕਿਹਾ ਕਿ ਮੈਨੂੰ ਬੋਲਣ ਦਿਓ, ਮੈਨੂੰ ਲੱਗਿਆ ਕਿ ਇਹ ਸਮਝਦਾਰੀ ਵਾਲੀ ਗੱਲ ਕਰਨਗੇ ਪਰ ਮੈਨੂੰ ਨਹੀਂ ਪਤਾ ਸੀ ਕਿ ਇਹ ਇਸ ਪਵਿੱਤਰ ਸਦਨ ਅੰਦਰ ਇਸ ਤਰ੍ਹਾਂ ਦੀ ** ** ਗੱਲ ਕਰਨਗੇ।

**ਸ਼੍ਰੀ ਸਭਾਪਤੀ :** ** ** ਐਕਸਪੰਜ ਕਰ ਦਿਓ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੈਨੂੰ ਮੇਰੀ ਗੱਲ ਪੂਰੀ ਹੋ ਲੈਣ ਦਿਉ। ਮੈਂ ਤਾਂ ਸਿਰਫ ਤੇ ਸਿਰਫ ਇੰਨੀ ਹੀ ਬੇਨਤੀ ਕੀਤੀ ਹੈ... (ਵਿਘਨ) ਭੈਣ ਜੀ, ਮੈਨੂੰ ਗੱਲ ਕਰ ਲੈਣ ਦਿਉ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਇੱਕ ਮਿੰਟ ਜੀ। ਚੇਅਰਮੈਨ ਸਾਹਿਬ, ਇਕੋ ਹੀ ਬੇਨਤੀ ਹੈ ਕਿ ਕਈ ਗੱਲਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਸਾਨੂੰ ਸਾਰਿਆਂ ਨੂੰ ਸਮਝ ਆਉਂਦੀਆਂ ਹਨ ਪਰ ਚੰਗੀਆਂ ਨਹੀਂ ਲੱਗਦੀਆਂ, ਲੇਡੀਜ਼ ਵੀ ਬੈਠੀਆਂ ਹੁੰਦੀਆਂ ਹਨ। ਤੁਸੀਂ ਆਪਣੇ ਮੈਂਬਰ ਸਾਹਿਬਾਨ ਨੂੰ ਕਹੋ ਕਿ ਹਾਊਸ ਦੀ ਮਰਿਆਦਾ ਦੇ ਹਿਸਾਬ ਨਾਲ ਇਹੋ ਜਿਹੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ, ਮਜ਼ਾਕ ਦੀਆਂ ਅਲੱਗ ਹੁੰਦੀਆਂ ਹਨ, ਦੂਸਰੀਆਂ ਗੱਲਾਂ ਅਲੱਗ ਹੁੰਦੀਆਂ ਹਨ।

**ਸ਼੍ਰੀ ਸਭਾਪਤੀ:** ਧੰਨਵਾਦ ਜੀ। ਤੁਹਾਡਾ ਸੁਝਾਅ ਆ ਗਿਆ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮੈਂ ਉਨ੍ਹਾਂ ਨੂੰ ਕਹਿ ਦਿੱਤਾ ਹੈ ਕਿ ਜਿੰਨੇ ਸਮਝਦਾਰ ਦਿਖਦੇ ਹਨ, ਉਸ ਤਰ੍ਹਾਂ ..

**ਸ਼੍ਰੀ ਸਭਾਪਤੀ:** ਪਲੀਜ਼, ਤੁਸੀਂ ਕਾਂਟੀਨਿਊ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੈਂ ਕਨਕਲੂਡ ਕਰਨ ਲੱਗਿਆ ਹਾਂ। ਮੇਰੀ ਇਕ ਬੇਨਤੀ ਹੈ ਕਿ ਜੇਕਰ ਵੱਛੀਆਂ ਹੀ ਪੈਦਾ ਹੋਣ ਤਾਂ ਵੱਛੇ ਪਹਿਲਾਂ ਹੀ ਖਤਮ ਹੋ ਜਾਣਗੇ ਅਤੇ ਉਹ ਸੜਕਾਂ ਉਪਰ ਨਹੀਂ ਆਉਣਗੇ। ਦੂਜੀ ਗੱਲ, ਅੱਜ ਸਰਕਾਰ ਮੈਨੂੰ ਦੱਸੇ ਕਿ ਸਰਕਾਰੀ ਪਸ਼ੂਆਂ ਦੇ ਜਿਹੜੇ ਹਸਪਤਾਲ ਹਨ ਕੀ ਉਨ੍ਹਾਂ ਹਸਪਤਾਲਾਂ ਵਿਚ ਡਾਕਟਰ ਪੂਰੇ ਹਨ? ਜ਼ਿਆਦਾਤਰ ਗਾਵਾਂ ਉਹ ਛੱਡੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਥਣ

** Expunged as ordered by the Chair.
** Expunged as ordered by the Chair.

Under Print
Not for Legal/Official use

ਖਰਾਬ ਹੋ ਜਾਂਦੇ ਹਨ। ਉਨ੍ਹਾਂ ਡਾਕਟਰਾਂ ਦੁਆਰਾ ਕਿਸਾਨਾਂ ਨੂੰ ਦੱਸਿਆ ਜਾ ਸਕਦਾ ਹੈ ਕਿ ਜੇਕਰ ਪਸ਼ੂਆਂ ਦਾ ਸਹੀ ਸਮੇਂ ਉਤੇ ਇਲਾਜ ਹੋਵੇ ਤਾਂ ਉਨ੍ਹਾਂ ਦੇ ਥਣ ਖਰਾਬ ਨਹੀਂ ਹੋਣਗੇ। ਕਿਸਾਨਾਂ ਨੂੰ ਦੱਸਿਆ ਜਾਵੇ ਕਿ ਜੇਕਰ Virbac Chelated Agrimin Forte 50 ਗਰਾਮ ਰੋਜ਼ ਗਾਂ ਨੂੰ ਦਿੱਤਾ ਜਾਵੇ ਤਾਂ ਗਾਂ ਜ਼ਿੰਦਗੀ ਵਿਚ ਕਦੇ ਖਰਾਬ ਨਹੀਂ ਹੁੰਦੀ।

**ਸ਼੍ਰੀ ਸਭਾਪਤੀ:** ਢਿੱਲੋਂ ਸਾਹਿਬ, ਐਮ.ਐਲ.ਏ. ਮੁਕਤਸਰ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੈਨੂੰ ਧੰਨਵਾਦ ਤਾਂ ਕਰ ਲੈਣ ਦਿਉ ਜੀ। ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਔਰ ਜਿਨ੍ਹਾਂ ਨੇ ਇਸ ਦਾ ਮਜ਼ਾਕ ਉਡਾਇਆ ਹੈ, ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕਦੇ ਵੀ ਉਨ੍ਹਾਂ ਦੀ ਗੱਡੀ ਅੱਗੇ ਗਾਂ ਨਾ ਆਵੇ।ਧੰਨਵਾਦ।

**ਸ਼੍ਰੀ ਸਭਾਪਤੀ:** ਧੰਨਵਾਦ ਜੀ। ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ ਜੀ ਦਾ ਮਾਈਕ ਆਨ ਕੀਤਾ ਜਾਵੇ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ):** ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ..(ਵਿਘਨ,ਸ਼ੋਰ)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਚੇਅਰਮੈਨ ਸਾਹਿਬ, ਸਾਡੀ ਪਾਰਟੀ ਨੂੰ ਵੀ ਟਾਈਮ ਦਿਉ।

**ਸ਼੍ਰੀ ਸਭਾਪਤੀ:** ਦੇ ਰਹੇ ਹਾਂ ਜੀ। ਢਿੱਲੋਂ ਸਾਹਿਬ, ਤੁਸੀਂ ਬਹੁਤ ਰਿਸਪੈਕਟਿਡ ਹੋ, ਤੁਹਾਡਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ।

**ਸਲਾਹਕਾਰ/ਮੁੱਖ ਮੰਤਰੀ:** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ। ਜਦੋਂ ਮੈਂ ਮਤਾ ਪੜਿਆ ਤਾਂ ਮੈਨੂੰ ਇਸ ਗੱਲ ਦੀ ਖੁਸ਼ੀ ਹੋਈ ਕਿ ਮੇਰੇ ਦੋਸਤ, ਆਮ ਆਦਮੀ ਪਾਰਟੀ ਵਾਲੇ ਮੇਰੇ ਸਾਥੀਆਂ ਨੇ ਇੱਕ ਗੰਭੀਰ ਮਤਾ ਲਿਆਂਦਾ ਹੈ ਜਿਸ ਦੀ ਆਉਣ ਵਾਲੇ ਸਮੇਂ ਵਿੱਚ, ਅੱਜ ਤਾਂ ਮੁਸ਼ਕਲ ਹੈ ਪਰ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵੱਡੀ ਮੁਸ਼ਕਲ ਬਣੇਗੀ ਜਿਹੜੀ ਦਾ ਆਪਾਂ ਸਾਰਿਆਂ ਨੂੰ ਰਲ-ਮਿਲ ਕੇ, ਬੈਠ ਕੇ ਇਕ ਦੂਜੇ ਨਾਲ ਸਿਰ ਜੋੜ ਕੇ ਹੱਲ ਕੱਢਣਾ ਪਵੇਗਾ ਪਰ ਜਦੋਂ ਪੂਰਾ ਮਤਾ ਧਿਆਨ ਨਾਲ ਪੜਿਆ ਤਾਂ ਮੈਨੂੰ ਅਫਸੋਸ ਵੀ ਹੋਇਆ । ਵੈਸੇ ਤਾਂ ਆਪਾਂ 117 ਜਿਹੜੇ ਹਾਂ, ਅਸੀਂ ਬੜੇ ਪਰਾਊਡਲੀ ਕਹਿੰਦੇ ਹਾਂ ਕਿ ਅਸੀਂ ਲਾਅ ਮੇਕਰ ਹਾਂ ਪਰ ਮੈਂ ਨਾਲ ਹੀ ਇੱਕ ਆਪਣੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਪਾਰਟੀ ਦੇ ਇਹ ਜਿਹੜੇ ਜ਼ਿੰਮੇਵਾਰ ਸੱਜਣ ਹਨ, ਲੋਕਾਂ ਨੇ ਇਨ੍ਹਾਂ ਨੂੰ ਆਪੋਜ਼ੀਸ਼ਨ ਦਾ ਰੋਲ ਨਿਭਾਉਣ ਵਾਸਤੇ ਇਥੇ ਭੇਜਿਆ ਹੈ, ਜਦੋਂ ਲਾਅ ਮੇਕਰ ਕੋਈ ਵੀ ਚੀਜ਼ ਪਰਪੋਜ਼ ਕਰਦਾ ਹੈ, ਉਸ ਨੂੰ ਸੂਬੇ ਦੇ ਹਾਲਾਤਾਂ ਬਾਰੇ, ਸੂਬੇ ਦੇ ਲੋਕਾਂ ਦੇ ਜ਼ਜ਼ਬੇ ਬਾਰੇ, ਸੂਬੇ ਦੀ ਸੋਸ਼ਲ ਪ੍ਰਾਬਲਮ ਬਾਰੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਗੱਲ ਕਹਿ ਦੇਣ ਜਾਂ ਲਿਖ ਦੇਣ ਨਾਲ ਗੱਲ ਮੁੱਕ ਨਹੀਂ ਜਾਂਦੀ ਕਿਉਂਕਿ ਇੱਕ ਵਾਰੀ ਮੂੰਹ ਵਿਚੋਂ ਨਿਕਲੀ ਗੱਲ ਮੁੜ ਕੇ ਮੂੰਹ ਵਿਚ ਨਹੀਂ ਪੈਂਦੀ। ਕਈ ਗੱਲਾਂ ਇੰਨੀ

ਦੂਰ ਤੱਕ ਜਾਂਦੀਆਂ ਹਨ ਅਤੇ ਅਸੀਂ ਸਾਰੇ ਜ਼ਿੰਮੇਵਾਰ ਸੱਜਣ ਹਨ ਤੇ ਸਾਡਾ ਇਹ ਦੇਖਣਾ ਫਰਜ਼ ਹੈ ਕਿ ਉਸ ਗੱਲ ਦਾ ਅਸਰ ਤੇ ਰੀਪਰਕਸ਼ਨ ਕੀ ਹੋਵੇਗਾ। ਸੋ, ਮੈਂ ਅਫਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਜ਼ਿੰਮੇਵਾਰ ਸੱਜਣ ਹਨ ਅਤੇ ਜਿਹੜਾ ਇਨ੍ਹਾਂ ਨੇ ਮਤਾ ਲਿਆਦਾ ਹੈ, ਇਹ ਮਤਾ ਮੌਕੇ ਦੇ ਹਾਲਾਤ ਅਤੇ ਲੋੜ ਦੇ ਮੁਤਾਬਿਕ ਹੈ ਪਰ ਜਿਹੜਾ ਇਨ੍ਹਾਂ ਨੇ ਉਸ ਵਿੱਚ ਹੱਲ ਦੱਸਿਆ ਹੈ ਉਹ ਮੈਂ ਸਮਝਦਾ ਹਾਂ ਕਿ ਜਾਂ ਤਾਂ ਇਨ੍ਹਾਂ ਨੇ ਸੋਚਿਆ ਨਹੀਂ ਜਾਂ ਸਮਝਿਆ ਨਹੀਂ ਕਿਉਂਕਿ ਇਹੋ ਜਿਹਾ ਹੱਲ, ਇਹ ਬਹੁਤ ਵੱਡੀ ਸੋਸ਼ਲ ਪ੍ਰਾਬਲਮ ਹੈ। ਆਪਾਂ ਉਸ ਦੇਸ਼ ਵਿਚ ਰਹਿੰਦੇ ਹਾਂ ਜਿਥੇ ਬੜੇ ਧਰਮ ਹਨ, ਜਿਸ ਦੇਸ਼ ਵਿੱਚ ਬਹੁਤ ਬੋਲੀਆਂ ਹਨ, ਹਰੇਕ ਸੂਬੇ ਦੀਆਂ ਆਪਦੀਆਂ ਰਵਾਇਤਾਂ ਹਨ, ਹਰੇਕ ਸੂਬੇ ਦੀਆਂ ਆਪਣੀਆਂ ਰਸਮਾਂ ਹਨ, ਹਰੇਕ ਧਰਮ ਦੀ ਆਪਣੀ ਆਪਦੀ ਬਿਲੀਫ ਹੈ ਅਤੇ ਮੈਂ ਸਮਝਦਾ ਹਾਂ ਕਿ as a ਜ਼ਿੰਮੇਵਾਰ ਪਾਰਟੀ ਅਤੇ as a law maker ਸਾਨੂੰ ਇਸ ਗੱਲ ਦਾ ਧਿਆਨ ਜ਼ਰੂਰ ਹੋਣਾ ਚਾਹੀਦਾ ਹੈ ਕਿ ਕਿਸੇ ਦੇ sentiments hurt ਤਾਂ ਨਹੀਂ ਹੋ ਰਹੇ। ਦੂਜੀ ਗੱਲ, ਚੇਅਰਮੈਨ ਸਾਹਿਬ, ਮੁਸ਼ਕਿਲ ਬੜੀ ਵੱਡੀ ਹੈ ਅਤੇ ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ। ਅਸਲ ਮੁੱਦਾ ਇਹ ਹੈ ਕਿ ਹਿੰਦੁਸਤਾਨ ਵਿੱਚ animal welfare ਦੇ ਨਾਂ ਤੇ NGOs ਨੂੰ ਅਰਬਾਂ ਰੁਪਿਆ ਹਰੇਕ ਸਾਲ ਬਾਹਰੋਂ ਫੰਡ ਆਉਂਦਾ ਹੈ ਅਤੇ ਸਭ ਤੋਂ ਵੱਡੀ NGO, ਮੇਰੇ ਸਾਥੀ (ਬੀ.ਜੇ.ਪੀ.ਬੈਂਚਿਜ਼ ਵੱਲ ਇਸ਼ਾਰਾ) ਸਾਮ੍ਹਣੇ ਬੈਠੇ ਹਨ, ਮੈਡਮ ਮੇਨਕਾ ਗਾਂਧੀ ਜੀ run ਕਰਦੇ ਹਨ। ਮੈਂ ਕਹਿਣਾ ਨਹੀਂ ਚਾਹੁੰਦਾ, ਆਪ ਹੀ ਆਨਲਾਈਨ ਜਾ ਕੇ ਦੇਖ ਲੈਣ ਕਿ ਉਸ NGO ਨੂੰ ਹਰੇਕ ਸਾਲ ਕਿੰਨਾ ਫੰਡ ਦੁਨੀਆ ਵਿਚੋਂ ਆਉਂਦਾ ਹੈ, ਜਿਹੜੇ animal welfare ਵਾਸਤੇ ਭੇਜਦੇ ਹਨ। ਮੈਂ ਬਾਹਰ ਦੀ ਗੱਲ ਨਹੀਂ ਕਰ ਰਿਹਾ, ਮੈਂ ਪੰਜਾਬ ਦੀ ਗੱਲ ਕਰਨਾ ਚਾਹੁੰਦਾ ਹਾਂ। ਜਿਹੜੇ ਉਸ NGO ਦੇ ਮੈਂਬਰ ਹਨ, ਉਨ੍ਹਾਂ ਦੇ ਘਰ ਜਾ ਕੇ ਦੇਖੋ ਕਿ ਕੋਈ ਬੰਦਾ ਕਿਸੇ ਗਾਂ ਨੂੰ ਪੱਠੇ ਪਾਉਂਦਾ ਹੈ? ਕੋਈ ਬੰਦਾ ਕਿਸੇ ਕੁੱਤੇ ਨੂੰ ਰੋਟੀ ਪਾਉਂਦਾ ਹੈ? ਉਹ ਇਸ ਵੇਲੇ ਰੈਫਰੀ ਬਣੇ ਹੋਏ ਹਨ ਅਤੇ ਦੂਜਿਆਂ ਨੂੰ ਗੱਲਾਂ ਸਿਖਾਉਂਦੇ ਹਨ। ਇਸ ਵੇਲੇ ਹਿੰਦੁਸਤਾਨ ਦਾ ਸਭ ਤੋਂ ਵੱਡਾ ਸਕੈਂਡਲ ਇਹ ਹੈ ਕਿ ਇਨ੍ਹਾਂ NGOs ਨੂੰ ਜਿਹੜੀ foreign funding ਆ ਰਹੀ ਹੈ, ਉਸ ਵਿਚੋਂ 5% ਵੀ ਸਹੀ ਕੰਮਾਂ ਤੇ ਨਹੀਂ ਖਰਚਿਆ ਜਾ ਰਿਹਾ। ਇਸ ਗੱਲ ਤੇ ਧਿਆਨ ਦੇਣ ਦੀ ਲੋੜ ਹੈ।

**ਸ਼੍ਰੀ ਅਰੁਣ ਨਾਰੰਗ (ਬੈਠੇ ਬੈਠੇ)** : ਇਸੇ ਕਰਕੇ ਬੰਦ ਵੀ ਕੀਤੀਆਂ ਹਨ।

**ਸਲਾਹਕਾਰ/ਮੁੱਖ ਮੰਤਰੀ**: ਭਾਈ ਸਾਹਿਬ ਕਹਿੰਦੇ ਹਨ ਕਿ ਬਹੁਤ ਸਾਰੀਆਂ NGOs ਬੰਦ ਕੀਤੀਆਂ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਦੇ ਹਾਲਾਤ ਦੇਖ ਲਓ, ਅੱਜ ਦਿੱਲੀ ਵਿੱਚ ਕੀ ਹੋ ਰਿਹਾ ਹੈ? ਜਦੋਂ ਆਪਾਂ ਇਸ ਦੇਸ਼ ਵਿੱਚ ਕੋਈ ਵੀ ਇਹੋ ਜਿਹੀ ਗੱਲ ਕਰਾਂਗੇ, ਚਾਹੇ ਆਪਾਂ ਅਸੈਂਬਲੀ ਵਿੱਚ ਬੈਠ ਕੇ ਕਰਾਂਗੇ ਜਾਂ ਪਾਰਲੀਮੈਂਟ ਵਿੱਚ ਬੈਠ ਕੇ ਕਰਾਂਗੇ, ਜੇਕਰ ਕੋਈ ਗੱਲ ਇਥੋਂ ਦੇ ਲੋਕਾਂ ਦੇ ਮੁਤਾਬਿਕ ਨਹੀਂ ਜਾਵੇਗੀ ਤਾਂ ਦੇਸ਼ ਦੇ ਹਾਲਾਤ ਖਰਾਬ ਹੋਣਗੇ। ਸੋ, ਅੱਜ ਦੇਖ ਲਓ ਦਿੱਲੀ ਵਿੱਚ ਕੀ ਹੋ ਰਿਹਾ ਹੈ? ਆਪਾਂ ਸਾਰੇ ਕਹਿੰਦੇ ਸੀ ਕਿ

Under Print
Not for Legal/Official use

ਉਨ੍ਹਾਂ ਨੇ ਗੈਰ ਜ਼ਿੰਮੇਵਾਰਾਨਾ ਗੱਲ ਕੀਤੀ ਹੈ ਪਰ ਅੱਜ ਅਮਨ ਜੀ, ਮੈਂ ਤੁਹਾਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਹਾਨੂੰ ਇਹ ਮਤਾ ਲਿਆਉਣ ਤੋਂ ਪਹਿਲਾਂ ਇਸ ਦੇ ਹੱਲ ਤਜਵੀਜ਼ ਕਰਨੇ ਚਾਹੀਦੇ ਸਨ।

**ਸ਼੍ਰੀ ਅਮਨ ਅਰੋੜਾ** : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਇਨ੍ਹਾਂ ਨੇ ਮੇਰਾ ਨਾਂ ਲਿਆ ਹੈ।

**ਸ਼੍ਰੀ ਸਭਾਪਤੀ** : ਅਮਨ ਜੀ, ਪਲੀਜ਼।

**ਸਲਾਕਾਰ/ਮੁੱਖ ਮੰਤਰੀ** : ਮੈਂ ਤੁਹਾਡਾ ਨਾਂ ਦਸ ਵਾਰ ਲਵਾਂਗਾ, ਤੁਸੀਂ ਹੱਲ ਦੱਸੋ।

**ਸ਼੍ਰੀ ਅਮਨ ਅਰੋੜਾ** : ਮੈਂ ਹੱਲ ਹੀ ਦੱਸ ਰਿਹਾ ਹਾਂ।

**ਸ਼੍ਰੀ ਸਭਾਪਤੀ** : ਅਮਨ ਜੀ, ਪਲੀਜ਼ ਬੈਠ ਜਾਓ। ਤੁਹਾਨੂੰ ਟਾਈਮ ਬਹੁਤ ਦਿੱਤਾ ਹੈ। ਫੇਰ ਦੇ ਦੇਵਾਂਗੇ।(ਵਿਘਨ...ਸ਼ੋਰ) Dhillon sahib, please continue and address the chair.

**ਸਲਾਹਕਾਰ/ਮੁੱਖ ਮੰਤਰੀ**: ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੇ ਭਰਾ ਨੂੰ sportsman spirit ਰੱਖਣੀ ਚਾਹੀਦੀ ਹੈ। ਜੇ ਗਲਤੀ ਹੋਈ ਹੈ ਤਾਂ ਬੰਦਾ ਮੰਨ ਲਵੇ ਕਿ ਮੇਰੇ ਤੋਂ ਗਲਤੀ ਹੋਈ ਹੈ। ਆਪਾਂ ਬਗੈਰ ਗੱਲ ਤੋਂ ਬਹਿਸ ਕਿਉਂ ਕਰਦੇ ਰਹੀਏ? ਮੈਂ ਦੋ ਮਿੰਟ ਵਾਸਤੇ ਬਾਹਰ ਗਿਆ ਸੀ ਅਤੇ ਸਪੀਕਰ ਤੇ ਸੁਣ ਰਿਹਾ ਸੀ। ਜਨਾਬ ਫੁਰਮਾ ਰਹੇ ਸਨ ਕਿ ਮੁਰਗੇ ਵੀ ਖਾਏ ਜਾਂਦੇ ਹਨ ਅਤੇ ਬੱਕਰੇ ਵੀ ਖਾਏ ਜਾਂਦੇ ਹਨ। ਅਮਨ ਜੀ, ਗੱਲ sentiments ਦੀ ਹੈ। ਗਾਂ is socially linked ਅਤੇ ਮੁਰਗਾ-ਬੱਕਰਾ socially linked ਨਹੀਂ ਹਨ। So, whatever you say in this House, you should say responsibly. Please, you inspire to become a great leader but you have to be responsible whatever you say in this House.(Interruption)

**Mr. Chairman** : Dhillon sahib, please address the chair.

**ਸਲਾਹਕਾਰ/ਮੁੱਖ ਮੰਤਰੀ**: ਸਰ, ਸੋਰੀ। ਚੇਅਰਮੈਨ ਸਾਹਿਬ, ਇਹ ਮੇਰਾ ਦੋਸਤ ਹੈ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਜ਼ਿੰਦਗੀ ਵਿੱਚ ਤਬਰਗਵਤਨ੍ਹਅ ਤਬਜਗਜਵ ਬਹੁਤ ਜ਼ਰੂਰੀ ਹੈ। ਜੇ ਬੰਦੇ ਤੋਂ ਗਲਤੀ ਹੋ ਜਾਵੇ ਤਾਂ ਕੋਈ ਬੰਦਾ ਇਸ ਕਰਕੇ ਨੀਵਾਂ ਨਹੀਂ ਹੋ ਜਾਂਦਾ ਜੇਕਰ ਉਹ ਗਲਤੀ ਮੰਨ ਲਵੇ। ਬੰਦਾ ਗਲਤੀਆਂ ਦਾ ਪੁਤਲਾ ਹੈ ਅਤੇ ਜੇਕਰ ਬੰਦਾ ਗਲਤੀ ਮੰਨ ਲਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਸਭ ਤੋਂ ਵਧੀਆ ਗੱਲ ਹੈ।(ਥੰਪਿੰਗ) ਇਸ ਗੱਲ ਤੇ ਆਪਾਂ ਸਾਰੇ ਜਣੇ ਦੋ-ਢਾਈ ਘੰਟੇ ਤੋਂ ਲੱਗੇ ਹੋਏ ਹਾਂ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਮੈਂ ਅਮਨ ਜੀ ਨੂੰ ਵਧੀਆ ਲੀਡਰ ਤਾਂ ਮੰਨਾਂਗਾ ਜੇਕਰ ਇਹ ਉੱਠ ਕੇ ਕਹਿਣ ਕਿ ਮੇਰੇ ਤੋਂ ਗਲਤੀ ਹੋ ਗਈ, ਇਹ ਮਤਾ ਗਲਤ ਹੈ।(ਵਿਘਨ...ਸ਼ੋਰ....ਹਾਸਾ)

**ਸ਼੍ਰੀ ਸਭਾਪਤੀ:** ਅਮਨ ਜੀ, ਪਲੀਜ਼, ਬੈਠ ਜਾਓ। ਹਰ ਗੱਲ ਵਿਚ ਨਾ ਬੋਲੋ। ਢਿੱਲੋਂ ਸਾਹਿਬ, ਵਾਈਂਡ ਅੱਪ ਕਰੋ ਜੀ। (ਵਿਘਨ...ਸ਼ੋਰ) ਢਿੱਲੋਂ ਸਾਹਿਬ, ਪਲੀਜ਼।

**ਸਲਾਹਕਾਰ/ਮੁੱਖ ਮੰਤਰੀ**: ਚੇਅਰਮੈਨ ਸਾਹਿਬ, ਇਹ ਇੱਕ ਸ਼ੋਸ਼ਲ ਪ੍ਰਾਬਲਮ ਹੈ। ਚੇਅਰਮੈਨ ਸਾਹਿਬ, ਸੌਰੀ ਜੀ। ਦੇਖੋ, ਅੱਜ ਇਸ ਵਿਸ਼ੇ ਤੇ ਆਪਾਂ ਜਿੰਨੀ ਮਰਜ਼ੀ ਬਹਿਸ ਕਰ ਲਈਏ, ਇੱਕ ਦੂਜੇ ਦੀ ਜਿੰਨੀ ਮਰਜ਼ੀ ਨੁਕਤਾਚੀਨੀ ਕਰ ਲਈਏ, ਗੱਲ ਇਹ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਮੁੱਦਾ ਪੰਜਾਬ ਵਾਸਤੇ ਇੱਕ ਕੈਂਸਰ ਬਣ ਕੇ ਹੀ ਨਿਕਲਣਾ ਹੈ, ਤੁਸੀਂ ਦੇਖ ਲੈਣਾ। ਬਹੁਤ ਨੁਕਸਾਨ ਹੋ ਚੁੱਕਿਆ ਹੈ ਅਤੇ ਬਹੁਤ ਅਜੇ ਹੋਣਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਆਪਾਂ 117 ਮੈਂਬਰ ਬੈਠੇ ਹਾਂ, ਪਹਿਲਾਂ ਆਪਾਂ ਆਪਣਾ ਮਨ ਬਣਾਈਏ ਕਿ ਆਪਾਂ ਇਸ ਨੂੰ ਸਾਲਵ ਕਰਨ ਵਾਸਤੇ ਸੀਰੀਅਸ ਹਾਂ ਜਾਂ ਨਹੀਂ ਹਾਂ?

**ਕੁਝ ਅਵਾਜ਼ਾਂ:** ਸੀਰੀਅਸ ਹਾਂ ਜੀ।

**ਸਲਾਹਕਾਰ/ਮੁੱਖ ਮੰਤਰੀ:** ਜੇ ਤਾਂ ਆਪਾਂ ਇਕੱਲੀ ਸਿਆਸੀ ਰੋਟੀ ਸੇਕਣੀ ਹੈ ਫਿਰ ਤਾਂ ਗੱਲ ਅੱਡ ਹੈ। ਸ਼੍ਰੀ ਐਨ.ਕੇ.ਸ਼ਰਮਾ ਜੀ ਮੁਸਕਰਾ ਰਹੇ ਹਨ। Sharma ji is hard of hearing. (ਵਿਘਨ) ਜਿਹੜੀ ਗੱਲ ਇਨ੍ਹਾਂ ਦੇ ਸੁਣਨ ਵਾਲੀ ਨਹੀਂ ਹੁੰਦੀ, ਉਹ ਤਾਂ ਇਹ ਟਾਲ ਜਾਂਦੇ ਹਨ ਪਰ ਜਿਹੜੀ ਸੁਣਨ ਵਾਲੀ ਹੁੰਦੀ ਹੈ, ਉਹ ਇਨ੍ਹਾਂ ਨੂੰ ਸਮਝ ਆ ਜਾਂਦੀ ਹੈ। ਮੈਂ ਇਨ੍ਹਾਂ ਨੂੰ ਇੱਕ ਗੱਲ ਯਾਦ ਕਰਵਾਉਣੀ ਚਾਹੁੰਦਾ ਹਾਂ ਕਿ ਤੁਸੀਂ ਪਿਛਲੀ ਸਰਕਾਰ ਵਿਚ ਐਮ.ਐਲ.ਏ. ਸੀ, ਤੁਸੀਂ ਪਾਰਲੀਮੈਂਟਰੀ ਸੈਕਟਰੀ ਵੀ ਸੀ। (ਵਿਘਨ) ਸ਼੍ਰੀ ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ, ਹੌਸਲਾ ਰੱਖੋ ਹੁਣ, ਜੇ ਮੈਂ ਝੂਠ ਬੋਲਾਂ, ਫਿਰ ਗੱਲ ਕਰਿਓ। ਇਨ੍ਹਾਂ ਦੇ ਹਲਕੇ ਵਿਚ ਸਭ ਤੋਂ ਵੱਡੇ ਸਲਾਟਰ ਹਾਊਸ ਚਲਦੇ ਰਹੇ ਹਨ ਉਦੋਂ ਸ਼ਰਮਾ ਜੀ ਨੇ ਉਨ੍ਹਾਂ ਖਿਲਾਫ ਕੀ ਕੀਤਾ? ਅੱਜ ਤਾਂ ਉਨ੍ਹਾਂ 'ਤੇ (ਆਮ ਆਦਮੀ ਬੈਂਚਿੰਜ ਵੱਲ ਇਸ਼ਾਰਾ) ਉਂਗਲਾਂ ਚੁੱਕਦੇ ਹਨ। (ਵਿਘਨ...) ਜੇ ਸਭ ਤੋਂ ਵੱਡੇ ਸਲਾਟਰ ਹਾਊਸ ਇਨ੍ਹਾਂ ਦੇ ਹਲਕੇ ਵਿਚ ਚਲਦੇ ਰਹੇ ਹਨ ਤਾਂ ਮੈਨੂੰ ਇਹ ਨਹੀਂ ਪਤਾ ਕਿ ਸ਼ਰਮਾ ਜੀ ਦੀ ਉਨ੍ਹਾਂ ਨਾਲ ਕੀ ਡੀਲ ਸੀ? (ਵਿਘਨ)(ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਮੈਨੂੰ ਟਾਈਮ ਦਿਉ। (ਵਿਘਨ) ਇਨ੍ਹਾਂ ਨੇ ਮੇਰਾ ਨਾਮ ਲਿਆ ਹੈ।

**ਸ਼੍ਰੀ ਸਭਾਪਤੀ:** ਢਿੱਲੋਂ ਸਾਹਿਬ, ਵਾਈਂਡ ਅੱਪ ਕਰ ਦਿਉ ਹੁਣ। (ਵਿਘਨ)

**ਸਲਾਹਕਾਰ/ਮੁੱਖ ਮੰਤਰੀ**: ਬਾਹਰ ਇਨ੍ਹਾਂ ਦੀ ਚੁੰਗੀ ਲੱਗੀ ਹੁੰਦੀ ਸੀ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਦੇ ਮੁੰਡੇ ਦਾ ਉਥੇ ਗਾਵਾਂ ਸਪਲਾਈ ਕਰਨ ਦਾ ਠੇਕਾ ਸੀ (ਆਮ ਆਦਮੀ ਪਾਰਟੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)। (ਵਿਘਨ)(ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ:** ਚੇਅਰਮੈਨ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇੱਕ ਵੀ ਸਲਾਟਰ ਹਾਊਸ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਨਹੀਂ ਬਣਿਆ, ਇਹ ਇਨ੍ਹਾਂ ਦੀ ਸਰਕਾਰ ਵਿਚ ਬਣੇ ਹਨ। (ਸ਼੍ਰੋਮਣੀ ਅਕਾਲੀ ਦਲ ਬੈਂਚਿਜ ਵਲੋਂ ਥੰਪਿੰਗ)

Under Print
Not for Legal/Official use

**ਸ਼੍ਰੀ ਸਭਾਪਤੀ:** ਸ਼ਰਮਾ ਜੀ, ਤੁਹਾਡਾ ਪੁਆਇੰਟ ਆਫ ਆਰਡਰ ਲੈ ਲਿਆ ਹੈ ਜੀ। ਹੁਣ ਬੈਠ ਜਾਵੋ। ਢਿੱਲੋਂ ਸਾਹਿਬ, ਪਲੀਜ਼, ਵਾਈਂਡ ਅੱਪ ਕਰ ਦਿਉ।

**ਸਲਾਹਕਾਰ/ਮੁੱਖ ਮੰਤਰੀ**: ਸ਼ਰਮਾ ਜੀ ਸੋਚਦੇ ਹਨ ਕਿ ਇਵੇਂ ਕਹੀ ਹੋਈ ਗੱਲ ਸੱਚੀ ਹੋ ਜਾਂਦੀ ਹੈ, ਇਹ on the floor of the House ਕਹਿ ਦੇਣ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਦੇ ਲੜਕੇ ਕੋਲ ਗਾਵਾਂ ਸਪਲਾਈ ਕਰਨ ਦਾ ਠੇਕਾ ਨਹੀਂ ਸੀ ਤਾਂ ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ। ਇਹ ਕਹਿਣ ਕਿ ਬਾਹਰ ਸ਼ਰਮਾ ਜੀ ਦੀ ਚੁੰਗੀ ਨਹੀਂ ਲੱਗੀ ਹੁੰਦੀ ਸੀ। (ਵਿਘਨ) ਇਹ ਕਹਿ ਦੇਣ ਕਿ ਸਾਡੇ ਸੈਂਟੀਮੈਂਟਸ ਹਰਟ ਹੋ ਗਏ...(ਵਿਘਨ)(ਸ਼ੋਰ)

**ਸ਼੍ਰੀ ਐਨ.ਕੇ. ਸ਼ਰਮਾ:** ਜੇਕਰ ਸਾਡੀ ਸਰਕਾਰ ਵੇਲੇ ਗਾਵਾਂ ਸਪਲਾਈ ਕਰਨ ਦਾ ਠੇਕਾ ਦਿੱਤਾ ਗਿਆ ਹੋਵੇ ਤਾਂ ਮੈਂ ਰਿਜ਼ਾਈਨ ਦੇ ਦੇਵਾਂਗਾ।

**ਸ਼੍ਰੀ ਸਭਾਪਤੀ:** ਸ਼ਰਮਾ ਜੀ, ਤੁਹਾਡਾ ਪੁਆਇੰਟ ਆ ਗਿਆ ਹੈ।

**ਸ਼੍ਰੀ ਐਨ.ਕੇ. ਸ਼ਰਮਾ:** ਦੂਜੀ ਗੱਲ ਜਿਹੜੀ ** **

**ਸ਼੍ਰੀ ਸਭਾਪਤੀ:** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਸ਼ਰਮਾ ਜੀ, no point of order, please.

**ਸਲਾਹਕਾਰ/ਮੁੱਖ ਮੰਤਰੀ**: ਚੇਅਰਮੈਨ ਸਾਹਿਬ, ਜੇ ਦੋਸਤ ਨੂੰ ਸੱਚੀ ਗੱਲ ਕਹਿਣ ਤੇ ਗੁੱਸਾ ਲਗਦਾ ਹੈ ਤਾਂ ਮੈਂ ਅੱਜ ਤੋਂ ਬਾਅਦ ਨਹੀਂ ਕਹਿੰਦਾ। ਜੇ ਇਨ੍ਹਾਂ ਨੂੰ ਗੁੱਸਾ ਆਉਂਦਾ ਹੈ ਤਾਂ ਮੈਂ ਅੱਜ ਤੋਂ ਬਾਅਦ ਸੱਚੀ ਗੱਲ ਨਹੀਂ ਕਹਿੰਦਾ।

**Mr. Chairman:** Dhillon sahib, be positive and conclude.

**ਸਲਾਹਕਾਰ/ਮੁੱਖ ਮੰਤਰੀ:** ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਵਿਧਾਨ ਸਭਾ ਵਿਚ ਇਸ ਇਸ਼ੂ ਤੇ ਜ਼ਰੂਰ ਕਮੇਟੀ ਬਣਨੀ ਚਾਹੀਦੀ ਹੈ ਕਿਉਂਕਿ ਜਿਹੜਾ ਆਉਣ ਵਾਲਾ ਸਮਾਂ ਹੈ, ਇਸ ਵਿੱਚ ਇਹ ਬਹੁਤ ਹੀ ਸੀਰੀਅਸ ਪ੍ਰਾਬਲਮ ਬਣ ਜਾਣੀ ਹੈ। ਇਸ ਦਾ ਹੱਲ ਸਾਰੇ ਲਾਅ ਮੇਕਰਜ਼ ਨੂੰ ਇਕੱਠੇ ਬੈਠ ਕੇ ਅਤੇ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ ਅਤੇ ਸਮਾਜਿਕ ਤੌਰ ਤੇ, ਧਾਰਮਿਕ ਤੌਰ ਤੇ ਵੇਖ ਕੇ ਇਸ ਦਾ ਸਹੀ ਹੱਲ ਕੱਢਣਾ ਚਾਹੀਦਾ ਹੈ। ਮੈਂ ਇੰਨੀ ਬੇਨਤੀ ਕਰਦਾ ਹਾਂ ਕਿ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੀ ਐਨ.ਕੇ.ਸ਼ਰਮਾ ਜੀ ਨੂੰ ਵੀ ਉਸ ਕਮੇਟੀ ਵਿਚ ਸ਼ਾਮਲ ਕਰ ਲਿਆ ਜਾਵੇ। ਧੰਨਵਾਦ ਜੀ। (ਵਿਘਨ)

**ਸ਼੍ਰੀ ਅਰੁਣ ਨਾਰੰਗ (ਅਬੋਹਰ):** ਧੰਨਵਾਦ, ਚੇਅਰਮੈਨ ਸਾਹਿਬ ਕਿ ਤੁਸੀਂ ਮੈਨੂੰ ਇਸ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅਸੀਂ ਸਾਰੇ ਜਿੰਨੇ ਵੀ ਇਸ ਸਦਨ ਦੇ ਮੈਂਬਰ ਹਾਂ, ਅਸੀਂ ਸਾਰੇ ਤੇ ਪੰਜਾਬ ਦੇ ਸਾਰੇ ਲੋਕ ਬੜੇ ਧਾਰਮਿਕ ਵਿਅਕਤੀ ਹਾਂ ਅਤੇ ਅਸੀਂ ਆਪਣੇ ਧਰਮਾਂ ਨੂੰ ਮੰਨਣ ਵਾਲੇ ਲੋਕ ਹਾਂ। ਅਸੀਂ ਕਦੇ ਵੀ ਜੀਵ

---

** Expunged as ordered by the Chair.

Under Print
Not for Legal/Official use

ਜੰਤੂਆਂ ਨੂੰ ਕਤਲ ਕਰਨ ਵਾਸਤੇ ਸੋਚ ਨਹੀਂ ਸਕਦੇ । ਗਊ ਜਾਂ ਗਊ ਦੇ ਬੱਛੜੇ ਨੂੰ ਮਾਰਨ ਵਾਸਤੇ ਤਾਂ ਬਿਲਕੁਲ ਹੀ ਨਹੀਂ ਸੋਚ ਸਕਦੇ। ਅਸੀਂ 550 ਸਾਲਾ ਗੁਰਪੁਰਬ ** ਗੁਰੂ ਨਾਨਕ ਦੇਵ ਜੀ ਦਾ ਮਨਾ ਰਹੇ ਹਾਂ (ਵਿਘਨ...ਸ਼ੋਰ) ਲੇਕਿਨ ਅੱਜ ਇਸ ਸਦਨ ਵਿਚ ਸਲਾਟਰ ਹਾਊਸ ਬਣਾਉਣ ਦਾ ਮਤਾ ਲਿਆਂਦਾ ਗਿਆ ਹੈ।

**ਸ਼੍ਰੀ ਸਭਾਪਤੀ:** ** ਕੱਟ ਦਿਓ।

**ਸ਼੍ਰੀ ਅਰੁਣ ਨਾਰੰਗ :** ਮੈਂ ਮੁਆਫੀ ਮੰਗਦਾ ਹਾਂ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸਾਡੇ ਗੁਰੂ ਹਨ, ਅਸੀਂ ਵੀ ਉਨ੍ਹਾਂ ਨੂੰ ਮੰਨਦੇ ਹਾਂ। ਅਸੀਂ ਇਹ ਮਤਾ ਅਜਿਹੇ ਸਮੇਂ ਵਿਚ ਲਿਆਂਦਾ ਹੈ ਜਿਹੜਾ ਕਿ ਬਿਲਕੁਲ ਵੀ ਰੈਲੇਵੈਂਟ ਨਹੀਂ ਹੈ। ਮੈਂ ਮੰਨਦਾ ਹਾਂ ਕਿ ਅਵਾਰਾ ਪਸ਼ੂਆਂ ਨਾਲ ਬੜੇ ਐਕਸੀਡੈਂਟ ਹੁੰਦੇ ਹਨ, ਮੇਰਾ ਖੁਦ ਦਾ ਵੀ ਐਕਸੀਡੈਂਟ ਹੋਇਆ ਹੈ ਲੇਕਿਨ ਬੜੇ ਅਜਿਹੇ ਜੀਵ ਜੰਤੂ ਹਨ, ਜਿਨ੍ਹਾਂ ਕਾਰਨ ਐਕਸੀਡੈਂਟ ਹੁੰਦੇ ਹਨ। ਮੇਰੇ ਹਲਕੇ ਵਿਚ ਬੜੇ ਐਕਸੀਡੈਂਟ ਹੁੰਦੇ ਹਨ। ਹਿਰਨਾਂ ਨਾਲ ਬੜੇ ਐਕਸੀਡੈਂਟ ਹੁੰਦੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਉਨ੍ਹਾਂ ਸਾਰੇ ਜੀਵ ਜੰਤੂਆਂ ਨੂੰ ਸਲਾਟਰ ਹਾਊਸ ਭੇਜ ਦੇਈਏ। ਅਸੀਂ ਬੜੇ ਧਾਰਮਿਕ ਵਿਅਕਤੀ ਹਾਂ, ਸਾਡੇ ਸਾਰੇ ਗ੍ਰੰਥ, ਸਾਡੀ ਸੰਸਕ੍ਰਿਤੀ ਸਾਨੂੰ ਇਹੀ ਸਿੱਖਿਆ ਦਿੰਦੀ ਹੈ ਕਿ ਅਸੀਂ ਕੁਦਰਤ ਦੇ ਖਿਲਾਫ ਨਹੀਂ ਜਾ ਸਕਦੇ। ਕੁਦਰਤ ਵਿਚ ਜਿਹੜਾ ਵੀ ਜੀਵ ਪੈਦਾ ਹੋਇਆ ਹੈ, ਉਸ ਨੂੰ ਇਸ ਧਰਤੀ ਤੇ ਜਿਊਣ ਦਾ ਹੱਕ ਹੈ ਤੇ ਅਸੀਂ ਉਨ੍ਹਾਂ ਦਾ ਇਹ ਹੱਕ ਨਹੀਂ ਖੋਹ ਸਕਦੇ ਪਰ ਜਿਸ ਤਰ੍ਹਾਂ ਦਾ ਮਤਾ ਸਾਡੇ ਦੋਸਤਾਂ ਨੇ ਲਿਆਂਦਾ ਹੈ, ਮੈਂ ਤਾਂ ਪੜ੍ਹ ਕੇ ਬਹੁਤ ਹੈਰਾਨ ਹੋਇਆ ਹਾਂ।ਇਹ ਮਤਾ ਇਨ੍ਹਾਂ ਦੀ ਸੋਚ ਦਰਸਾਉਂਦਾ ਹੈ, ਫਿਰ ਇਹ ਕਹਿੰਦੇ ਹਨ ਕਿ ਗੜਬੜ ਹੁੰਦੀ ਹੈ, ਭੜਕਦੇ ਹਨ। ਜੇਕਰ ਤੁਸੀਂ ਅੱਗ ਲਗਾਓਗੇ ਤਾਂ ਫਿਰ ਸਾਰਾ ਕੁਝ ਭੜਕੇਗਾ। ਤੁਸੀਂ ਧਾਰਮਿਕ ਭਾਵਨਾਵਾਂ ਦੇ ਖਿਲਾਫ ਜਾ ਰਹੇ ਹੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਬੈਠੇ ਹੋਏ ਸ਼੍ਰੀ ਅਰੁਣ ਨਾਰੰਗ ਜੀ ਨਾਲ ਬਹਿਸ ਰਹੇ ਸਨ।)

**ਸ਼੍ਰੀ ਸਭਾਪਤੀ:** ਅਮਨ ਜੀ, ਪਲੀਜ਼।

**ਸ਼੍ਰੀ ਅਰੁਣ ਨਾਰੰਗ :** ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ ਲੇਕਿਨ ਤੁਸੀਂ ਜਾਣ ਬੁੱਝ ਕੇ ਅਜਿਹਾ ਮਤਾ ਲਿਆਂਦਾ ਹੈ। ਮੈਂ ਇਸ ਸਮੱਸਿਆ ਦੇ ਹੱਲ ਵਾਸਤੇ ਵੀ ਥੋੜ੍ਹੀ ਜਿਹੀ ਗੱਲ ਕਰਾਂਗਾ। ਪਿਛਲੀ ਬਾਦਲ ਸਰਕਾਰ ਨੇ ਵੀ ਇਸ ਸਮੱਸਿਆ ਦੇ ਹੱਲ ਲਈ ਬਹੁਤ ਕੰਮ ਕੀਤਾ ਹੈ।

(ਇਸ ਸਮੇਂ ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) ਆਪਣੀ ਸੀਟ ਤੇ ਬੈਠੇ ਹੋਏ ਸ਼੍ਰੀ ਅਰੁਣ ਨਾਰੰਗ ਜੀ ਨਾਲ ਬਹਿਸ ਰਹੇ ਸਨ।)

ਰਾਜਾ ਜੀ, ਬਿਲਕੁਲ ਕੀਤਾ ਹੈ, ਮੈਂ ਤੁਹਾਨੂੰ ਪਰੂਫ ਦੇ ਦਿੰਦਾ ਹਾਂ।

**ਸ਼੍ਰੀ ਸਭਾਪਤੀ:** ਨਾਰੰਗ ਜੀ, please address the chair.

Under Print
Not for Legal/Official use

**ਸ਼੍ਰੀ ਅਰੁਣ ਨਾਰੰਗ :** 22 ਜ਼ਿਲ੍ਹਿਆਂ ਵਿਚ ਗਊਸ਼ਾਲਾਵਾਂ ਬਣੀਆਂ ਹਨ, ਉਹ ਬਾਦਲ ਸਾਹਿਬ ਦੇ ਰਾਜ ਵਿਚ ਬਣੀਆਂ ਹਨ ਅਤੇ ਇਕ-ਇਕ ਗਊਸ਼ਾਲਾ ਤੇ ਪੌਣੇ ਦੋ ਕਰੋੜ ਰੁਪਿਆ ਖਰਚਿਆ ਗਿਆ ਹੈ। ਅੱਜ ਵੀ ਗਊ ਸੈੱਸ ਇਕੱਠਾ ਕੀਤਾ ਜਾ ਰਿਹਾ ਹੈ, ਉਹ ਗਊ ਸੈੱਸ ਵੱਖ ਵੱਖ ਵਿਭਾਗਾਂ ਜਿਵੇਂ ਬਿਜਲੀ ਵਿਭਾਗ ਕੋਲ 25-30 ਕਰੋੜ ਰੁਪਿਆ ਪਿਆ ਹੈ, ਟਰਾਂਸਪੋਰਟ ਵਿਭਾਗ ਕੋਲ ਵੀ 20 ਕਰੋੜ ਦੇ ਕਰੀਬ ਪਿਆ ਹੈ, ਐਕਸਾਈਜ਼ ਵਿਭਾਗ ਕੋਲ ਅੱਜ ਵੀ 35-40 ਕਰੋੜ ਰੁਪਿਆ ਪਿਆ ਹੈ ਲੇਕਿਨ ਪਿਛਲੇ ਤਿੰਨ ਸਾਲਾਂ ਤੋਂ ਸਰਕਾਰ ਨੇ ਇਕ ਰੁਪਿਆ ਵੀ ਗਊਸ਼ਾਲਾਵਾਂ ਨੂੰ ਨਹੀਂ ਦਿੱਤਾ ਜਦ ਕਿ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਗਊਸ਼ਾਲਾਵਾਂ ਦੇ ਚੇਅਰਮੈਨ ਹਨ। ਇਸ ਚੀਜ਼ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ ਤੇ ਲੋੜੀਂਦੇ ਫੰਡ ਜਾਰੀ ਕੀਤੇ ਜਾਣੇ ਚਾਹੀਦੇ ਹਨ। ਬਾਦਲ ਸਾਹਿਬ ਨੇ ਇਕ ਸਰਵੇਅ ਕਰਵਾਇਆ ਸੀ ਕਿ ਕਿੰਨਾ ਪਸ਼ੂ ਸੜਕਾਂ ਤੇ ਘੁੰਮ ਰਿਹਾ ਹੈ। ਸਾਲ 2016 ਵਿਚ ਲਗਭਗ 1.10 ਲੱਖ ਪਸ਼ੂ ਸੜਕਾਂ ਤੇ ਸੀ, ਜਿਸ ਵਿਚੋਂ 20,000 ਪਸ਼ੂ ਗਊਸ਼ਾਲਾਵਾਂ ਵਿਚ ਲਿਆਂਦਾ ਗਿਆ ਸੀ। ਸਰਕਾਰ ਬਦਲਣ ਤੋਂ ਬਾਅਦ ਅੱਜ ਤੱਕ ਤਿੰਨ ਸਾਲਾਂ ਵਿੱਚ ਉਨ੍ਹਾਂ ਪਸ਼ੂਆਂ ਦੀ ਸੰਭਾਲ ਜਾਂ ਜਿਹੜਾ 90,000 ਪਸ਼ੂ ਸੜਕਾਂ ਤੇ ਹੈ, ਉਸ ਵਾਸਤੇ ਸਰਕਾਰ ਨੇ ਨਹੀਂ ਸੋਚਿਆ। ਜਿਸ ਤਰ੍ਹਾਂ ਦਾ ਮਤਾ ਆਇਆ ਹੈ, ਕੀ ਅਸੀਂ ਸਾਰੇ ਜਣੇ ਇਹ ਸੋਚਦੇ ਹਾਂ ਕਿ 90,000 ਪਸ਼ੂਆਂ ਨੂੰ ਅਸੀਂ slaughter house ਭੇਜ ਦੇਈਏ। ਇਸ ਮਤੇ ਦੇ ਵਿੱਚ ਇਹ ਗੱਲ ਬੜੀ ਆਬਜੈਕਸ਼ਨੇਬਲ ਹੈ, ਅਸੀਂ ਜੀਵ ਹੱਤਿਆ ਵਾਸਤੇ ਕਿਵੇਂ ਸੋਚ ਸਕਦੇ ਹਾਂ? ਇਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ। ਅਸੀਂ ਇਨ੍ਹਾਂ ਨੂੰ ਅਵਾਰਾ ਕਹਿੰਦੇ ਹਾਂ, ਇਹ ਅਵਾਰਾ ਨਹੀਂ ਹਨ, ਇਹ ਬੇਸਹਾਰਾ ਹਨ। ਇਨ੍ਹਾਂ ਨੂੰ ਸਹਾਰਾ ਦੇਣ ਦੀ ਲੋੜ ਹੈ, ਸਾਂਭ-ਸੰਭਾਲ ਦੀ ਲੋੜ ਹੈ। ਅਰੋੜਾ ਜੀ, ਤੁਸੀਂ ਇਹ ਮਤਾ ਤਾਂ ਲਿਆਂਦਾ ਹੈ ਪਰ ਹੁਣ ਤੁਸੀਂ ਇਸ ਮਤੇ ਤੋਂ ਪਿੱਛੇ ਭੱਜਦੇ ਹੋ। ਜਿਵੇਂ ਉਨ੍ਹਾਂ (ਸਲਾਹਕਾਰ/ਮੁੱਖ ਮੰਤਰੀ, ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ) ਨੇ ਕਿਹਾ ਤੁਸੀਂ ਮੁਆਫੀ ਮੰਗ ਲਓ, ਇਹ ਮਤਾ ਵਾਪਸ ਹੋ ਜਾਵੇਗਾ ।

**ਸ਼੍ਰੀ ਅਮਨ ਅਰੋੜਾ:** ਮੈਂ ਇਸ ਮਤੇ ਤੋਂ ਬਿਲਕੁਲ ਨਹੀਂ ਭੱਜਦਾ ਜੀ। ਪਹਿਲਾਂ ਉਨ੍ਹਾਂ ਨੂੰ ਘਰੇ ਬੰਨ੍ਹੋ ਫਿਰ ਗੱਲ ਕਰਾਂਗੇ।

**ਸ਼੍ਰੀ ਸਭਾਪਤੀ:** ਅਮਨ ਜੀ, ਪਲੀਜ਼। (ਵਿਘਨ)(ਸ਼ੋਰ)

**ਸ਼੍ਰੀ ਅਰੁਣ ਨਾਰੰਗ:** ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਵੀ ਅਤੇ ਹਿੰਦੁਸਤਾਨ ਵਿੱਚ ਵੀ ਗਊ ਹੱਤਿਆ ਸਬੰਧੀ ਦਾ ਕਾਨੂੰਨ ਵੀ ਲਾਗੂ ਹੈ। ਉਸ ਕਾਨੂੰਨ ਤਹਿਤ ਵਿੱਚ ਗਊ ਜਾਂ ਗਊ ਵੰਸ਼ ਨੂੰ ਮਾਰਨ ਵਾਲਿਆਂ ਨੂੰ ਇੱਕ ਸਾਲ ਦੀ ਸਜ਼ਾ ਹੈ। ਸਾਲ 2015 ਵਿੱਚ ਬਾਦਲ ਸਰਕਾਰ ਨੇ ਇਹ ਸਜ਼ਾ ਵਧਾ ਕੇ 10 ਸਾਲ ਕੀਤੀ ਹੈ। ਬੇਸਹਾਰਾ ਪਸ਼ੂਆਂ ਦੀ ਹਰ ਸਰਕਾਰ ਧਿਆਨ ਰੱਖਦੀ ਹੈ ਤਾਂ ਕਿ ਆਮ ਜਨਤਾ ਨੂੰ ਕੋਈ ਤਕਲੀਫ ਨਾ ਹੋਵੇ।ਆਮ ਜਨਤਾ ਨਾਲ ਉਨ੍ਹਾਂ ਦੇ ਐਕਸੀਡੈਂਟਸ ਦੀ ਜੇ ਗੱਲ ਕਰੀਏ ਤਾਂ ਐਕਸੀਡੈਂਟ ਤਾਂ ਬਹੁਤ ਤਰੀਕੇ ਦੇ ਰੋਜ਼ ਹੁੰਦੇ ਹਨ ਲੇਕਿਨ ਅਸੀਂ ਇਸ ਵਾਸਤੇ 90,000 ਜਾਂ ਲੱਖ-2 ਲੱਖ ਪਸ਼ੂਆਂ ਦਾ ਕਤਲ ਨਹੀਂ ਕਰ

ਸਕਦੇ। ਸ਼ਹਿਰਾਂ ਦੇ ਵਿੱਚ ਸੰਭਾਲਣ ਵਾਸਤੇ ਮਿਊਂਸੀਪਲ ਕਮੇਟੀਆਂ ਅਤੇ ਪਿੰਡਾਂ ਵਿੱਚ ਰੂਰਲ ਡਿਵੈਲਪਮੈਂਟ ਹੈ।ਜਿਸ ਤਰ੍ਹਾਂ ਪਹਿਲਾਂ ਇੱਕ ਸੁਝਾਅ ਆਇਆ ਸੀ, ਜਿਹੜਾ ਪਸ਼ੂ ਪਾਲਣ ਵਿਭਾਗ ਹੈ ਉਸ ਨੂੰ ਹੀ ਇਹ ਸਾਰਾ ਕੰਮ ਦੇ ਦੇਣਾ ਚਾਹੀਦਾ ਹੈ। ਇਹ ਵਿਭਾਗ ਇਨ੍ਹਾਂ ਪਸ਼ੂਆਂ ਨੂੰ ਸੰਭਾਲੇ , ਇਸ ਵਾਸਤੇ ਕੰਮ ਕਰੇ ਤਾਂ ਕਿ ਗਊਸ਼ਾਲਾਵਾਂ ਵਿੱਚ ਇਨ੍ਹਾਂ ਪਸ਼ੂਆਂ ਨੂੰ ਲਿਜਾ ਕੇ ਇਨ੍ਹਾਂ ਦਾ ਧਿਆਨ ਰੱਖਿਆ ਜਾਵੇ। ਚੇਅਰਮੈਨ ਸਾਹਿਬ, 25-25 ਕਿੱਲਿਆ ਦੀਆਂ ਗਊਸਾਲਾਵਾਂ ਹਨ। ਇਹ ਹੱਲ ਪਿਛਲੀ ਸਰਕਾਰ ਨੇ ਦਿੱਤਾ ਹੈ, ਜੋ ਕਿ ਸਾਫ ਤੇ ਕਲੀਅਰ ਹੈ, ਅਸੀਂ ਸਿਰਫ ਉਸ ਨੂੰ ਕੰਟੀਨਿਊ ਕਰਨਾ ਹੈ। ਅਸੀਂ ਸਾਰਿਆਂ ਨੇ ਮਿਲ ਕੇ ਇਸ ਸਮੱਸਿਆ ਦਾ ਹੱਲ ਕਰਨਾ ਹੈ। ਇਹ ਸ਼ੋਸ਼ਲ ਪ੍ਰਾਬਲਮ ਹੈ ਅਤੇ ਇਸ ਪ੍ਰਾਬਲਮ ਨੂੰ ਸੁਲਝਾਉਣ ਲਈ ਇੱਕ ਕਮੇਟੀ ਬਣਾਓ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਵਾਕ ਕਹਿ ਕੇ ਮੈਂ ਆਪਣੀ ਗੱਲ ਖਤਮ ਕਰਨਾ ਚਾਹਾਂਗਾ "ਗਊ ਗਰੀਬ ਕਾ ਘਾਤ ਮੈਂ ਜਗਤ ਸੇ ਮਿਟਾਊਂ" ਜਿਨ੍ਹਾਂ ਨੂੰ ਅਸੀਂ ਮੰਨਦੇ ਹਾਂ, ਉਹ ਵੀ ਇਹ ਗੱਲ ਕਹਿੰਦੇ ਹਨ। ਅਸੀਂ ਇਹ ਕਿਵੇਂ ਸੋਚ ਲਿਆ ਕਿ ਅਸੀਂ ਇਨ੍ਹਾਂ ਨੂੰ slaughter house ਭੇਜ ਦੇਈਏ। ਮੈਂ ਇਸ ਮਤੇ ਦੇ ਬਿਲਕੁਲ ਖਿਲਾਫ ਹਾਂ। ਧੰਨਵਾਦ।

**ਪ੍ਰੋਫੈਸਰ ਬਲਜਿੰਦਰ ਕੌਰ:** ਚੇਅਰਮੈਨ ਸਾਹਿਬ, ਮੈਂ ਕੁਝ ਕਹਿਣਾ ਹੈ ਜੀ।

ਸ਼੍ਰੀ ਸਭਾਪਤੀ : ਹਾਂ ਜੀ, ਦੱਸੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਚੇਅਰਮੈਨ ਸਾਹਿਬ, ਸਾਡੇ ਦੋ ਮੈਬਰਾਂ ਨੇ ਅਜੇ ਬੋਲਣਾ ਹੈ ਜੀ ।

**ਪ੍ਰੋਫੈਸਰ ਬਲਜਿੰਦਰ ਕੌਰ:** ਚੇਅਰਮੈਨ ਸਾਹਿਬ, thank you. ਮੈਂ ਸਿਰਫ ਦੋ ਮਿੰਟ ਹੀ ਲੈਣੇ ਹਨ। ਸਪੀਕਰ ਸਾਹਿਬ, ਇਹ ਮਤਾ ਜਿਹੜਾ ਹਾਊਸ ਦੇ ਵਿੱਚ ਲਿਆਂਦਾ ਗਿਆ ਹੈ, ਮੈਂ ਸਾਰੇ ਮੈਂਬਰ ਸਾਥੀਆਂ ਨੂੰ ਸੁਣ ਰਹੀ ਹਾਂ। ਸਭ ਵੱਖਰੇ ਵੱਖਰੇ ਪੁਆਇੰਟਸ ਦੇ ਰਹੇ ਹਨ ਪਰ ਮੈਂ ਇੱਕ ਗੱਲ ਕਲੀਅਰ ਕਰ ਦੇਣਾ ਚਾਹੁੰਦੀ ਹਾਂ ਕਿ ਇਸ ਦੇ ਪਿੱਛੇ ਜੋ intention ਹੈ, kindly ਉਸ ਨੂੰ ਸਮਝੋ।ਤੁਸੀਂ ਕਹਿੰਦੇ ਹੋ ਕਿ slaughter houses ਨੂੰ ਆਮ ਆਦਮੀ ਪਾਰਟੀ ਬੜਾਵਾ ਦੇ ਰਹੀ ਹੈ ਪਰ ਇਸ ਤਰ੍ਹਾਂ ਦਾ ਸਾਡਾ ਕੋਈ ਮਤਲਬ ਨਹੀਂ ਹੈ। ਸਾਡਾ ਇੱਕੋ ਹੀ ਮਕਸਦ ਹੈ ਕਿ ਜਿਹੜੀਆਂ ਇਨਸਾਨੀ ਜਾਨਾਂ ਹਨ,ਉਨ੍ਹਾਂ ਨੂੰ ਕਿਵੇਂ ਬਚਾਉਣਾ ਹੈ।

**ਸ਼੍ਰੀ ਸਭਾਪਤੀ:** ਮੈਡਮ ਤੁਹਾਡਾ ਪੁਆਇੰਟ ਆ ਗਿਆ ਹੈ।

**ਸ਼੍ਰੀ ਸੁਖਵਿੰਦਰ ਕੁਮਾਰ** (ਬੰਗਾ,-ਐਸ.ਸੀ.): ਚੇਅਰਮੈਨ ਸਾਹਿਬ, ਅੱਜ ਸਦਨ ਵਿੱਚ ਆਮ ਆਦਮੀ ਪਾਰਟੀ ਦੇ ਅਮਨ ਅਰੋੜਾ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਜੀ ਵੱਲੋਂ ਜਿਹੜਾ ਆਵਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਮਤਾ ਲਿਆਂਦਾ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਹੱਲ ਦੱਸਿਆ ਹੈ, ਉਹ ਸਾਡੇ ਧਰਮਾਂ ਦੇ, ਸਾਡੇ ਸਮਾਜ ਦੇ ਖਿਲਾਫ ਹੈ। ਅੱਜ no doubt ਇਨ੍ਹਾਂ ਅਵਾਰਾ ਪਸ਼ੂਆਂ ਕਰਕੇ ਸੜਕਾਂ ਤੇ ਐਕਸੀਡੈਂਟ ਹੁੰਦੇ ਹਨ ਅਤੇ ਕੀਮਤੀ ਜਾਨਾਂ ਵੀ ਜਾਂਦੀਆਂ ਹਨ ਜੇਕਰ ਅਸੀਂ ਇਹ ਕਹੀਏ ਕਿ ਇਨ੍ਹਾਂ ਨੂੰ ਬੁੱਖੜਖਾਨੇ ਭੇਜ ਕੇ ਇਨ੍ਹਾਂ ਦਾ ਕਤਲੇਆਮ ਕੀਤਾ ਜਾਵੇ ਤਾਂ ਮੈਂ

Under Print
Not for Legal/Official use

ਸਮਝਦਾ ਹਾਂ ਕਿ ਇਹ ਇਸ ਦਾ ਹੱਲ ਨਹੀਂ  ਹੈ। ਸਾਡੀ ਪਾਰਟੀ ਸਦਾ ਹੀ ਇਹ ਗੱਲ ਕਹਿੰਦੀ ਹੈ ਕਿ ਇਹ (ਆਮ ਆਦਮੀ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਛੋਟੀ ਕਾਂਗਰਸ ਅਤੇ ਇਹ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵੱਡੀ ਕਾਂਗਰਸ ਹੈ। ਇਹ ਰਲੇ ਹੋਏ ਹਨ, ਇਸ ਦਾ ਸਬੂਤ ਇਨ੍ਹਾਂ ਨੇ ਅੱਜ ਦੇ ਦਿੱਤਾ ਹੈ। ਜਿੱਥੇ ਇਨ੍ਹਾਂ ਨੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਸਲਾਟਰ ਹਾਊਸ ਖੋਲ੍ਹੇ, ਉੱਥੇ ਅੱਜ ਇਨ੍ਹਾਂ ਨੇ (ਆਮ ਆਦਮੀ ਬੈਂਚਿਜ਼ ਵੱਲ ਇਸ਼ਾਰਾ) ਇੰਤਜ਼ਾਮ ਕਰ ਦਿੱਤਾ ਕਿ ਉਹ ਸਲਾਟਰ ਹਾਊਸ ਚੱਲਣ। ਜਿਨ੍ਹਾਂ ਗਊਆਂ ਨੂੰ ਅਸੀਂ ਪੂਜਦੇ ਹਾਂ, ਇਹ ਉਨ੍ਹਾਂ ਨੂੰ ਉੱਥੇ ਭੇਜਣ ਲਈ ਸੋਚਦੇ ਹਨ।

ਮੈਂ ਸਮਝਦਾ ਹਾਂ ਕਿ ਅੱਜ ਜਿਨ੍ਹਾਂ ਨੂੰ ਅਸੀਂ ਆਵਾਰਾ ਗਊਆਂ ਕਹਿੰਦੇ ਹਾਂ, ਇਹ ਆਵਾਰਾ ਗਊਆਂ ਬਣੀਆਂ ਕਿਵੇਂ? ਜਿਨ੍ਹਾਂ ਦਾ ਅਸੀਂ ਦੁੱਧ ਪੀਂਦੇ ਸੀ, ਘਰਾਂ ਵਿੱਚ ਰੱਖਦੇ ਸੀ, ਅੱਜ ਉਹ ਕਿਹੜੇ ਲੋਕ ਹਨ, ਜਿਨ੍ਹਾਂ ਨੇ ਇਸ ਪਾਲਤੂ ਪਸ਼ੂ ਨੂੰ ਆਵਾਰਾ ਪਸ਼ੂ ਬਣਾਇਆ ਹੈ?  ਇਸ ਵਿੱਚ ਕਿਤੇ ਨਾ ਕਿਤੇ ਸਾਡੀ ਸਰਕਾਰਾਂ ਦੀ ਨਾਲਾਇਕੀ ਹੈ, ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਅੱਜ ਸੈਂਕੜੇ ਹੀ ਨਹੀਂ, ਹਜ਼ਾਰਾਂ ਦੀ ਗਿਣਤੀ ਵਿੱਚ ਸੈੱਸ ਰਾਹੀਂ ਪੈਸਾ ਇਕੱਠਾ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਹੀ ਪਾਸੇ ਕਿਉਂ ਨਹੀਂ ਲਗਾਇਆ ਜਾਂਦਾ? ਮੈਂ ਸਮਝਦਾ ਹਾਂ ਕਿ ਜਿੰਨੀ ਕੁ ਗਿਣਤੀ ਦੱਸੀ ਗਈ ਹੈ ਜੇਕਰ ਸਰਕਾਰਾਂ ਇਸ ਪ੍ਰਤੀ ਸਿਨਸਿਅਰ ਹੋਣ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਸੰਭਾਲ ਕੀਤੀ ਜਾ ਸਕਦੀ ਹੈ। ਅੱਜ ਪਿੰਡਾਂ ਵਿੱਚ ਜਿੰਨੀਆਂ ਵੀ ਚਰਾਂਦਾਂ ਸਨ, ਉਨ੍ਹਾਂ ਤੇ ਲੋਕਾਂ ਦੇ ਕਬਜ਼ੇ ਹਨ। ਕਿਸੇ ਨੇ ਉਹ ਚਰਾਂਦਾਂ ਸੋਚ-ਸਮਝ ਕੇ ਛੱਡੀਆਂ ਹੋਣਗੀਆਂ। ਹਰ ਪਿੰਡ ਵਿੱਚ ਇਸ ਤਰ੍ਹਾਂ ਦੀ ਸਰਕਾਰੀ ਜ਼ਮੀਨ ਪਈ ਹੈ, ਉਨ੍ਹਾਂ ਚਰਾਂਦਾਂ ਦੇ ਆਲੇ-ਦੁਆਲੇ ਫੈਂਸਿੰਗ ਕਰਕੇ ਉਨ੍ਹਾਂ ਆਵਾਰਾ ਪਸ਼ੂਆਂ ਨੂੰ ਉੱਥੇ ਛੱਡਣਾ ਚਾਹੀਦਾ ਹੈ। ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਜਿੱਥੇ ਜਿੱਥੇ ਅਸੀਂ ਗਊਸ਼ਾਲਾਵਾਂ ਬਣਾਈਆਂ ਹਨ, ਉਨ੍ਹਾਂ ਲਈ ਫੰਡਜ਼ ਪਰਾਪਰ ਨਹੀਂ ਮਿਲਦੇ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਿਹੜੀ ਸਰਕਾਰੀ ਗਊਸ਼ਾਲਾ ਹੈ, ਉਸ ਦੀ ਕਪੈਸਿਟੀ 250 ਦੇ ਕਰੀਬ ਹੈ। ਉਸ ਗਊਸ਼ਾਲਾ ਦਾ ਬਿਜਲੀ ਦਾ ਬਿੱਲ ਜਾਂ ਜੇਕਰ ਗਾਂਵਾਂ ਬਿਮਾਰ ਹੋ ਜਾਣ ਤਾਂ ਉਨ੍ਹਾਂ ਨੂੰ ਦਵਾਈ ਦੇਣ ਲਈ ਸਰਕਾਰ ਵੱਲੋਂ ਕੋਈ ਪੈਸਾ ਨਹੀਂ ਦਿੱਤਾ ਜਾਂਦਾ। ਇਸ ਵਿੱਚ ਇੱਕ ਵੱਡੀ ਗੱਲ ਵਾਰ ਵਾਰ ਇਹ ਆ ਰਹੀ ਹੈ ਕਿ ਅਸੀਂ ਪਸ਼ੂ ਇੱਕ ਪਾਸੇ ਤੋਂ ਫੜਦੇ ਹਾਂ ਅਤੇ ਦੂਜੇ ਪਾਸੇ ਛੱਡ ਆਉਂਦੇ ਹਾਂ। ਜਿਹੜੀਆਂ ਗਊਸ਼ਾਲਾਵਾਂ ਦੇ ਮਾਲਕ ਹਨ, ਜਿਹੜੇ ਇਨ੍ਹਾਂ ਨੂੰ ਚਲਾਉਂਦੇ ਹਨ, ਜਦੋਂ ਕੋਈ ਉੱਥੇ ਗਊ ਲੈ ਕੇ ਜਾਂਦਾ  ਹੈ ਉਸ ਤੋਂ ਪ੍ਰਤੀ ਗਾਂ 2000/- ਤੋਂ 3000/- ਰੁਪਏ ਚਾਰਜ ਕੀਤੇ ਜਾਂਦੇ ਹਨ। 50-60 ਗਊਆਂ ਹਰ ਰੋਜ਼ ਆਉਂਦੀਆਂ ਹਨ ਅਤੇ ਹਰ ਰੋਜ਼ ਹੀ ਉਹ 50-60 ਗਊਆਂ ਕਿਸੇ ਹੋਰ ਪਾਸੇ ਛੱਡ ਆਉਂਦੇ ਹਨ। ਉਨ੍ਹਾਂ ਨੇ ਗਊਸ਼ਾਲਾਵਾਂ ਨੂੰ ਇੱਕ ਧੰਦਾ ਬਣਾਇਆ ਹੋਇਆ ਹੈ। ਮੈਂ ਇਸ ਲਈ ਇੱਕ ਹੱਲ ਜ਼ਰੂਰ ਦੱਸਾਂਗਾ ਕਿਉਂਕਿ ਜਿਸ ਪ੍ਰੋਫੈਸ਼ਨ ਵਿੱਚੋਂ ਮੈਂ ਹਾਂ, ਇਹ ਦੇਖਿਆ ਗਿਆ ਕਿ ਜਿਹੜੇ ਵੈਟਰਨਰੀ ਡਾਕਟਰ ਹਨ ਉਹ ਇਹ ਗੱਲ ਕਹਿੰਦੇ ਹਨ ਕਿ ਕਈ ਗਾਵਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਕਿ ਦੁੱਧ ਦੇਣ ਦੀ ਉਮਰ ਵਿੱਚ ਹਨ। ਜੇਕਰ ਅਸੀਂ ਉਨ੍ਹਾਂ ਨੂੰ ਹਾਰਮੋਨਜ਼ ਦੇ

Under Print
Not for Legal/Official use

ਦੇਈਏ ਤਾਂ ਅਸੀਂ ਉਨ੍ਹਾਂ ਤੋਂ ਹਰ ਰੋਜ਼ 10 ਤੋਂ 11 ਲੀਟਰ ਦੁੱਧ ਲੈ ਸਕਦੇ ਹਾਂ। ਇਸ ਵਿੱਚ ਉਨ੍ਹਾਂ ਨੇ ਸਟੱਡੀ ਵੀ ਕੀਤੀ ਹੈ ਕਿ ਅਸੀਂ ਲੋਕਾਂ ਵੱਲੋਂ ਛੱਡੀਆਂ ਗਾਵਾਂ ਵਿੱਚੋਂ ਅੱਧੀਆਂ ਗਾਵਾਂ ਦੁਬਾਰਾ ਕਿਸਾਨਾਂ ਨੂੰ ਦੇ ਸਕਦੇ ਹਾਂ। ਇਸ ਵਿੱਚ ਲੋੜ ਕੀ ਹੈ? ਸਰਕਾਰ ਉੱਥੇ ਕੀ ਰੋਲ ਅਦਾ ਕਰ ਸਕਦੀ ਹੈ? ਜਿਹੜੇ ਹਾਰਮੋਨਜ਼ ਦਿੱਤੇ ਜਾਂਦੇ ਹਨ, ਉਹ ਹਾਰਮੋਨਜ਼ ਪਹਿਲਾਂ 10 ਦਿਨ ਲਈ, ਫਿਰ ਦੋ ਦਿਨ ਦਾ ਵਕਫਾ ਫਿਰ ਸਟੀਰਾਇਡਜ਼ ਦਿੱਤੇ ਜਾਂਦੇ ਹਨ। ਉਸ ਤੇ ਜਿਹੜਾ ਖਰਚਾ ਆਉਂਦਾ ਹੈ ਉਹ ਦੋ-ਢਾਈ ਹਜ਼ਾਰ ਰੁਪਏ ਦਾ ਹੈ। ਮੈਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਕਿੱਥੇ ਅਸੀਂ ਉਨ੍ਹਾਂ ਨੂੰ ਵੱਢਣ ਨੂੰ ਫਿਰਦੇ ਹਾਂ, ਸਾਡੇ ਮੁਲਕ ਵਿੱਚ ਸਾਡੇ ਸੂਬੇ ਵਿੱਚ ਅੱਜ ਵੀ ਦੁੱਧ ਦੀ ਬਹੁਤ ਵੱਡੀ ਘਾਟ ਹੈ। ਜੇਕਰ ਅਸੀਂ ਉਹ ਦੋ-ਢਾਈ ਹਜ਼ਾਰ ਰੁਪਿਆ ਲਗਾ ਕੇ........

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਰ, ਪੁਆਇੰਟ ਆਫ ਆਰਡਰ। ਅੱਜ ਵਿਧਾਨ ਸਭਾ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਡਿਸਕਸ ਹੋ ਰਿਹਾ ਹੈ। ਮੇਰੀ ਬੇਨਤੀ ਹੈ ਕਿ ਸਿਰਫ ਪੰਜ ਮਿੰਟ ਰਹਿ ਗਏ ਹਨ ਅਤੇ ਇਸ ਮੁੱਦੇ ਨੇ ਇਸੇ ਤਰ੍ਹਾਂ ਹੀ ਟਾਕ ਆਊਟ ਹੋ ਜਾਣਾ ਹੈ। ਇਨ੍ਹਾਂ ਦੀ ਭਾਵਨਾ ਬਹੁਤ ਜਾਇਜ਼ ਹੈ ਪਰ ਇਸ ਦਾ ਹੱਲ ਗਲਤ ਦੱਸਿਆ ਗਿਆ ਹੈ।

**ਸ਼੍ਰੀ ਐਨ.ਕੇ.ਸ਼ਰਮਾ (ਬੈਠੇ-ਬੈਠੇ):** ਫਿਰ ਸਲਾਟਰ ਹਾਊਸ ਬਣਾਉਣ ਦੀ ਜਿਹੜੀ ਗੱਲ ਹੈ?

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਨਹੀਂ ਜੀ। ਪਹਿਲਾਂ ਪੂਰੀ ਗੱਲ ਸੁਣ ਤਾਂ ਲਓ। ਮੈਨੂੰ ਪੂਰਾ ਬੋਲ ਤਾਂ ਲੈਣ ਦਿਓ... ਮੈਨੂੰ ਪੂਰਾ ਬੋਲ ਤਾਂ ਲੈਣ ਦਿਓ। (ਵਿਘਨ...ਸ਼ੋਰ)

**ਸ਼੍ਰੀ ਸਭਾਪਤੀ:** ਚੰਨੀ ਸਾਹਿਬ ਦਾ ਪੁਆਇੰਟ ਆਫ ਆਰਡਰ ਹੈ, ਬੋਲਣ ਦਿਓ। ਸ਼ਰਮਾ ਜੀ, ਬੈਠ ਜਾਓ, ਪਲੀਜ਼। (ਵਿਘਨ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸੁਣੋ, ਸੁਣੋ। (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਚੰਨੀ ਸਾਹਿਬ, please address the chair.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਚੇਅਰਮੈਨ ਸਾਹਿਬ, ਮੈਂ ਇਹ ਕਿਹਾ ਹੈ ਕਿ ਜਿਹੜੇ ਐਕਸੀਡੈਂਟ ਹੁੰਦੇ ਹਨ, ਉਸ ਬਾਰੇ ਇਨ੍ਹਾਂ ਦੀ ਭਾਵਨਾ ਜਾਇਜ਼ ਹੈ ਪਰ ਇਨ੍ਹਾਂ ਨੇ ਹੱਲ ਗਲਤ ਦੱਸ ਦਿੱਤਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ.ਸ਼ਰਮਾ ਆਪਣੀ ਸੀਟ ਤੇ ਖੜੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਮੈਂ ਕਹਿ ਰਿਹਾ ਹਾਂ ਕਿ ਇਨ੍ਹਾਂ ਨੇ ਹੱਲ ਗਲਤ ਦੱਸ ਦਿੱਤਾ ਹੈ।

**ਸ਼੍ਰੀ ਸਭਾਪਤੀ:** ਚੰਨੀ ਸਾਹਿਬ, ਪਲੀਜ਼।

Under Print
Not for Legal/Official use

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਇਨ੍ਹਾਂ ਨੇ ਹੱਲ ਗਲਤ ਦੱਸ ਦਿੱਤਾ ਹੈ। ਮੈਂ 13 ਸਾਲ ਤੋਂ ਵਿਧਾਨ ਸਭਾ ਦਾ ਮੈਂਬਰ ਹਾਂ, ਇਹ ਵੀ ਮੈਂਬਰ ਹਨ। ਮੈਂ ਇਸ ਮੁੱਦੇ ਤੇ 13 ਵਾਰ ਬਹਿਸ ਕਰ ਚੁੱਕਾ ਹਾਂ ਅਤੇ ਹਰ ਵਾਰ ਇਹ ਮੁੱਦਾ ਟਾਕ ਆਊਟ ਹੋ ਜਾਂਦਾ ਹੈ। ਸਾਡੀ ਸਰਕਾਰ ਚਾਹੁੰਦੀ ਹੈ ਕਿ ਅੱਜ ਇਸ ਤੇ ਕੋਈ ਨਿਰਣਾ ਹੋ ਜਾਵੇ। ਸਾਰੇ ਮੈਂਬਰ ਇਹ ਚਾਹੁੰਦੇ ਹਨ, ਇੱਧਰਲੇ ਦੇ ਮੈਂਬਰ ਵੀ ਚਾਹੁੰਦੇ ਹਨ ਅਤੇ ਉੱਧਰਲੇ ਦੇ ਮੈਂਬਰ ਵੀ ਚਾਹੁੰਦੇ ਹਨ। ਸਰ, ਇਸ ਬਾਰੇ ਮੈਂ ਅਮਨ ਅਰੋੜਾ ਜੀ ਅਤੇ ਜਿਨ੍ਹਾਂ ਨੇ ਵੀ ਇਹ ਮਤਾ ਲਿਆਂਦਾ ਹੈ, ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਮਤੇ ਨੂੰ ਸੋਧ ਲਓ ਅਤੇ ਜਿਹੜੀ ਸਲਾਟਰ ਹਾਊਸ ਵਾਲੀ ਗੱਲ ਹੈ, ਗਊਆਂ ਨੂੰ ਮਾਰਨ ਵਾਲੀ ਗੱਲ ਹੈ, ਅਮਰੀਕਨ ਸਾਨ੍ਹਾਂ ਨੂੰ ਮਾਰਨ ਵਾਲੀ ਗੱਲ ਹੈ, ਉਹ ਇਸ ਵਿੱਚੋਂ ਖਤਮ ਕਰ ਲਈਏ।

**ਸ਼੍ਰੀ ਸਭਾਪਤੀ:** ਚੰਨੀ ਸਾਹਿਬ, thank you। ਡਾਕਟਰ ਸਾਹਿਬ please continue.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਇੱਕ ਮਿੰਟ ਸਰ। ਅਸੀਂ ਇਸ ਨੂੰ ਅਮੈਂਡ ਕਰਵਾ ਕੇ ਪਾਸ ਕਰਵਾਉਣਾ ਚਾਹੁੰਦੇ ਹਾਂ।

**ਸ਼੍ਰੀ ਸਭਾਪਤੀ:** ਚੰਨੀ ਜੀ, ਤੁਹਾਡਾ ਪੁਆਇੰਟ ਆ ਗਿਆ ਹੈ...(ਵਿਘਣ,ਸ਼ੋਰ) ਪੁਆਇੰਟ ਆ ਗਿਆ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਉਨ੍ਹਾਂ ਨੂੰ ਮੌਕਾ ਦਿਓ, ਉਹ ਚਾਹੁੰਦੇ ਹਨ ਕਿ ਜਿਹੜਾ ਅਵਾਰਾ ਪਸ਼ੂਆਂ ਨਾਲ ਨੁਕਸਾਨ ਹੋ ਰਿਹਾ ਹੈ, ਉਸ ਦਾ ਹੱਲ ਹੋ ਜਾਵੇ।

**ਸ਼੍ਰੀ ਸਭਾਪਤੀ:** ਚੰਨੀ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ, ਪਲੀਜ਼। (ਵਿਘਨ,ਸ਼ੋਰ)

**ਸ਼੍ਰੀ ਅਮਨ ਅਰੋੜਾ:** ਚੇਅਰਮੈਨ ਸਾਹਿਬ, ਮੈਂ ਅਮੈਂਡ ਕਰ ਦਿੰਦਾ ਹਾਂ ਜੀ। (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਪਹਿਲਾਂ ਉਨ੍ਹਾਂ ਨੂੰ ਆਪਣੀ ਸਪੀਚ ਕੰਪਲੀਟ ਕਰ ਲੈਣ ਦਿਓ ਜੀ। ਫਿਰ ਟਾਈਮ ਦੇ ਦਿੰਦੇ ਹਾਂ।

(ਇਸ ਸਮੇਂ ਤਕਨੀਕੀ ਸਿੱਖਿਆ ਮੰਤਰੀ, ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸ਼੍ਰੀ ਸਭਾਪਤੀ:** ਡਾਕਟਰ ਸਾਹਿਬ, ਇਨ੍ਹਾਂ ਨੂੰ ਅਮੈਂਡਮੈਂਟ ਕਰ ਲੈਣ ਦਿਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਚੇਅਰਮੈਨ ਸਾਹਿਬ, ਇਨ੍ਹਾਂ ਨੇ ਲਿਖਿਆ ਹੈ ਕਿ "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਦਿਨ ਪ੍ਰਤੀ ਦਿਨ ਵਿਕਰਾਲ ਹੁੰਦੀ ਜਾ ਰਹੀ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਮਕਸਦ ਨਾਲ ਦੇਸੀ ਨਸਲ ਦੀਆਂ ਗਾਵਾਂ ਦੀ ਗਊਸ਼ਾਲਾਵਾਂ ਵਿੱਚ ਸੰਭਾਲ ਕੀਤੀ ਜਾਵੇ।" ਇਸ ਤੋਂ ਬਾਅਦ ਜਿਹੜੀ ਗੱਲ ਹੈ, ਜੇ ਇਹ ਚਾਹੁੰਦੇ ਹਨ ਤਾਂ ਉਹ ਖਤਮ ਕਰ ਦਿਓ। ਜੇ ਇਸ ਨੂੰ ਪਾਸ ਕਰਵਾਉਣਾ ਚਾਹੁੰਦੇ ਹੋ ਤਾਂ ਇਸ ਨੂੰ ਸਹੀ ਤਰੀਕੇ ਨਾਲ ਅਮੈਂਡ ਕਰੋ।

Under Print
Not for Legal/Official use

**ਸ਼੍ਰੀ ਸਭਾਪਤੀ:** ਚੰਨੀ ਜੀ, thank you. ਬੈਠ ਜਾਓ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਬਾਕੀ ਗਊਆਂ ਕਿੱਥੇ ਜਾਣਗੀਆਂ? (ਵਿਘਨ, ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਨਹੀਂ, ਨਹੀਂ, ਮੈਂ ਕਹਿ ਰਿਹਾ ਹਾਂ ਕਿ ਸਾਰੇ ਅਵਾਰਾ ਪਸ਼ੂਆਂ ਦਾ ਸਰਕਾਰ ਸਹੀ ਤਰੀਕੇ ਨਾਲ ਹੱਲ ਕਰੇ। (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਅਮਨ ਜੀ, ਤੁਸੀਂ ਅਮੈਂਡਮੈਂਟ ਕਰ ਲਓ। (ਵਿਘਨ...) ਅਮਨ ਜੀ ਦਾ ਮਾਈਕ ਖੋਲ ਦਿਓ। (ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਇੱਕ ਮਿੰਟ,ਮੰਤਰੀ ਜੀ ਨੂੰ ਬੋਲ ਲੈਣ ਦਿਓ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਤੁਸੀਂ ਇਹ ਕਹੋ ਕਿ ਚਾਹੇ ਉਹ ਦੇਸੀ ਹੈ, ਚਾਹੇ ਉਹ ਵਲਾਇਤੀ ਹੈ, ਜਿਹੜੇ ਵੀ ਪਸ਼ੂ ਹਨ, ਉਹ ਅਸੀਂ ਸਲਾਟਰ ਹਾਊਸ ਨਹੀਂ ਲੈ ਕੇ ਜਾਣੇ ਹਨ, ਅਸੀਂ ਉਨ੍ਹਾਂ ਨੂੰ ਵੈਸੇ ਹੀ ਸੰਭਾਲਣਾ ਹੈ। ਸਿੱਧੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਦੀ ਸਾਂਭ-ਸੰਭਾਲ ਸਹੀ ਤਰੀਕੇ ਨਾਲ ਕੀਤੀ ਜਾਵੇ। (ਵਿਘਨ)

**ਸ਼੍ਰੀ ਸਭਾਪਤੀ:** ਸਿੱਧੂ ਸਾਹਿਬ, ਉਹ ਮਤੇ ਵਿੱਚ ਸੋਧ ਲਿਆਉਣ ਲੱਗੇ ਹਨ।

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਮੰਤਰੀ ਜੀ ਦੀ ਗੱਲ ਨਾਲ 100% ਸਹਿਮਤ ਹਾਂ, ਇਹ ਮੈਨੂੰ ਸਿਰਫ ਟਾਈਮ ਬਾਊਂਡ ਕਰ ਦੇਣ ਕਿ ਜਿੰਨੇ ਵੀ ਅਵਾਰਾ, ਬੇਸਹਾਰਾ ਜਾਨਵਰ ਸੜਕਾਂ ਤੇ ਫਿਰਦੇ ਹਨ, ਉਨ੍ਹਾਂ ਨੂੰ ਕਿੰਨੀ ਦੇਰ ਵਿੱਚ ਸਾਂਭ ਲਓਗੇ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਉਹ ਯਤਨ ਜਾਰੀ ਰਹਿਣਗੇ। ਤੁਸੀਂ ਦੱਸੋ ਜੇ ਤੁਸੀਂ ਇਹ ਕਰਵਾਉਣਾ ਚਾਹੁੰਦੇ ਹੋ, ਅਸੀਂ ਤਾਂ ਲੱਗੇ ਹੋਏ ਹਾਂ। (ਵਿਘਨ, ਸ਼ੋਰ)

**ਸ਼੍ਰੀ ਸਭਾਪਤੀ:** ਅਮਨ ਜੀ, ਅਮਨ ਜੀ।(ਵਿਘਨ,ਸ਼ੋਰ) ਇੱਕ ਮਿੰਟ ਅਮਨ ਜੀ, ਬੈਠ ਜਾਓ। ਡਾਕਟਰ ਸਾਹਿਬ, ਤੁਸੀਂ ਕੰਟੀਨਿਊ ਕਰੋ। (ਵਿਘਨ) ਉਨ੍ਹਾਂ ਨੂੰ ਗੱਲ ਕਰ ਲੈਣ ਦਿਓ। (ਵਿਘਨ,ਸ਼ੋਰ) ਕੋਈ ਗੱਲ ਨਹੀਂ ਰੋੜੀ ਸਾਹਿਬ, ਇਸ ਤਰ੍ਹਾਂ ਨਾ ਕਰੋ। (ਵਿਘਨ, ਸ਼ੋਰ)

**ਸ਼੍ਰੀ ਅਮਨ ਅਰੋੜਾ:** ਮੈਂ ਅਮੈਂਡਮੈਂਟ ਲਿਆਉਂਦਾ ਹਾਂ ਕਿ ਕੋਈ ਵੀ ਜਾਨਵਰ ਸਲਾਟਰ ਹਾਊਸ ਵਿੱਚ ਨਹੀਂ ਜਾਵੇਗਾ ਪਰ ਸਰਕਾਰ ਟਾਈਮ ਬਾਊਂਡ ਤਰੀਕੇ ਨਾਲ ਹੱਲ ਕਰੇ ਕਿਉਂਕਿ ਤੁਸੀਂ ਨੌ ਆਈਟਮਾਂ ਦੇ ਉੱਪਰ ਕਾਓ ਸੈੱਸ ਲੈਂਦੇ ਹੋ। (ਵਿਘਨ,ਸ਼ੋਰ)

**ਸ਼੍ਰੀ ਸਭਾਪਤੀ:** ਅਮਨ ਜੀ, please address the Chair. (intaruptions)

**ਸ਼੍ਰੀ ਅਮਨ ਅਰੋੜਾ:** ਸਰ, ਨੌਂ ਆਈਟਮਾਂ ਦੇ ਉੱਪਰ ਕਾਓ ਸੈੱਸ ਲਿਆ ਜਾਂਦਾ ਹੈ। (ਵਿਘਨ, ਸ਼ੋਰ)

**ਸ਼੍ਰੀ ਸਭਾਪਤੀ:** ਡਾਕਟਰ ਸਾਹਿਬ, ਤੁਸੀਂ ਕੰਟੀਨਿਊ ਕਰੋ।

Under Print
Not for Legal/Official use

(ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ), ਤਕਨੀਕੀ ਸਿੱਖਿਆ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ), ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ), ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ:** ਬੈਠ ਜਾਓ, ਪਲੀਜ਼। (ਵਿਘਨ,ਸ਼ੋਰ) ਡਾਕਟਰ ਸਾਹਿਬ, ਕੰਟੀਨਿਊ ਕਰੋ। ਜੋ ਕੁਝ ਵੀ ਆਗਿਆ ਤੋਂ ਬਿਨਾਂ ਕਹਿ ਰਹੇ ਹਨ, ਉਹ ਐਕਸਪੰਜ ਕੀਤਾ ਜਾਵੇ। (ਵਿਘਨ) ਅਮਨ ਜੀ, ਬੈਠ ਜਾਓ..., ਅਮਨ ਜੀ, ਬੈਠ ਜਾਓ, ਪਲੀਜ਼। (ਵਿਘਨ,ਸ਼ੋਰ)

**ਸ਼੍ਰੀ ਸੁਖਵਿੰਦਰ ਕੁਮਾਰ:** ਚੇਅਰਮੈਨ ਸਾਹਿਬ, ਇਹ ਹਰ ਧਰਮ ਦੇ ਲੋਕਾਂ ਨੂੰ ਆਪਸ ਵਿੱਚ ਲੜਾਉਣਗੇ ਅਤੇ ਲੋਕ ਇਨ੍ਹਾਂ ਨੂੰ ਕਦੇ ਮਾਫ ਨਹੀਂ ਕਰਨਗੇ ਕਿਉਂਕਿ ਇਨ੍ਹਾਂ ਦੀ ਸੋਚ ਕਿਤੇ ਨਾ ਕਿਤੇ.....

**ਸ਼੍ਰੀ ਸਭਾਪਤੀ:** ਹੁਣ ਸਦਨ ਸ਼ੁੱਕਰਵਾਰ, ਮਿਤੀ 28 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ ।

*2.30 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 28 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।

Under Print
Not for Legal/Official use

Under Print
Not for Legal/Official use